ਸ਼ਨੀਵਾਰ, 2 ਮਾਰਚ, 2024
19 ਫੱਗਣ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 272

# ਨਵਾਂ ਜ਼ਮਾਨਾ

DAILY NAWAN ZAMANA • SATURDAY, 2 MARCH, 2024 ਜਲੰਧਰ

You Tube nawan zamana TV

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਕਮਰਸ਼ੀਅਲ ਸਿਲੰਡਰ ਸਾਢੇ 25 ਰੁਪਏ ਮਹਿੰਗਾ



**ਨਵੀਂ ਦਿੱਲੀ** : ਤੇਲ ਮਾਰਕੀਟਿੰਗ ਕੰਪਨੀਆਂ ਨੇ ਕਮਰਸ਼ੀਅਲ ਗੈਸ ਸਿਲੰਡਰ ਦੀ ਕੀਮਤ 1 ਮਾਰਚ ਤੋਂ ਸਾਢੇ 25 ਰੁਪਏ ਵਧਾ ਦਿੱਤੀ ਹੈ। ਹੁਣ 19 ਕਿੱਲੋ ਦੇ ਸਿਲੰਡਰ ਦੀ ਦਿੱਲੀ 'ਚ ਪ੍ਰਚੂਨ ਵਿਕਰੀ ਕੀਮਤ 1795 ਰੁਪਏ ਹੋ ਗਈ ਹੈ।

## ਕਸ਼ਮੀਰ 'ਚ ਬਰਫਬਾਰੀ

**ਸ੍ਰੀਨਗਰ** : ਕਸ਼ਮੀਰ ਘਾਟੀ ਦੇ ਉੱਚੇ ਖੇਤਰਾਂ ਗੁਲਮਰਗ, ਤੰਗਮਰਗ ਅਤੇ ਦੂਧਪੱਥਰੀ 'ਚ ਵੀਰਵਾਰ ਸਾਰੀ ਰਾਤ ਬਰਫਬਾਰੀ ਹੋਈ। ਸ੍ਰੀਨਗਰ ਸਮੇਤ ਮੈਦਾਨੀ ਇਲਾਕਿਆਂ 'ਚ ਬਾਰਸ਼ ਹੋਈ। ਜ਼ਿਆਦਾਤਰ ਸਥਾਨਾਂ 'ਤੇ 3 ਮਾਰਚ ਤੱਕ ਦਰਮਿਆਨੀ ਬਾਰਸ਼ ਜਾਂ ਬਰਫਬਾਰੀ ਦੀ ਸੰਭਾਵਨਾ ਹੈ। ਸਕੂਲਾਂ ਦੀਆਂ ਸਰਦੀਆਂ ਦੀਆਂ ਛੁੱਟੀਆਂ ਵਧਾ ਦਿੱਤੀਆਂ ਗਈਆਂ ਹਨ। ਹੁਣ ਸੋਮਵਾਰ ਨੂੰ ਖੁੱਲ੍ਹਣਗੇ।

## ਬਾਪੂ ਦੀ ਨਹੀਂ ਹੋਈ ਸੁਣਵਾਈ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸਿਹਤ ਦੇ ਆਧਾਰ 'ਤੇ ਬਲਾਤਕਾਰ ਦੇ ਮਾਮਲੇ 'ਚ ਉਮਰ ਕੈਦ ਦੀ ਸਜ਼ਾ ਮੁਅੱਤਲ ਕਰਨ ਦੀ ਮੰਗ ਕਰਨ ਵਾਲੀ ਬਾਪੂ ਆਸਾ ਰਾਮ ਦੀ ਪਟੀਸ਼ਨ 'ਤੇ ਸ਼ੁੱਕਰਵਾਰ ਵਿਚਾਰ ਕਰਨ ਤੋਂ ਇਨਕਾਰ ਕਰ ਦਿੱਤਾ। ਸੁਪਰੀਮ ਕੋਰਟ ਨੇ ਆਸਾ ਰਾਮ ਨੂੰ ਪੁਲਸ ਹਿਰਾਸਤ ਦੌਰਾਨ ਮਹਾਰਾਸ਼ਟਰ ਦੇ ਹਸਪਤਾਲ 'ਚ ਇਲਾਜ ਕਰਵਾਉਣ ਲਈ ਰਾਜਸਥਾਨ ਹਾਈ ਕੋਰਟ ਜਾਣ ਲਈ ਕਿਹਾ।

## ਢਾਕਾ 'ਚ ਅੱਗ ਨਾਲ 45 ਮੌਤਾਂ

**ਢਾਕਾ** : ਬੰਗਲਾਦੇਸ਼ ਦੀ ਰਾਜਧਾਨੀ ਢਾਕਾ 'ਚ ਵੀਰਵਾਰ ਰਾਤ ਬੇਲੀ ਰੋਡ ਇਲਾਕੇ 'ਚ ਸੱਤ ਮੰਜ਼ਲਾ 'ਗ੍ਰੀਨ ਕੋਜ਼ੀ ਕਾਟੇਜ' 'ਚ ਅੱਗ ਲੱਗਣ ਕਾਰਨ 45 ਵਿਅਕਤੀਆਂ ਦੀ ਮੌਤ ਹੋ ਗਈ ਅਤੇ 22 ਜ਼ਖਮੀ ਹੋ ਗਏ। ਫਾਇਰ ਸਰਵਿਸ ਦੇ ਅਧਿਕਾਰੀਆਂ ਨੇ ਦੱਸਿਆ ਕਿ ਪਹਿਲੀ ਮੰਜ਼ਲ 'ਤੇ ਪ੍ਰਸਿੱਧ ਰੈਸਟੋਰੈਂਟ 'ਕੱਚੀ ਭਾਈ' ਵਿਚ ਰਾਤ ਕਰੀਬ 9.50 ਵਜੇ ਅੱਗ ਲੱਗੀ, ਜੋ ਤੇਜ਼ੀ ਨਾਲ ਉੱਪਰਲੀਆਂ ਮੰਜ਼ਲਾਂ ਤੱਕ ਫੈਲ ਗਈ। ਇਨ੍ਹਾਂ ਮੰਜ਼ਲਾਂ 'ਤੇ ਰੈਸਟੋਰੈਂਟ ਅਤੇ ਕੱਪੜਿਆਂ ਦੀਆਂ ਦੁਕਾਨਾਂ ਸਨ।

## ਸੰਗਰੂਰ ਆ ਰਹੇ ਵਪਾਰੀ ਦੀ ਹਰਿਆਣਾ 'ਚ ਹੱਤਿਆ

**ਰੋਹਤਕ** : ਰੋਹਤਕ ਜ਼ਿਲ੍ਹੇ ਦੇ ਲਖਨ ਮਾਜਰਾ ਕਸਬੇ ਨੇੜੇ ਵੀਰਵਾਰ ਰਾਤ ਹਮਲਾਵਰਾਂ ਨੇ ਗੁਰੂਗ੍ਰਾਮ ਦੇ ਵਪਾਰੀ ਸਚਿਨ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਉਹ ਆਪਣੇ ਪਰਵਾਰ ਨਾਲ ਸੰਗਰੂਰ ਵਿਆਹ 'ਚ ਸ਼ਾਮਲ ਹੋਣ ਜਾ ਰਿਹਾ ਸੀ। ਹਮਲਾ ਉਦੋਂ ਹੋਇਆ ਜਦੋਂ ਉਹ ਰੈਸਟੋਰੈਂਟ 'ਚ ਰੁਕਿਆ ਸੀ। ਹਮਲਾਵਰ ਇੱਕ ਕਾਰ 'ਚ ਉੱਥੇ ਪਹੁੰਚੇ ਅਤੇ ਗੋਲੀਆਂ ਚਲਾ ਦਿੱਤੀਆਂ। ਮਾਂ ਦਰਸ਼ਨਾ ਵੀ ਸਚਿਨ ਨੂੰ ਬਚਾਉਂਦੀ ਜ਼ਖਮੀ ਹੋ ਗਈ।

## 39125 ਕਰੋੜ ਦੇ ਰੱਖਿਆ ਸੌਦੇ

**ਨਵੀਂ ਦਿੱਲੀ** : ਰੱਖਿਆ ਮੰਤਰਾਲੇ ਨੇ ਸ਼ੁੱਕਰਵਾਰ 39,125 ਕਰੋੜ ਰੁਪਏ ਦੇ ਪੰਜ ਫੌਜੀ ਖਰੀਦ ਸੌਦਿਆਂ 'ਤੇ ਦਸਤਖਤ ਕੀਤੇ। ਮੰਤਰਾਲੇ ਮੁਤਾਬਕ ਇਨ੍ਹਾਂ 'ਚੋਂ ਇਕ ਸਮਝੌਤਾ ਹਿੰਦੁਸਤਾਨ ਐਰੋਨਾਟਿਕਸ ਲਿਮਟਿਡ (ਐੱਚ ਏ ਐੱਲ) ਨਾਲ ਹੋਇਆ ਹੈ, ਜਿਸ ਤਹਿਤ ਮਿਗ-29 ਜਹਾਜ਼ਾਂ ਲਈ ਇੰਜਣ ਖਰੀਦੇ ਜਾਣਗੇ। ਲਾਰਸਨ ਐਂਡ ਟੂਬਰੋ ਲਿਮਟਿਡ ਨਾਲ ਦੋ ਸਮਝੌਤਿਆਂ 'ਤੇ ਦਸਤਖਤ ਕੀਤੇ ਗਏ ਹਨ, ਜਿਸ ਤਹਿਤ 'ਕਲੋਜ਼-ਇਨ ਵੈਪਨ ਸਿਸਟਮ' ਅਤੇ ਉੱਚ ਪੱਧਰੀ ਰਾਡਾਰ ਦੀ ਖਰੀਦ ਕੀਤੀ ਜਾਵੇਗੀ। ਬ੍ਰਹਮੋਸ ਮਿਜ਼ਾਈਲਾਂ ਦੀ ਖਰੀਦ ਲਈ ਬ੍ਰਹਮੋਸ ਏਰੋਸਪੇਸ ਪ੍ਰਾਈਵੇਟ ਲਿਮਟਿਡ ਨਾਲ ਦੋ ਸੌਦਿਆਂ 'ਤੇ ਸਮਝੌਤਾ ਹੋਇਆ ਹੈ।

## ਰੰਗਦਾਰ ਵਿਸ਼ੇਸ਼ ਸਪਲੀਮੈਂਟ



ਜਗਦੀਸ਼ ਰਾਏ
ਮਾਛੀਵਾੜਾ
98552-08112



ਸ਼ੈਂਕੀ ਸ਼ਰਮਾ
ਮਾਛੀਵਾੜਾ
98557-76622



ਹਰਸ਼ ਕੁਮਾਰ
ਮਾਛੀਵਾੜਾ
95018-19055

ਮਾਛੀਵਾੜਾ ਤੋਂ ਸ਼ਿਵਰਾਤਰੀ ਮੌਕੇ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਇਨ੍ਹਾਂ ਪੱਤਰਕਾਰਾਂ ਨਾਲ ਸੰਪਰਕ ਕੀਤਾ ਜਾਵੇ।

-ਜਨਰਲ ਮੈਨੇਜਰ

## ਪੱਤਰਕਾਰਾਂ ਲਈ ਸੂਚਨਾ

'ਨਵਾਂ ਜ਼ਮਾਨਾ' ਦੇ ਜਿਨ੍ਹਾਂ ਪ੍ਰਤੀਨਿਧਾਂ ਦੇ ਸ਼ਨਾਖਤੀ ਕਾਰਡ ਦੀ ਮਿਆਦ ਲੰਘ ਚੁੱਕੀ ਹੈ, ਉਨ੍ਹਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪੋ-ਆਪਣੇ ਕਾਰਡ ਜਲਦੀ ਤੋਂ ਜਲਦੀ 'ਨਵਾਂ ਜ਼ਮਾਨਾ' ਦਫਤਰ ਆ ਕੇ ਬਾਅਦ ਦੁਪਹਿਰ ਸ਼ੁੱਕਰਵਾਰ ਅਤੇ ਸੋਮਵਾਰ ਨੂੰ 2 ਵਜੇ ਤੋਂ ਸ਼ਾਮ 5 ਵਜੇ ਤੱਕ ਨਵਿਆਉਣ। ਪਿਛਲੇ ਸਾਲ ਦੀ ਅਧਿਕਾਰਤ ਪੱਤਰ ਦੀ ਕਾਪੀ ਨਾਲ ਲਿਆਉਣ। -ਮੈਨੇਜਰ

# ਪਿੰਡਾਂ, ਗਰੀਬਾਂ, ਮਜ਼ਦੂਰਾਂ ਤੇ ਕਿਸਾਨਾਂ ਦੀ ਹਾਲਤ ਖਰਾਬ : ਗਡਕਰੀ



**ਨਵੀਂ ਦਿੱਲੀ** : ਸੀਨੀਅਰ ਕੇਂਦਰੀ ਮੰਤਰੀ ਤੇ ਭਾਜਪਾ ਦੇ ਸਾਬਕਾ ਕੌਮੀ ਪ੍ਰਧਾਨ ਨਿਤਿਨ ਗਡਕਰੀ ਦੇ ਇੱਕ ਬਿਆਨ ਨੂੰ ਕਾਂਗਰਸ ਨੇ ਸਾਂਝਾ ਕੀਤਾ ਹੈ ਜਿਸ ਵਿਚ ਉਨ੍ਹਾ ਕਿਹਾ ਕਿ ਪਿੰਡਾਂ, ਗਰੀਬਾਂ, ਮਜ਼ਦੂਰਾਂ ਤੇ ਕਿਸਾਨਾਂ ਦੀ ਹਾਲਤ ਖਰਾਬ ਹੈ।

ਗਡਕਰੀ ਨੇ ਇੰਡੀਆ ਟੂਡੇ ਦੀ ਹਿੰਦੀ ਵੈੱਬਸਾਈਟ 'ਲੱਲਨ ਟਾਪ' ਨੂੰ ਦਿੱਤੀ ਇੰਟਰਵਿਊ ਵਿਚ ਕਿਹਾ-ਅੱਜ ਪਿੰਡ, ਗਰੀਬ, ਮਜ਼ਦੂਰ ਤੇ ਕਿਸਾਨ ਦੁਖੀ ਹਨ। ਪਿੰਡਾਂ ਵਿਚ ਚੰਗੀਆਂ ਸੜਕਾਂ ਨਹੀਂ, ਪੀਣ ਲਈ ਸ਼ੁੱਧ ਪਾਣੀ ਨਹੀਂ, ਚੰਗੇ ਹਸਪਤਾਲ ਨਹੀਂ ਤੇ ਚੰਗੇ ਸਕੂਲ ਨਹੀਂ।

ਗਡਕਰੀ ਨੇ ਕਿਹਾ-ਹਰਿਆਣਾ ਤੇ ਪੰਜਾਬ ਵਿਚ ਕਣਕ ਤੇ ਚੌਲ ਰੱਖਣ ਲਈ ਸਾਨੂੰ ਰੇਲਵੇ ਪਲੇਟਫਾਰਮ ਇਸਤੇਮਾਲ ਕਰਨੇ ਪਏ। ਸਾਡੇ ਕੋਲ ਭੰਡਾਰਨ ਸਮਰੱਥਾ ਨਹੀਂ ਹੈ। ਖਾਦਾਂ ਦੀਆਂ ਕੀਮਤਾਂ ਵਧ ਗਈਆਂ ਹਨ। ਸੀਮਿੰਟ ਤੇ ਸਟੀਲ ਦੀਆਂ ਕੀਮਤਾਂ ਵਧ ਗਈਆਂ ਹਨ, ਪਰ ਅਨਾਜ ਦੀਆਂ ਕੀਮਤਾਂ ਵਿਚ ਫਰਕ ਨਹੀਂ ਪਿਆ। 20 ਸਾਲ ਪਹਿਲਾਂ ਤੇ ਅੱਜ ਦੇ ਭਾਅ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਚੌਲਾਂ ਦੇ ਭਾਅ ਵਿਚ ਕਿੰਨਾ ਫਰਕ ਪਿਆ। ਬਹੁਤਾ ਵਾਧਾ ਨਹੀਂ ਹੋਇਆ। ਇਸ ਕਾਰਨ ਖੇਤੀ ਆਰਥਕ ਤੌਰ 'ਤੇ ਪਾਇਦਾਰ ਨਹੀਂ ਰਹੀ।

ਯੂਥ ਕਾਂਗਰਸ ਨੇਤਾ ਸ੍ਰੀਨਿਵਾਸ ਬੀਵੀ ਨੇ ਕਿਹਾ ਹੈ-ਮੈਨੂੰ ਲੱਗਦਾ ਹੈ ਕਿ ਨਿਤਿਨ ਗਡਕਰੀ 'ਤੇ ਹੁਣ ਕਾਰਵਾਈ ਹੋਵੇਗੀ, ਉਨ੍ਹਾ ਨੂੰ ਦੇਸ਼ਧ੍ਰੋਹੀ ਵੀ ਕਿਹਾ ਜਾ ਸਕਦਾ ਹੈ। ਕਿਸਾਨਾਂ ਦੇ ਹੱਕ ਵਿਚ ਖੜ੍ਹੇ ਹੋ ਕੇ ਉਹ ਸਿੱਧੇ ਤੌਰ 'ਤੇ ਮੋਦੀ ਜੀ ਦਾ ਗਰਾਫ ਹੇਠਾਂ ਸੁੱਟਣ ਦੀ ਸਾਜ਼ਿਸ਼ ਕਰ ਰਹੇ ਹਨ। ਤੁਹਾਨੂੰ ਕੀ ਲੱਗਦਾ ਹੈ? ਗਡਕਰੀ ਨੇ ਪਿਛਲੇ ਮਹੀਨੇ ਕਿਹਾ ਸੀ-ਮੈਂ ਹਮੇਸ਼ਾ ਮਜ਼ਾਕ ਵਿਚ ਕਹਿੰਦਾ ਹਾਂ ਕਿ ਚਾਹੇ ਕਿਸੇ ਵੀ ਪਾਰਟੀ ਦੀ ਸਰਕਾਰ ਹੋਵੇ, ਇੱਕ ਗੱਲ ਤੈਅ ਹੈ ਕਿ ਜੋ ਚੰਗਾ ਕੰਮ ਕਰਦਾ ਹੈ ਉਸ ਨੂੰ ਕਦੇ ਸਨਮਾਨ ਨਹੀਂ ਮਿਲਦਾ ਅਤੇ ਜੋ ਬੁਰਾ ਕੰਮ ਕਰਦਾ ਹੈ ਉਸ ਨੂੰ ਕਦੇ ਸਜ਼ਾ ਨਹੀਂ ਮਿਲਦੀ।

ਕਰੀਬ ਇੱਕ ਸਾਲ ਪਹਿਲਾਂ ਗਡਕਰੀ ਨੇ ਕਿਹਾ ਸੀ-ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੱਲੋਂ ਸ਼ੁਰੂ ਕੀਤੇ ਗਏ ਆਰਥਕ ਸੁਧਾਰਾਂ ਲਈ ਦੇਸ਼ ਉਨ੍ਹਾ ਦਾ ਰਿਣੀ ਰਹੇਗਾ। ਇਨ੍ਹਾਂ ਆਰਥਕ ਸੁਧਾਰਾਂ ਕਰਕੇ ਮੈਂ ਮਹਾਰਾਸ਼ਟਰ ਵਿਚ ਮੰਤਰੀ ਹੁੰਦਿਆਂ ਸੜਕਾਂ ਦੇ ਨਿਰਮਾਣ ਲਈ ਧਨ ਜੁਟਾ ਸਕਿਆ।

ਗਡਕਰੀ ਨੇ ਕਿਹਾ ਸੀ ਕਿ ਉਦਾਰ ਆਰਥਕ ਨੀਤੀਆਂ ਗਰੀਬਾਂ ਤੇ ਕਿਸਾਨਾਂ ਲਈ ਹਨ। ਚੀਨ ਇਸਦੀ ਚੰਗੀ ਮਿਸਾਲ ਹੈ ਕਿ ਕਿਸ ਤਰ੍ਹਾਂ ਉਦਾਰ ਆਰਥਕ ਨੀਤੀਆਂ ਕਿਸੇ ਦੇਸ਼ ਦੇ ਵਿਕਾਸ ਵਿਚ ਮਦਦਗਾਰ ਹੋ ਸਕਦੀਆਂ ਹਨ।

# ਹੰਗਾਮੇ ਕਾਰਨ ਰਾਜਪਾਲ ਪੂਰਾ ਭਾਸ਼ਣ ਨਹੀਂ ਪੜ੍ਹ ਸਕੇ

## ਕਾਂਗਰਸ ਨੇ ਸਦਨ ਦੀ ਤੌਹੀਨ ਕੀਤੀ : ਚੀਮਾ



**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੰਜਾਬ ਵਿਧਾਨ ਸਭਾ ਵਿਚ ਵਿੱਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਦੇਣ ਤੋਂ ਬਾਅਦ ਸਦਨ ਦੀ ਕਾਰਵਾਈ ਸੋਮਵਾਰ 11 ਵਜੇ ਤੱਕ ਲਈ ਮੁਲਤਵੀ ਕਰ ਦਿੱਤੀ ਗਈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ 16ਵੀਂ ਪੰਜਾਬ ਵਿਧਾਨ ਸਭਾ ਦੇ ਛੇਵੇਂ ਸੈਸ਼ਨ ਦੌਰਾਨ ਸਦਨ ਨੇ ਸਾਬਕਾ ਡਿਪਟੀ ਸਪੀਕਰ ਡਾ. ਬਲਦੇਵ ਰਾਜ ਚਾਵਲਾ, ਸਾਬਕਾ ਵਿਧਾਇਕ ਰਣਜੀਤ ਸਿੰਘ ਤਲਵੰਡੀ, ਸਾਬਕਾ ਵਿਧਾਇਕ ਪ੍ਰਕਾਸ਼ ਸਿੰਘ ਗੜ੍ਹਦੀਵਾਲਾ, ਸਾਬਕਾ ਵਿਧਾਇਕ ਸੋਹਣ ਸਿੰਘ ਬੋਦਲ, ਸ਼ਹੀਦ ਅਜੈ ਕੁਮਾਰ ਅਗਨੀਵੀਰ, ਸ਼ਹੀਦ ਹਰਸਿਮਰਨ ਸਿੰਘ ਸਿਪਾਹੀ, ਸ਼ਹੀਦ ਗੁਰਪ੍ਰੀਤ ਸਿੰਘ ਗਨਰ, ਸ਼ਹੀਦ ਜਸਪਾਲ ਸਿੰਘ ਹੋਮਗਾਰਡ ਅਤੇ ਸ਼ਹੀਦ ਕਿਸਾਨ ਸ਼ੁੱਭਕਰਨ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ।

ਇਸ ਤੋਂ ਪਹਿਲਾਂ ਵਿਧਾਨ ਸਭਾ ਦਾ ਬੱਜਟ ਸੈਸ਼ਨ ਸ਼ੁਰੂ ਹੁੰਦਿਆਂ ਹੀ ਕਾਂਗਰਸੀ ਵਿਧਾਇਕਾਂ ਨੇ ਕਿਸਾਨਾਂ ਦੇ ਮਾਮਲੇ 'ਤੇ ਸਦਨ ਵਿਚ ਹੰਗਾਮਾ ਕੀਤਾ। ਇਸ ਦੌਰਾਨ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਵਲੋਂ ਆਪਣਾ ਭਾਸ਼ਣ ਪੜ੍ਹਿਆ ਜਾ ਰਿਹਾ ਸੀ। ਰਾਜਪਾਲ ਨੇ ਕਾਂਗਰਸੀ ਵਿਧਾਇਕਾਂ ਨੂੰ ਕਿਹਾ ਕਿ ਉਨ੍ਹਾ ਨੂੰ ਆਪਣੀ ਗੱਲ ਕਰਨ ਦਾ ਪੂਰਾ ਮੌਕਾ ਦਿੱਤਾ ਜਾਵੇਗਾ। ਸਦਨ ਵਿਚ ਅਜਿਹਾ ਕਰਨਾ ਠੀਕ ਨਹੀਂ ਹੈ। ਕਾਂਗਰਸ ਵੱਲੋਂ ਹੰਗਾਮੇ ਕਾਰਨ ਸਦਨ ਦੀ ਕਾਰਵਾਈ ਬਾਅਦ ਦੁਪਹਿਰ 2 ਵਜੇ ਤੱਕ ਮੁਲਤਵੀ ਕਰ ਦਿੱਤੀ ਗਈ। ਹੰਗਾਮੇ ਕਾਰਨ ਰਾਜਪਾਲ ਵੀ ਭਾਸ਼ਣ ਪੂਰਾ ਨਹੀਂ ਪੜ੍ਹ ਸਕੇ।

ਰਾਜਪਾਲ ਬਨਵਾਰੀ ਲਾਲ ਪੁਰੋਹਿਤ ਵੱਲੋਂ ਭਾਸ਼ਣ ਦੇਣ ਮੌਕੇ ਕਾਂਗਰਸੀ ਪਾਰਟੀ ਵੱਲੋਂ ਰੁਕਾਵਟ ਪਾਉਣ ਦੇ ਯਤਨਾਂ ਦੀ ਸਖਤ ਆਲੋਚਨਾ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਅਜਿਹਾ ਕਰਕੇ ਪਵਿੱਤਰ ਸਦਨ ਦੀ ਤੌਹੀਨ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਰਾਜਪਾਲ ਵੱਲੋਂ ਆਪਣੇ ਭਾਸ਼ਣ ਦੌਰਾਨ ਸੂਬਾ ਸਰਕਾਰ ਦੀਆਂ ਇੱਕ ਸਾਲ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ ਜਾਂਦਾ ਹੈ ਅਤੇ ਕਾਂਗਰਸ ਪਾਰਟੀ ਇਸ ਗੱਲ ਤੋਂ ਘਬਰਾ ਗਈ ਕਿ ਇਨ੍ਹਾਂ ਪ੍ਰਾਪਤੀਆਂ ਦੀ ਜਾਣਕਾਰੀ ਸਦਨ ਦੀ ਕਾਰਵਾਈ ਦੇ ਸਿੱਧੇ ਪ੍ਰਸਾਰਨ ਰਾਹੀਂ ਕਿਤੇ ਲੋਕਾਂ ਤੱਕ ਨਾ ਪਹੁੰਚ ਜਾਵੇ। ਵਿਧਾਨ ਸਭਾ ਵਿਖੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਚੀਮਾ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਦੇ ਹਿਤ ਵਿੱਚ ਕਾਂਗਰਸ ਪਾਰਟੀ ਨੂੰ ਚਾਹੀਦਾ ਤਾਂ ਇਹ ਸੀ ਕਿ ਇਹ ਰਾਜਪਾਲ ਦੇ ਭਾਸ਼ਣ ਨੂੰ ਧਿਆਨ ਨਾਲ ਸੁਣਦੀ ਅਤੇ 4 ਮਾਰਚ ਨੂੰ ਇਸ ਭਾਸ਼ਣ 'ਤੇ ਹੋਣ ਵਾਲੀ ਬਹਿਸ ਦੌਰਾਨ ਸਰਕਾਰ ਨੂੰ ਸਵਾਲ ਕਰਦੀ ਅਤੇ ਆਪਣੇ ਸੁਝਾਅ ਵੀ ਪੇਸ਼ ਕਰਦੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਹਮੇਸ਼ਾ ਸਾਰਥਕ ਸੁਝਾਵਾਂ ਨੂੰ ਅਪਣਾਉਂਦੀ ਹੈ।

ਕਾਂਗਰਸ ਪਾਰਟੀ ਨੂੰ ਸਿਰਫ ਸਸਤੀ ਸ਼ੌਹਰਤ ਲਈ ਸਦਨ ਦਾ ਅਪਮਾਨ ਕਰਨ ਲਈ ਕਰੜੇ ਹੱਥੀ ਲੈਂਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਲੰਬੇ ਸਮੇਂ ਤੋਂ ਚੱਲੀਆਂ ਆ ਰਹੀਆਂ ਰਵਾਇਤਾਂ ਅਤੇ ਨਿਯਮਾਂ ਅਨੁਸਾਰ ਬਜਟ ਸੈਸ਼ਨ ਦੀ ਕਾਰਵਾਈ ਹਮੇਸ਼ਾ ਸੂਬੇ ਦੇ ਰਾਜਪਾਲ ਦੇ ਭਾਸ਼ਣ ਨਾਲ ਸ਼ੁਰੂ ਹੁੰਦੀ ਹੈ। ਉਨ੍ਹਾਂ ਕਿਹਾ ਕਿ ਇਸ ਉਪਰੰਤ ਅਕਾਲ ਚਲਾਣਾ ਕਰ ਗਈਆਂ ਨਾਮਵਰ ਸ਼ਖਸੀਅਤਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਸ਼ਰਧਾਂਜਲੀਆਂ ਦੌਰਾਨ ਹੀ ਕਿਸਾਨ ਸੰਘਰਸ਼ ਦੌਰਾਨ ਮਾਰੇ ਗਏ ਕਿਸਾਨ ਸ਼ੁੱਭਕਰਨ ਸਿੰਘ ਨੂੰ ਵੀ ਸ਼ਰਧਾਂਜਲੀ ਭੇਟ ਕੀਤੀ ਜਾਣੀ ਸੀ। ਉਨ੍ਹਾਂ ਕਿਹਾ ਕਿ ਕਿਸੇ ਸਮੇਂ ਇਹ ਕਾਂਗਰਸ ਪਾਰਟੀ ਇਸੇ ਵਿਧਾਨ ਸਭਾ ਅੰਦਰ ਰਾਤਾਂ ਨੂੰ ਜਾਗ ਕੇ ਰੋਸ ਪ੍ਰਦਰਸ਼ਨ ਕਰਦੀ ਹੁੰਦੀ ਸੀ ਕਿ ਸੈਸ਼ਨ ਲੰਬੇ ਸਮੇਂ ਤੱਕ ਚੱਲਣਾ ਚਾਹੀਦਾ ਹੈ, ਨੇ ਸਿਰਫ ਸਸਤੀ ਸ਼ੌਹਰਤ ਲਈ ਲੋਕਤੰਤਰ ਦਾ ਅਪਮਾਨ ਕੀਤਾ।

## ਵਿਕਰਮਾਦਿੱਤਿਆ ਬਾਗੀ ਕਾਂਗਰਸੀ ਵਿਧਾਇਕਾਂ ਨੂੰ ਮਿਲੇ

**ਸ਼ਿਮਲਾ** : ਹਿਮਾਚਲ ਕਾਂਗਰਸ 'ਚ ਬਗਾਵਤੀ ਅੱਗ ਅਜੇ ਵੀ ਧੁਖ ਰਹੀ ਹੈ। ਮਰਹੂਮ ਮੁੱਖ ਮੰਤਰੀ ਵੀਰਭੱਦਰ ਸਿੰਘ ਦੇ ਬੇਟੇ ਤੇ ਕੈਬਿਨੇਟ ਮੰਤਰੀ ਵਿਕਰਮਾਦਿੱਤਿਆ ਸ਼ੁੱਕਰਵਾਰ ਚੰਡੀਗੜ੍ਹ ਵਿਚ ਉਨ੍ਹਾਂ ਕਾਂਗਰਸੀ ਵਿਧਾਇਕਾਂ ਨੂੰ ਮਿਲ ਕੇ ਦਿੱਲੀ ਗਏ, ਜਿਨ੍ਹਾਂ ਨੇ ਰਾਜ ਸਭਾ ਲਈ ਭਾਜਪਾ ਉਮੀਦਵਾਰ ਦੇ ਹੱਕ ਵਿਚ ਵੋਟਿੰਗ ਕੀਤੀ ਸੀ ਤੇ ਜਿਨ੍ਹਾਂ ਨੂੰ ਸਪੀਕਰ ਨੇ ਵਿੱਤ ਬਿੱਲ ਪਾਸ ਕਰਨ ਲਈ ਪਾਰਟੀ ਵੱਲੋਂ ਜਾਰੀ ਵ੍ਹਿਪ ਦੀ ਉਲੰਘਣਾ ਕਰਨ 'ਤੇ ਅਯੋਗ ਠਹਿਰਾ ਦਿੱਤਾ ਸੀ। ਵਿੱਕਰਮਾਦਿੱਤਿਆ ਨੂੰ ਛੇ ਵਿੱਚੋਂ ਚਾਰ ਬਾਗੀ ਵਿਧਾਇਕ ਮਿਲੇ। ਵਿਕਰਮਾਦਿੱਤਿਆ ਨੇ ਸੰਕਟ ਦਰਮਿਆਨ 28 ਫਰਵਰੀ ਨੂੰ ਇਹ ਕਹਿੰਦਿਆਂ ਅਸਤੀਫਾ ਦੇ ਦਿੱਤਾ ਸੀ ਕਿ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਦੀ ਸਰਕਾਰ ਵਿਚ ਵਿਧਾਇਕਾਂ ਦੀ ਪੂਰੀ ਸੁਣਵਾਈ ਨਹੀਂ ਹੁੰਦੀ। ਹਾਲਾਂਕਿ ਬਾਅਦ ਵਿਚ ਮਨਾਉਣ 'ਤੇ ਉਹ ਕੈਬਿਨੇਟ ਮੀਟਿੰਗ ਵਿਚ ਸ਼ਾਮਲ ਹੋਏ ਸਨ ਤੇ ਅਸਤੀਫਾ ਵਾਪਸ ਲੈ ਲਿਆ ਸੀ। ਇਸੇ ਦੌਰਾਨ ਅਯੋਗ ਠਹਿਰਾਉਣ ਦੇ ਸਪੀਕਰ ਦੇ ਹੁਕਮ ਨੂੰ ਕਾਂਗਰਸੀ ਵਿਧਾਇਕਾਂ ਨੇ ਹਿਮਾਚਲ ਪ੍ਰਦੇਸ਼ ਹਾਈਕੋਰਟ ਵਿਚ ਚੈਲੰਜ ਕੀਤਾ ਹੈ। ਇਸੇ ਦੌਰਾਨ ਕਾਂਗਰਸ ਦੀ ਸੂਬਾ ਪ੍ਰਧਾਨ ਪ੍ਰਤਿਭਾ ਸਿੰਘ ਨੇ ਕਿਹਾ ਹੈ ਕਿ ਭਾਜਪਾ ਦਾ ਕੰਮ ਕਾਂਗਰਸ ਨਾਲੋਂ ਕਿਤੇ ਬਿਹਤਰ ਹੈ। ਕਾਂਗਰਸ 'ਚ ਬਹੁਤ ਕੁਝ ਕਰਨਾ ਬਾਕੀ ਹੈ। ਉਨ੍ਹਾ ਕਿਹਾ-ਇੱਕ ਸੰਸਦ ਮੈਂਬਰ ਹੋਣ ਦੇ ਨਾਤੇ ਮੈਂ ਆਪਣੇ ਹਲਕੇ ਦਾ ਦੌਰਾ ਕਰਦੀ ਹਾਂ ਅਤੇ ਸਥਾਨਕ ਲੋਕਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਦੀ ਹਾਂ। ਇਹ ਸੱਚ ਹੈ ਕਿ ਭਾਜਪਾ ਦਾ ਕੰਮਕਾਜ ਸਾਡੇ ਨਾਲੋਂ ਬਿਹਤਰ ਹੈ। ਪ੍ਰਤਿਭਾ ਸਿੰਘ ਨੇ ਕਿਹਾ-ਮੈਂ ਹਿਮਾਚਲ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੂੰ ਆਪਣਾ ਸੰਦੇਸ਼ ਪਹੁੰਚਾ ਦਿੱਤਾ ਹੈ ਅਤੇ ਉਨ੍ਹਾ ਨੂੰ ਸੰਗਠਨ ਨੂੰ ਮਜ਼ਬੂਤ ਕਰਨ ਲਈ ਕਿਹਾ ਹੈ। ਪਹਿਲੇ ਦਿਨ ਤੋਂ ਮੈਂ ਮੁੱਖ ਮੰਤਰੀ ਨੂੰ ਕਹਿ ਰਹੀ ਹਾਂ ਕਿ ਅਸੀਂ ਆਉਣ ਵਾਲੀਆਂ ਚੋਣਾਂ ਦਾ ਸਾਹਮਣਾ ਤਾਂ ਹੀ ਕਰ ਸਕਾਂਗੇ ਜੇ ਸੰਗਠਨ ਨੂੰ ਮਜ਼ਬੂਤ ਕਰਾਂਗੇ। ਇਹ ਸਾਡੇ ਲਈ ਬਹੁਤ ਮੁਸ਼ਕਲ ਸਥਿਤੀ ਹੈ।

## ਮਹਾਰਾਸ਼ਟਰ ਦੀਆਂ ਸੀਟਾਂ 'ਤੇ ਬਣੀ ਸਹਿਮਤੀ

**ਮੁੰਬਈ** : ਮਹਾਰਾਸ਼ਟਰ ਵਿਚ ਇੰਡੀਆ ਗੱਠਜੋੜ ਵਿਚ ਸ਼ਾਮਲ ਪਾਰਟੀਆਂ ਵਿਚਾਲੇ ਲੋਕ ਸਭਾ ਸੀਟਾਂ 'ਤੇ ਸਹਿਮਤੀ ਹੋ ਗਈ ਹੈ। 48 ਵਿੱਚੋਂ 20 ਸ਼ਿਵ ਸੈਨਾ (ਊਧਵ ਬਾਲਾ ਸਾਹਿਬ ਠਾਕਰੇ), 18 ਕਾਂਗਰਸ ਤੇ 10 ਐੱਨ ਸੀ ਪੀ ਦੇ ਹਿੱਸੇ ਆਈਆਂ ਹਨ। ਵੰਚਿਤ ਬਹੁਜਨ ਅਘਾੜੀ ਨੂੰ ਸ਼ਿਵ ਸੈਨਾ ਆਪਣੇ ਖਾਤੇ ਵਿੱਚੋਂ ਦੋ ਸੀਟਾਂ ਦੇਵੇਗੀ। ਆਜ਼ਾਦ ਰਾਜੂ ਸ਼ੈੱਟੀ ਨੂੰ ਐੱਨ ਸੀ ਪੀ ਹਮਾਇਤ ਦੇਵੇਗੀ। ਸੀਟਾਂ ਦਾ ਰਸਮੀ ਐਲਾਨ ਇਕ-ਦੋ ਦਿਨਾਂ ਵਿਚ ਹੋ ਸਕਦਾ ਹੈ।

## ਬੇਂਗਲੂਰੂ ਦੇ ਮਸ਼ਹੂਰ ਰੈਸਟੋਰੈਂਟ 'ਚ ਬੰਬ ਧਮਾਕਾ

**ਬੇਂਗਲੁਰੂ** : ਇਥੇ ਕੁੰਦਨਹੱਲੀ ਇਲਾਕੇ ਦੇ ਪ੍ਰਸਿੱਧ ਰੈਸਟੋਰੈਂਟ ਰਾਮੇਸ਼ਵਰਮ ਕੈਫੇ 'ਚ ਸ਼ੁੱਕਰਵਾਰ ਬਾਅਦ ਦੁਪਹਿਰ ਧਮਾਕੇ ਕਾਰਨ 3 ਸਟਾਫ ਮੈਂਬਰਾਂ ਤੇ 2 ਗਾਹਕਾਂ ਸਣੇ 9 ਵਿਅਕਤੀ ਜ਼ਖਮੀ ਹੋ ਗਏ। ਪਹਿਲਾਂ ਸ਼ੱਕ ਪ੍ਰਗਟਾਇਆ ਗਿਆ ਸੀ ਕਿ ਧਮਾਕਾ ਗੈਸ ਸਿਲੰਡਰ ਫਟਣ ਨਾਲ ਹੋਇਆ ਪਰ ਬਾਅਦ ਵਿਚ ਮੁੱਖ ਮੰਤਰੀ ਸਿੱਧਾਰਮਈਆ ਨੇ ਕਿਹਾ ਕਿ ਇਹ ਬੰਬ ਧਮਾਕਾ ਸੀ। ਐੱਨ ਆਈ ਏ ਦੀ ਟੀਮ ਵੀ ਜਾਂਚ ਲਈ ਪੁੱਜ ਗਈ ਸੀ। ਪੁਲਸ ਨੇ ਦੱਸਿਆ ਕਿ ਜਦ ਉਹ ਪੁੱਜੀ ਤਾਂ ਕੈਫੇ ਦੀ ਕੰਧ ਦਾ ਸ਼ੀਸ਼ਾ ਟੁੱਟ ਕੇ ਟੇਬਲ 'ਤੇ ਬਿਖਰਿਆ ਪਿਆ ਸੀ। ਫਾਇਰ ਸਟੇਸ਼ਨ ਦੇ ਇਕ ਅਫਸਰ ਨੇ ਕਿਹਾ ਕਿ ਉਨ੍ਹਾਂ ਨੂੰ ਸਿਲੰਡਰ ਫਟਣ ਦੀ ਸੂਚਨਾ ਮਿਲੀ ਸੀ।

ਕੈਫੇ ਵਿਚ ਬੈਟਰੀ, ਜਲਿਆ ਬੈਗ ਤੇ ਕੁਝ ਆਈ ਡੀ ਕਾਰਡ ਮਿਲੇ ਹਨ, ਜਿਸ ਦੇ ਆਧਾਰ 'ਤੇ ਧਮਾਕੇ ਨੂੰ ਲੈ ਕੇ ਸਾਜ਼ਿਸ਼ ਦੀਆਂ ਅਟਕਲਾਂ ਹਨ। ਗ੍ਰਹਿ ਮੰਤਰੀ ਨੇ ਕਿਹਾ ਕਿ ਧਮਾਕਾ ਸਿਟਿੰਗ ਏਰੀਏ ਵਿਚ ਹੋਇਆ, ਜਿੱਥੇ ਕੋਈ ਸਿਲੰਡਰ ਨਹੀਂ ਸੀ। ਇਸ ਤੋਂ ਪਹਿਲਾਂ ਭਾਜਪਾ ਸਾਂਸਦ ਤੇ ਭਾਰਤੀ ਜਨਤਾ ਯੁਵਾ ਮੋਰਚਾ ਦੇ ਕੌਮੀ ਪ੍ਰਧਾਨ ਤੇਜਸਵੀ ਸੂਰੀਆ ਨੇ ਕਿਹਾ ਸੀ ਕਿ ਕੈਫੇ ਦੇ ਮਾਲਕ ਸ੍ਰੀ ਨਾਗਰਾਜ ਨੇ ਉਨ੍ਹਾ ਨੂੰ ਦੱਸਿਆ ਕਿ ਧਮਾਕਾ ਉਸ ਬੈਗ ਵਿਚ ਹੋਇਆ, ਜਿਹੜਾ ਇਕ ਗਾਹਕ ਛੱਡ ਗਿਆ ਸੀ। ਉਨ੍ਹਾ ਕਿਹਾ ਕਿ ਇਹ ਬੰਬ ਧਮਾਕਾ ਸੀ ਤੇ ਮੁੱਖ ਮੰਤਰੀ ਸਿੱਧਾਰਮੱਈਆ ਨੂੰ ਇਸ ਦਾ ਜਵਾਬ ਦੇਣਾ ਚਾਹੀਦਾ ਹੈ।

## ਕਾਰ ਸਵਾਰ ਆਪ ਆਗੂ ਦੀ ਗੋਲੀਆਂ ਮਾਰ ਕੇ ਹੱਤਿਆ

**ਗੋਇੰਦਵਾਲ ਸਾਹਿਬ (ਕਾਬਲ ਸਿੰਘ ਮੱਲ੍ਹੀ)**



ਗੋਇੰਦਵਾਲ-ਫਤਿਆਬਾਦ ਰੇਲਵੇ ਫਾਟਕ 'ਤੇ ਸ਼ੁੱਕਰਵਾਰ ਸਵੇਰੇ 9 ਵਜੇ ਦੇ ਕਰੀਬ ਕਾਰ ਸਵਾਰ ਅਣਪਛਾਤੇ ਹਥਿਆਰਬੰਦ ਵਿਅਕਤੀਆਂ ਨੇ ਦੂਜੀ ਕਾਰ 'ਚ ਸਵਾਰ 'ਆਪ' ਦੇ ਨੌਜਵਾਨ ਆਗੂ ਗੁਰਪ੍ਰੀਤ ਸਿੰਘ ਗੋਪੀ ਉਰਫ ਗੋਪੀ ਚੋਹਲਾ ਪੁੱਤਰ ਸੇਵਾ ਸਿੰਘ ਵਾਸੀ ਚੋਹਲਾ ਸਾਹਿਬ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ। ਉਹ ਇਕੱਲਾ ਕਪੂਰਥਲਾ ਕਚਹਿਰੀਆਂ ਜਾ ਰਿਹਾ ਸੀ। ਹਮਲਾਵਰ ਉਸ ਦਾ ਪਿੱਛਾ ਕਰਦੇ ਆ ਰਹੇ ਸੀ।

ਗੋਪੀ ਅੱਜਕੱਲ੍ਹ ਹਲਕਾ ਵਿਧਾਇਕ ਨਾਲ ਸਿਆਸੀ ਗਤੀਵਿਧੀਆਂ 'ਚ ਕਾਫੀ ਸਰਗਰਮ ਸੀ। ਥਾਣਾ ਗੋਇੰਦਵਾਲ ਸਾਹਿਬ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ।

## 'ਹੁਸ਼ਿਆਰਪੁਰ ਨੇਚਰ ਫੈਸਟ-2024' ਧੂਮ-ਧੜੱਕੇ ਨਾਲ ਸ਼ੁਰੂ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**

ਹੁਸ਼ਿਆਰਪੁਰ ਵਿਖੇ ਸੈਰ-ਸਪਾਟੇ ਦੀਆਂ ਅਪਾਰ ਸੰਭਾਵਨਾਵਾਂ ਤੋਂ ਲੋਕਾਂ ਨੂੰ ਜਾਣੂ ਕਰਵਾਉਣ ਲਈ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ ਪੰਜਾਬ ਵਲੋਂ 'ਹੁਸ਼ਿਆਰਪੁਰ ਨੇਚਰ ਫੈਸਟ-2024' ਦੁਸਹਿਰਾ ਗਰਾਊਂਡ ਹੁਸ਼ਿਆਰਪੁਰ ਵਿਖੇ ਸ਼ੁੱਕਰਵਾਰ ਧੂਮ-ਧੜੱਕੇ ਨਾਲ ਸ਼ੁਰੂ ਹੋ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਮੇਅਰ ਸੁਰਿੰਦਰ ਕੁਮਾਰ ਨੇ ਕਿਹਾ ਕਿ 5 ਮਾਰਚ ਤੱਕ ਚੱਲਣ ਵਾਲੇ ਨੇਚਰ ਫੈਸਟ-2024 ਨੂੰ ਲੈ ਕੇ ਹੁਸ਼ਿਆਰਪੁਰ ਵਾਸੀਆਂ ਵਿਚ ਕਾਫੀ ਉਤਸ਼ਾਹ ਹੈ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਖੁਦ ਵੀ ਇਸ ਨੇਚਰ ਫੈਸਟ ਵਿਚ ਆਉਣ ਅਤੇ ਹੋਰ ਲੋਕਾਂ ਨੂੰ ਵੀ ਇਥੇ ਆਉਣ ਲਈ ਪ੍ਰੇਰਿਤ ਕਰਨ, ਤਾਂ ਜੋ ਇਥੇ ਆਏ ਕਾਰੀਗਰਾਂ ਦਾ ਹੌਸਲਾ ਵਧਾਇਆ ਜਾ ਸਕੇ। ਐਡੀਸ਼ਨਲ ਡਿਪਟੀ ਕਮਿਸ਼ਨਰ (ਜ) ਰਾਹੁਲ ਚਾਬਾ ਨੇ ਦੱਸਿਆ ਕਿ 3 ਮਾਰਚ ਨੂੰ ਪ੍ਰਸਿੱਧ ਪੰਜਾਬੀ ਗਾਇਕ ਕੁਲਵਿੰਦਰ ਬਿੱਲਾ ਦੀ ਸਟਾਰ ਨਾਈਟ ਦਾ ਆਯੋਜਨ ਹੋਵੇਗਾ। ਉਨ੍ਹਾਂ ਕਿਹਾ ਕਿ ਦੁਸਹਿਰਾ ਗਰਾਊਂਡ ਹੁਸ਼ਿਆਰਪੁਰ ਵਿਖੇ ਸੱਭਿਆਚਾਰਕ ਪ੍ਰੋਗਰਾਮ, ਸੈਲਫ ਹੈਲਪ ਗਰੁੱਪਾਂ ਦੀ ਪ੍ਰਦਰਸ਼ਨੀ, ਫੂਡ ਬਾਜ਼ਾਰ,

● ਬਾਕੀ ਸਫ਼ਾ 2 'ਤੇ

## ਅਮਰੀਕਾ 'ਚ ਰਾਗੀ ਸਿੰਘ ਦੀ ਹੱਤਿਆ



**ਨਿਊਯਾਰਕ** : 29 ਸਾਲਾ ਰਾਗੀ ਸਿੰਘ ਰਾਜ ਸਿੰਘ ਨੂੰ ਅਮਰੀਕਾ ਦੇ ਸੂਬੇ ਅਲਬਾਮਾ ਦੇ ਸੇਲਮਾ 'ਚ ਗੁਰਦੁਆਰੇ ਦੇ ਬਾਹਰ ਅਣਪਛਾਤਿਆਂ ਨੇ ਗੋਲੀਆਂ ਮਾਰ ਕੇ ਮਾਰ ਦਿੱਤਾ। ਸ਼ੱਕ ਹੈ ਕਿ ਉਹ ਨਫਰਤੀ ਹਿੰਸਾ ਦਾ ਸ਼ਿਕਾਰ ਹੋਇਆ। ਰਾਜ ਸਿੰਘ, ਜਿਸ ਨੂੰ ਗੋਲਡੀ ਵੀ ਕਿਹਾ ਜਾਂਦਾ ਹੈ, ਯੂ ਪੀ ਦੇ ਬਿਜਨੌਰ ਜ਼ਿਲ੍ਹੇ ਦੇ ਪਿੰਡ ਟਾਂਡਾ ਸਾਹੂਵਾਲਾ ਦਾ ਰਹਿਣ ਵਾਲਾ ਸੀ। ਉਹ ਸਾਲ ਤੋਂ ਵੱਧ ਸਮੇਂ ਤੋਂ ਆਪਣੇ ਕੀਰਤਨੀ ਜਥੇ ਨਾਲ ਅਮਰੀਕਾ 'ਚ ਸੀ। ਉਸ ਦੇ ਪਰਵਾਰ ਨੇ ਦੱਸਿਆ ਕਿ ਇਹ ਘਟਨਾ ਬੀਤੇ ਸ਼ਨੀਵਾਰ ਦੀ ਹੈ। ਉਨ੍ਹਾਂ ਨੂੰ ਰਿਸ਼ਤੇਦਾਰਾਂ ਨੇ ਘਟਨਾ ਬਾਰੇ ਦੱਸਿਆ ਸੀ। ਉਸ ਦਾ ਪੋਸਟਮਾਰਟਮ ਹੋਣਾ ਬਾਕੀ ਹੈ।

## ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਬ੍ਰਾਇਨ ਮਲਰੋਨੀ ਦਾ ਦੇਹਾਂਤ

**ਟੋਰਾਂਟੋ** : ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਬ੍ਰਾਇਨ ਮਲਰੋਨੀ (84) ਦਾ ਦੇਹਾਂਤ ਹੋ ਗਿਆ। ਬੇਟੀ ਕੈਰੋਲਿਨ ਮਲਰੋਨੀ ਨੇ 'ਐਕਸ' 'ਤੇ ਪੋਸਟ 'ਚ ਕਿਹਾ ਕਿ ਦੇਸ਼ ਦੇ 18ਵੇਂ ਪ੍ਰਧਾਨ ਮੰਤਰੀ ਦਾ ਦੇਹਾਂਤ ਹੋ ਗਿਆ, ਪੂਰਾ ਪਰਵਾਰ ਉਨ੍ਹਾ ਦੇ ਆਖਰੀ ਪਲਾਂ 'ਚ ਉਨ੍ਹਾ ਦੇ ਨਾਲ ਸੀ। ਮਲਰੋਨੀ ਦੇ ਪਰਵਾਰ ਨੇ ਪਹਿਲਾਂ ਕਿਹਾ ਸੀ ਕਿ ਉਨ੍ਹਾ ਦਾ ਗਦੂਦਾਂ (ਪ੍ਰੋਸਟੇਟ) ਕੈਂਸਰ ਅਤੇ ਦਿਲ ਦੀ ਬਿਮਾਰੀ ਲਈ ਇਲਾਜ ਕੀਤਾ ਗਿਆ ਸੀ। ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਦੀ ਅਗਵਾਈ ਕਰਨ ਵਾਲੇ ਮਲਰੋਨੀ ਨੇ 1984 'ਚ ਕੈਨੇਡੀਅਨ ਇਤਿਹਾਸ 'ਚ ਸਭ ਤੋਂ ਵੱਡਾ ਬਹੁਮਤ ਹਾਸਲ ਕੀਤਾ ਸੀ। ਉਹ 1993 ਤੱਕ ਪ੍ਰਧਾਨ ਮੰਤਰੀ ਰਹੇ।



## ਸ਼ਾਨਨ ਪ੍ਰੋਜੈਕਟ ਬਚਾਉਣ ਲਈ ਪੰਜਾਬ ਸੁਪਰੀਮ ਕੋਰਟ 'ਚ

**ਨਵੀਂ ਦਿੱਲੀ** : ਪੰਜਾਬ ਸਰਕਾਰ ਨੇ 99 ਸਾਲ ਦੀ ਲੀਜ਼ ਦੀ ਮਿਆਦ ਇਸ ਮਹੀਨੇ ਖਤਮ ਹੋਣ 'ਤੇ ਸ਼ਾਨਨ ਹਾਈਡ੍ਰੋ ਪਾਵਰ ਪ੍ਰੋਜੈਕਟ ਦਾ ਕੰਟਰੋਲ ਉਸ ਤੋਂ ਲੈਣ ਦੀ ਹਿਮਾਚਲ ਸਰਕਾਰ ਦੀ ਕੋਸ਼ਿਸ਼ ਵਿਰੁੱਧ ਆਪਣੇ ਮੁਕੱਦਮੇ ਦੀ ਤੁਰੰਤ ਸੁਣਵਾਈ ਲਈ ਸ਼ੁੱਕਰਵਾਰ ਸੁਪਰੀਮ ਕੋਰਟ ਦਾ ਰੁਖ ਕੀਤਾ। ਚੀਫ ਜਸਟਿਸ ਡੀ ਵਾਈ ਚੰਦਰਚੂੜ ਦੀ ਅਗਵਾਈ ਵਾਲੀ ਬੈਂਚ ਨੇ ਸੋਮਵਾਰ ਸੁਣਵਾਈ ਲਈ ਸਹਿਮਤੀ ਦਿੱਤੀ ਹੈ। ਪੰਜਾਬ ਨੇ ਕਿਹਾ ਕਿ ਸ਼ਾਨਨ ਹਾਈਡ੍ਰੋ ਪਾਵਰ ਪ੍ਰੋਜੈਕਟ ਲਈ 99 ਸਾਲ ਦੀ ਲੀਜ਼ ਦੀ ਮਿਆਦ ਖਤਮ ਹੋ ਰਹੀ ਹੈ ਅਤੇ ਜੇ ਇਸ ਮਾਮਲੇ ਨੂੰ ਤੁਰੰਤ ਨਾ ਲਿਆ ਗਿਆ ਤਾਂ ਹਿਮਾਚਲ ਸਰਕਾਰ ਇਸ ਨੂੰ ਆਪਣੇ ਹੱਥਾਂ 'ਚ ਲੈ ਲਵੇਗੀ। ਹਿਮਾਚਲ ਦੇ ਪਾਲਮਪੁਰ ਤੋਂ 40 ਕਿਲੋਮੀਟਰ ਦੂਰ ਜੋਗਿੰਦਰਨਗਰ ਵਿਖੇ ਅੰਗਰੇਜ਼ਾਂ ਦੇ ਸਮੇਂ ਦੇ ਸ਼ਾਨਨ ਪਣ-ਬਿਜਲੀ ਪ੍ਰੋਜੈਕਟ ਦਾ ਨਿਰਮਾਣ 1925 'ਚ ਉਸ ਸਮੇਂ ਦੇ ਮੰਡੀ ਰਾਜ ਦੇ ਰਾਜਾ ਜੋਗਿੰਦਰ ਸੇਨ ਅਤੇ ਬਰਤਾਨਵੀ ਨੁਮਾਇੰਦੇ ਕਰਨਲ ਬੀ ਸੀ ਬੈਟੀ ਵਿਚਕਾਰ ਲੀਜ਼ ਦੇ ਤਹਿਤ ਕੀਤਾ ਗਿਆ ਸੀ।



## ਜੇ ਐੱਨ ਯੂ 'ਚ ਝੜਪ

**ਨਵੀਂ ਦਿੱਲੀ** : ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਲੈਂਗੂਏਜ਼ ਇੰਸਟੀਚਿਊਟ 'ਚ ਵੀਰਵਾਰ ਰਾਤ ਚੋਣ ਕਮੇਟੀ ਮੈਂਬਰਾਂ ਦੀ ਚੋਣ ਕਾਰਨ ਦੋ ਧੜਿਆਂ ਵਿਚਾਲੇ ਝੜਪ 'ਚ ਕੁਝ ਵਿਦਿਆਰਥੀ ਜ਼ਖਮੀ ਹੋ ਗਏ। ਜ਼ਖਮੀਆਂ ਨੂੰ ਸਫਦਰਜੰਗ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਘਟਨਾ ਦੀ ਕਥਿਤ ਵੀਡੀਓ ਸਾਹਮਣੇ ਆਈ ਹੈ, ਜਿਸ 'ਚ ਇੱਕ ਵਿਅਕਤੀ ਕੁਝ ਵਿਦਿਆਰਥੀਆਂ ਨੂੰ ਡੰਡੇ ਨਾਲ ਕੁੱਟਦਾ ਦਿਖਾਈ ਦੇ ਰਿਹਾ ਹੈ, ਜਦਕਿ ਇੱਕ ਹੋਰ ਕਲਿੱਪ 'ਚ ਇੱਕ ਵਿਅਕਤੀ ਵਿਦਿਆਰਥੀਆਂ 'ਤੇ ਸਾਈਕਲ ਸੁੱਟਦਾ ਦਿਖਾਈ ਦੇ ਰਿਹਾ ਹੈ। ਘਟਨਾ ਦੀ ਇਕ ਹੋਰ ਕਥਿਤ ਵੀਡੀਓ ਵਿਚ ਕੁਝ ਲੋਕ ਦੂਜਿਆਂ 'ਤੇ ਹਮਲਾ ਕਰਦੇ ਨਜ਼ਰ ਆ ਰਹੇ ਹਨ, ਜਦ ਕਿ ਯੂਨੀਵਰਸਿਟੀ ਦੇ ਸੁਰੱਖਿਆ ਕਰਮਚਾਰੀ ਉਨ੍ਹਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ਏ ਬੀ ਵੀ ਪੀ) ਅਤੇ ਖੱਬੇ-ਪੱਖੀ ਸਮੂਹਾਂ ਦੇ ਵਿਦਿਆਰਥੀਆਂ ਨੇ ਇਕ-ਦੂਜੇ ਖਿਲਾਫ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ।

ਯੂਨੀਵਰਸਿਟੀ ਪ੍ਰਸ਼ਾਸਨ ਨੇ ਇਸ ਘਟਨਾ 'ਤੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਹੈ ਅਤੇ ਨਾ ਹੀ ਜ਼ਖਮੀ ਵਿਦਿਆਰਥੀਆਂ ਦੀ ਗਿਣਤੀ ਬਾਰੇ ਕੋਈ ਜਾਣਕਾਰੀ ਮਿਲੀ ਹੈ।

## ਅੱਜ-ਨਾਮਾ

ਪ੍ਰਦਰਸ਼ਨ ਕਰਦੇ ਕਿਸਾਨ ਆ ਬੜਾ ਏਧਰ,
ਪ੍ਰਦਰਸ਼ਨ ਯੂਰਪ ਦੇ ਕਰਨ ਕਿਸਾਨ ਬੇਲੀ।
ਬੈਲਜੀਅਮ, ਸਪੇਨ ਦੇ ਰੋਣ ਕਿਸਾਨ ਬੈਠੇ,
ਖੇਤੀ ਕਰਨਾ ਵੀ ਇੱਕ ਇਮਤਿਹਾਨ ਬੇਲੀ।
ਅਮਰੀਕਾ ਵੰਨੀਂ ਕਿਸਾਨ ਪਏ ਰੋਸ ਕਰਦੇ,
ਕਰਦੀ ਸਰਕਾਰ ਆ ਬਹੁਤ ਐਲਾਨ ਬੇਲੀ।
ਗਰਜੇ ਕਿਸਾਨ ਸਨ ਕੱਲ੍ਹ ਬਰਤਾਨੀਆ ਦੇ,
ਅੱਕਿਆਂ ਨੇ ਲਿਆ ਸੀ ਮੱਲ ਮੈਦਾਨ ਬੇਲੀ।
ਦਿੱਸਦਾ ਕੋਨਾ ਨਹੀਂ ਕੋਈ ਸੰਸਾਰ ਦੇ ਵਿੱਚ,
ਧੱਕਾ ਨਾ ਜਿੱਥੇ ਕਿਰਸਾਨ ਨਾਲ ਹੋਏ ਬੇਲੀ।
ਖਤਰੇ ਵਿੱਚ ਜਦ ਨਸਲ ਤੇ ਫਸਲ ਲੱਗਦੀ,
ਦੁਹੱਥੜਾਂ ਮਾਰ ਉਹ ਕਿੱਦਾਂ ਨਾ ਰੋਏ ਬੇਲੀ।

-ਤੀਸ ਮਾਰ ਖਾਂ

# 5 ਕਿਲੋ ਹੈਰੋਇਨ ਤੇ 4 ਹਥਿਆਰਾਂ ਸਮੇਤ ਤਿੰਨ ਕਾਬੂ

**ਚੰਡੀਗੜ੍ਹ/ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**

ਕਮਿਸ਼ਨਰੇਟ ਅੰਮ੍ਰਿਤਸਰ ਪੁਲਸ ਨੇ 5 ਕਿਲੋ ਹੈਰੋਇਨ ਸਮੇਤ ਨਸ਼ਾ ਤਸਕਰ ਨੂੰ ਕਾਬੂ ਕਰਕੇ ਅਮਰੀਕਾ ਸਥਿਤ ਜਸਮੀਤ ਉਰਫ ਲੱਕੀ ਦੀ ਹਮਾਇਤ ਵਾਲੇ ਅੰਤਰਰਾਸ਼ਟਰੀ ਨਾਰਕੋ ਸਮੱਗਲਿੰਗ ਕਾਰਟੇਲ ਦਾ ਪਰਦਾਫਾਸ਼ ਕੀਤਾ ਹੈ। ਡੀ ਜੀ ਪੀ ਗੌਰਵ ਯਾਦਵ ਨੇ ਸ਼ੁੱਕਰਵਾਰ ਦੱਸਿਆ ਕਿ ਫੜੇ ਗਏ ਨਸ਼ਾ ਤਸਕਰ ਦੀ ਪਛਾਣ ਗੁਰਪ੍ਰੀਤ ਕੁਮਾਰ ਉਰਫ ਦੀਪ (27) ਵਾਸੀ ਨਿਊ ਸ਼ਾਂਤੀ ਨਗਰ ਭਜਵਾੜਾ ਹੁਸ਼ਿਆਰਪੁਰ ਵਜੋਂ ਹੋਈ ਹੈ। ਪੁਲਸ ਟੀਮਾਂ ਨੇ ਹੈਰੋਇਨ ਦੀ ਸਪਲਾਈ ਲਈ ਵਰਤੀ ਜਾ ਰਹੀ ਟਾਟਾ (ਛੋਟਾ ਹਾਥੀ) ਗੱਡੀ ਨੂੰ ਵੀ ਜ਼ਬਤ ਕੀਤਾ ਹੈ।

ਡੀ ਜੀ ਪੀ ਨੇ ਦੱਸਿਆ ਕਿ ਇੱਕ ਹੋਰ ਮਾਮਲੇ ਵਿੱਚ ਕਮਿਸ਼ਨਰੇਟ ਅੰਮ੍ਰਿਤਸਰ ਪੁਲਸ ਵੱਲੋਂ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਚਾਰ ਦੇਸੀ ਪਿਸਤੌਲਾਂ ਸਮੇਤ ਚਾਰ ਮੈਗਜ਼ੀਨਾਂ ਅਤੇ 16 ਜ਼ਿੰਦਾ ਕਾਰਤੂਸ ਬਰਾਮਦ ਕਰਕੇ ਐੱਮ.ਪੀ. ਆਧਾਰਤ ਹਥਿਆਰ ਸਪਲਾਈ ਕਰਨ ਵਾਲੇ ਰੈਕੇਟ ਦਾ ਪਰਦਾਫਾਸ਼ ਕੀਤਾ ਹੈ।



ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਹਰਮਿੰਦਰਪਾਲ ਸਿੰਘ (23) ਅਤੇ ਜਤਿੰਦਰਪਾਲ ਸਿੰਘ ਉਰਫ ਬਾਬਾ (20) ਦੋਵੇਂ ਵਾਸੀ ਗੁਰੂ ਨਾਨਕ ਕਾਲੋਨੀ ਅੰਮ੍ਰਿਤਸਰ ਵਜੋਂ ਹੋਈ ਹੈ। ਪੁਲਸ ਟੀਮਾਂ ਨੇ ਉਨ੍ਹਾਂ ਦਾ ਐਕਟਿਵਾ ਸਕੂਟਰ ਵੀ ਕਬਜ਼ੇ ਵਿੱਚ ਲਿਆ ਹੈ, ਜਿਸ 'ਤੇ ਉਹ ਹਥਿਆਰਾਂ ਦੀ ਖੇਪ ਪਹੁੰਚਾਉਣ ਜਾ ਰਹੇ ਸਨ।

ਪੁਲਸ ਕਮਿਸ਼ਨਰ ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਭਰੋਸੇਯੋਗ ਸੂਹ 'ਤੇ ਕਾਰਵਾਈ ਕਰਦਿਆਂ ਡੀ.ਸੀ.ਪੀ ਇਨਵੈਸਟੀਗੇਸ਼ਨ ਹਰਪ੍ਰੀਤ ਸਿੰਘ ਮੰਡੇਰ ਅਤੇ ਡੀ.ਸੀ.ਪੀ. ਸਿਟੀ ਡਾ. ਪ੍ਰਗਿਆ ਜੈਨ ਦੀ ਅਗਵਾਈ ਹੇਠ ਏ.ਡੀ.ਸੀ.ਪੀ. ਇਨਵੈਸਟੀਗੇਸ਼ਨ ਨਵਜੋਤ ਸਿੰਘ, ਏ.ਸੀ.ਪੀ. ਇਨਵੈਸਟੀਗੇਸ਼ਨ ਕੁਲਦੀਪ ਸਿੰਘ ਅਤੇ ਸੀ.ਆਈ.ਏ. ਸਟਾਫ-3 ਇੰਚਾਰਜ ਇੰਸਪੈਕਟਰ ਬਰਿੰਦਰਜੀਤ ਸਿੰਘ ਦੇ ਅਧੀਨ ਪੁਲਸ ਟੀਮਾਂ ਨੇ ਪਿੰਡ ਕਾਜੀਕੋਟ ਤੋਂ ਝਬਾਲ ਰੋਡ ਵੱਲ ਜਾ ਕੇ ਮੁਲਜ਼ਮ ਗੁਰਪ੍ਰੀਤ ਕੁਮਾਰ ਉਰਫ ਦੀਪ ਨੂੰ ਕਾਬੂ ਕੀਤਾ। ਉਨ੍ਹਾਂ ਦੱਸਿਆ ਕਿ ਪੁੱਛਗਿੱਛ ਦੌਰਾਨ ਗੁਰਪ੍ਰੀਤ ਕੁਮਾਰ ਨੇ ਖੁਲਾਸਾ ਕੀਤਾ ਕਿ ਉਹ ਅਮਰੀਕਾ ਅਧਾਰਤ ਜਸਮੀਤ ਉਰਫ ਲੱਕੀ ਦੇ ਇਸ਼ਾਰੇ 'ਤੇ ਸਰਹੱਦ ਪਾਰ ਤੋਂ ਹੈਰੋਇਨ ਦੀ ਖੇਪ ਲਿਆ ਰਹੇ ਸਨ। ਇਸ ਤੋਂ ਪਹਿਲਾਂ ਅੰਮ੍ਰਿਤਸਰ ਕਮਿਸ਼ਨਰੇਟ ਪੁਲਸ ਨੇ ਜਸਮੀਤ ਉਰਫ ਲੱਕੀ ਮਾਡਿਊਲ ਦੇ ਪੰਜ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 6.2 ਕਿਲੋ ਹੈਰੋਇਨ, ਇੱਕ ਕਾਰ, 3.80 ਲੱਖ ਰੁਪਏ ਦੀ ਡਰੱਗ ਮਨੀ ਅਤੇ 12 ਸਿਮ ਬਰਾਮਦ ਕੀਤੇ ਸਨ। ਭੁੱਲਰ ਨੇ ਦੱਸਿਆ ਕਿ ਪੁਲਸ ਟੀਮਾਂ ਨੇ ਦੋਵਾਂ ਹਥਿਆਰ ਤਸਕਰਾਂ ਨੂੰ ਪੁਲ ਤਾਰਾਂਵਾਲਾ ਇਲਾਕੇ ਤੋਂ ਨਹਿਰ ਦੇ ਨਾਲ ਲੱਗਦੀ ਸੁਲਤਾਨਵਿੰਡ ਰੋਡ ਤੋਂ ਕਾਬੂ ਕੀਤਾ, ਜਦੋਂ ਉਹ ਪਿਸਤੌਲ ਸਪਲਾਈ ਕਰਨ ਲਈ ਨਿਰਧਾਰਤ ਵਿਅਕਤੀ ਦੀ ਉਡੀਕ ਕਰ ਰਹੇ ਸਨ।

ਉਹ ਇਹ ਪਿਸਤੌਲ ਮੱਧ ਪ੍ਰਦੇਸ਼ ਤੋਂ ਅੰਮ੍ਰਿਤਸਰ ਵਿੱਚ ਅਪਰਾਧਿਕ ਤੱਤਾਂ ਨੂੰ ਸਪਲਾਈ ਕਰਨ ਲਈ ਲਿਆਏ ਸਨ। ਉਨ੍ਹਾਂ ਦੱਸਿਆ ਕਿ ਪੁਲਸ ਟੀਮਾਂ ਮੁਲਜ਼ਮਾਂ ਦੇ ਪਿਛਲੇ ਸੰਬੰਧਾਂ ਦਾ ਪਤਾ ਲਾਉਣ ਤੋਂ ਇਲਾਵਾ ਉਨ੍ਹਾਂ ਦੇ ਬੈਂਕ ਖਾਤਿਆਂ ਅਤੇ ਜਾਇਦਾਦਾਂ ਨੂੰ ਫਰੀਜ਼ ਕਰਨ ਲਈ ਵਿੱਤੀ ਨਜ਼ਰੀਏ ਤੋਂ ਵੀ ਮਾਮਲੇ ਦੀ ਜਾਂਚ ਕਰ ਰਹੀਆਂ ਹਨ।

## ਪੀ ਐੱਫ ਕਢਾਉਣਾ ਔਖਾ

**ਨਵੀਂ ਦਿੱਲੀ** : ਕਾਂਗਰਸ ਨੇ ਸ਼ੁੱਕਰਵਾਰ ਕਿਹਾ ਕਿ ਪ੍ਰਾਵੀਡੈਂਟ ਫੰਡ ਦੇ ਦਾਅਵਿਆਂ ਨੂੰ ਰੱਦ ਕਰਨ ਦੀ ਦਰ ਵਧੀ ਹੈ ਅਤੇ ਇਸ ਦਾ ਵੱਡਾ ਕਾਰਨ ਕਰਮਚਾਰੀ ਭਵਿੱਖਨਿਧੀ ਸੰਗਠਨ (ਈ ਪੀ ਐੱਫ ਓ) ਵੱਲੋਂ ਲਾਗੂ ਕੀਤੀ ਆਨਲਾਈਨ ਪ੍ਰਣਾਲੀ ਹੈ।

ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਇਹ ਵੀ ਦੋਸ਼ ਲਾਇਆ ਕਿ ਈ ਪੀ ਐੱਫ ਓ ਦੀਆਂ ਅਸੰਵੇਦਨਸ਼ੀਲ ਨੀਤੀਆਂ ਕਾਰਨ ਕਈ ਸੇਵਾਮੁਕਤ ਮੁਲਾਜ਼ਮਾਂ ਨੂੰ ਖੁਦਕੁਸ਼ੀ ਵਰਗਾ ਕਦਮ ਚੁੱਕਣ ਲਈ ਮਜਬੂਰ ਹੋਣਾ ਪਿਆ ਹੈ। ਰਮੇਸ਼ ਨੇ ਐਕਸ 'ਤੇ ਪੋਸਟ 'ਚ ਕਿਹਾ ਹੈ-ਮਜ਼ਦੂਰ ਆਪਣੀ ਮਿਹਨਤ ਦੀ ਕਮਾਈ ਪ੍ਰਾਪਤ ਕਰਨ 'ਚ ਅਸਮਰੱਥ ਹਨ। ਈ ਪੀ ਐੱਫ ਓ ਸਰਕਾਰੀ ਸੰਸਥਾ ਹੈ, ਜੋ ਭਾਰਤ ਦੇ ਕਾਮਿਆਂ ਲਈ ਪ੍ਰਾਵੀਡੈਂਟ ਫੰਡ ਦਾ ਪ੍ਰਬੰਧਨ ਕਰਦੀ ਹੈ। ਇਸ 'ਚ ਪ੍ਰਾਵੀਡੈਂਟ ਫੰਡ (ਪੀ ਐੱਫ) ਦਾਅਵਿਆਂ ਦੇ ਅੰਤਮ ਨਿਬੇੜੇ ਲਈ ਅਸਵੀਕਾਰ ਦਰ 'ਚ ਮਹੱਤਵਪੂਰਨ ਵਾਧਾ ਹੋਇਆ ਹੈ। ਲੱਗਭੱਗ ਤਿੰਨ ਵਿੱਚੋਂ ਇੱਕ ਦਾਅਵੇ ਨੂੰ ਰੱਦ ਕਰ ਦਿੱਤਾ ਗਿਆ ਹੈ। ਇਹ 2017-18 ਦੇ ਮੁਕਾਬਲੇ 13 ਫੀਸਦੀ ਵੱਧ ਹੈ। ਇਸ ਦਾ ਮੁੱਖ ਕਾਰਨ ਆਨਲਾਈਨ ਪ੍ਰਣਾਲੀ ਹੈ।

## ਜਰਮਨੀ ਤੋਂ ਦੋ ਬੱਚਿਆਂ ਨੇ ਸਨਮਤੀ ਵਿਮਲ ਜੈਨ ਸਕੂਲ 'ਚ ਦਾਖਲਾ ਕਰਵਾਇਆ



**ਜਗਰਾਉਂ (ਅਮਿਤ ਖੰਨਾ, ਸੰਜੀਵ ਅਰੋੜਾ)**-ਆਪਣੇ ਪੰਜਾਬੀ ਸੱਭਿਆਚਾਰ ਨਾਲ ਬੱਚਿਆਂ ਨੂੰ ਜੋੜਨ ਨੂੰ ਲੈ ਕੇ ਜਗਰਾਉਂ ਨਿਵਾਸੀ ਰਜੀਵ ਸ਼ਰਮਾ ਨੇ ਜਰਮਨੀ ਵਿੱਚ ਪੈਦਾ ਹੋਏ ਦੋਨਾਂ ਬੱਚਿਆਂ ਨੂੰ ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜਗਰਾਉਂ ਵਿਖੇ ਦਾਖਲਾ ਕਰਵਾਇਆ ਤਾਂ ਜੋ ਬੱਚੇ ਪੰਜਾਬੀ ਸੱਭਿਆਚਾਰ ਨਾਲ ਜੁੜੇ ਰਹਿਣ ਤੇ ਪੰਜਾਬੀ ਸੰਸਕ੍ਰਿਤੀ ਨੂੰ ਆਪਣਾ ਸਕਣ। ਇਨ੍ਹਾਂ ਬੱਚਿਆਂ ਦੀ ਮਾਂ ਕੈਰੋਲੀਨ ਜਰਮਨੀ ਦੀ ਰਹਿਣ ਵਾਲੀ ਹੈ। ਡਾਇਰੈਕਟਰ ਮੈਡਮ ਸ਼ਸ਼ੀ ਜੈਨ ਨੇ ਖੁਸ਼ੀ ਜ਼ਾਹਰ ਕਰਦਿਆਂ ਦੱਸਿਆ ਕਿ ਸਕੂਲ ਲਈ ਜਿੱਥੇ ਮਾਣ ਵਾਲੀ ਗੱਲ ਹੈ, ਉਥੇ ਉਨ੍ਹਾ ਮਾਤਾ-ਪਿਤਾ ਦੀ ਸੋਚ ਨੂੰ ਸਲਾਮ ਕੀਤਾ ਕਿ ਬਾਹਰ ਰਹਿੰਦੇ ਹੋਏ ਵੀ ਆਪਣੇ ਬੱਚਿਆਂ ਨੂੰ ਪੰਜਾਬੀ ਸੱਭਿਆਚਾਰ ਨਾਲ ਜੋੜਨਾ ਚਾਹੁੰਦੇ ਹਨ।

## ਦਸਮੇਸ਼ ਮਿਸ਼ਨ ਸਕੂਲ ਹਰੀ ਨੌਂ ਨੇ ਕੌਮਾਂਤਰੀ ਪੱਧਰ 'ਤੇ ਜਿੱਤੇ ਮੈਡਲ



**ਕੋਟਕਪੂਰਾ (ਰਛਪਾਲ ਭੁੱਲਰ)**-ਅੰਤਰਰਾਸ਼ਟਰੀ ਪੱਧਰ ਦੀ ਸੰਸਥਾ ਸਿਲਵਰ ਜ਼ੋਨ ਓਲੰਪੀਅਡ ਦੁਆਰਾ ਕਰਵਾਏ ਗਏ ਅੰਗਰੇਜ਼ੀ ਵਿਸ਼ੇ ਦੀ ਪ੍ਰੀਖਿਆ ਵਿੱਚ ਦਸਮੇਸ਼ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਹਰੀ ਨੌਂ ਦੇ ਗੁਰਸ਼ਰਨਦੀਪ ਸਿੰਘ ਨੌਵੀਂ ਜਮਾਤ ਤੇ ਸਿਮਰਨ ਕੌਰ 12ਵੀਂ ਜਮਾਤ ਦੇ ਵਿਦਿਆਰਥੀਆਂ ਨੇ ਗੋਲਡ ਮੈਡਲ ਤੇ ਜਸਪ੍ਰੀਤ ਕੌਰ ਨੌਵੀਂ ਅਤੇ ਖੁਸ਼ਪ੍ਰੀਤ ਕੌਰ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਨੇ ਸਿਲਵਰ ਮੈਡਲ ਤੇ ਸ਼ਗਨਪ੍ਰੀਤ ਕੌਰ ਨੌਵੀਂ ਤੇ ਰੁਕਮਣ ਵੀਰ ਕੌਰ ਗਿਆਰਵੀਂ ਨੇ ਕਾਂਸੀ ਦੇ ਤਮਗੇ ਹਾਸਲ ਕੀਤੇ। 27 ਵਿਦਿਆਰਥੀਆਂ ਨੇ ਮੈਰਿਟ ਸਰਟੀਫਿਕੇਟ ਹਾਸਲ ਕੀਤੇ। ਇਸ ਪ੍ਰੀਖਿਆ ਵਿੱਚ ਗੁਰਜੀਤ ਸਿੰਘ ਲੈਕਚਰਾਰ ਕੈਮਿਸਟਰੀ ਨੇ ਵਿਸ਼ੇਸ਼ ਯੋਗਦਾਨ ਪਾਇਆ। ਇਨ੍ਹਾਂ ਪ੍ਰਾਪਤੀਆਂ ਤੇ ਸਕੂਲ ਦੇ ਐੱਮ. ਡੀ. ਸ੍ਰੀ ਬਲਜੀਤ ਸਿੰਘ, ਡਾਇਰੈਕਟਰ ਪ੍ਰਿੰਸੀਪਲ ਸੁਰਿੰਦਰ ਕੌਰ ਤੇ ਪ੍ਰਿੰਸੀਪਲ ਸਤਵਿੰਦਰ ਕੌਰ ਨੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈਆਂ ਦਿੱਤੀਆਂ। ਇਸੇ ਤਰ੍ਹਾਂ ਦੀਆਂ ਪ੍ਰੀਖਿਆਵਾਂ ਵਿੱਚ ਭਾਗ ਲੈਣ ਨਾਲ ਵਿਦਿਆਰਥੀ ਭਵਿੱਖ ਵਿੱਚ ਹੋਣ ਵਾਲੀਆਂ ਪ੍ਰੀਖਿਆਵਾਂ ਲਈ ਸੰਪੂਰਨ ਤਿਆਰ ਹੁੰਦੇ ਹਨ।

## ਮਹਾਂਸ਼ਿਵਰਾਤਰੀ ਉਤਸਵ ਦੇ ਸੰਬੰਧ 'ਚ ਪ੍ਰਭਾਤ ਫੇਰੀਆਂ ਸ਼ੁਰੂ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਸ਼ਹਿਰ ਮਹਾਂਸ਼ਿਵਰਾਤਰੀ ਉਤਸਵ ਦੇ ਸਬੰਧ ਵਿੱਚ ਪ੍ਰਭਾਤ ਫੇਰੀਆਂ ਦਾ ਪ੍ਰਵਾਹ ਸ਼ੁਰੂ ਹੋ ਗਿਆ ਹੈ। ਦੁਰਗਾ ਸ਼ਕਤੀ ਮੰਦਰ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਅੱਜ ਤੜਕੇ 4 ਵਜੇ ਮੰਦਰ ਤੋਂ ਪ੍ਰਭਾਤ ਫੇਰੀ ਕੱਢੀ ਗਈ, ਜੋ ਸ਼ਹਿਰ ਦੀ ਪ੍ਰਕਿਰਮਾ ਕਰਨ ਉਪਰੰਤ ਬਾਬਾ ਬਾਲਕ ਨਾਥ ਮੰਦਰ ਵਿਖੇ ਆ ਕੇ ਸਮਾਪਤ ਹੋਈ। ਪ੍ਰਭਾਤ ਫੇਰੀ ਦੌਰਾਨ ਕਈ ਸ਼ਰਧਾਲੂਆਂ ਵੱਲੋਂ ਆਪਣੇ ਘਰਾਂ ਵਿੱਚ ਇਸ ਦਾ ਸਵਾਗਤ ਕੀਤਾ ਗਿਆ ਤੇ ਆਈਆਂ ਸੰਗਤਾਂ ਲਈ ਵੱਖ-ਵੱਖ ਪਕਵਾਨਾਂ ਦੇ ਲੰਗਰ ਵਰਤਾਏ ਗਏ। ਇਸ ਮੌਕੇ ਮੰਦਰ ਕਮੇਟੀ ਦੇ ਪ੍ਰਧਾਨ ਨੰਦ ਕਿਸ਼ੋਰ ਨੇ ਦੱਸਿਆ ਕਿ 8 ਮਾਰਚ ਨੂੰ ਮਹਾਂਸ਼ਿਵਰਾਤਰੀ ਉਤਸਵ ਤੱਕ ਪ੍ਰਭਾਤ ਫੇਰੀਆਂ ਦਾ ਪ੍ਰਵਾਹ ਜਾਰੀ ਰਹੇਗਾ। ਉਨ੍ਹਾ ਦੱਸਿਆ ਕਿ 8 ਮਾਰਚ ਨੂੰ ਮੰਦਰ ਤੋਂ ਇੱਕ ਸ਼ੋਭਾ ਯਾਤਰਾ ਸ਼ਾਮ 4 ਵਜੇ ਸਜਾਈ ਜਾਵੇਗੀ। ਇਸ ਮੌਕੇ ਸੋਨੂੰ ਸੇਠੀ, ਵਿਜੈ ਕੌੜਾ, ਸ਼ਿਵਚਰਨ ਸ਼ਰਮਾ, ਰਾਜੇਸ਼ ਆਨੰਦ, ਮੰਗਤ ਰਾਏ ਬੱਤਰਾ, ਸੁਨੀਲ ਓਹਰੀ, ਉਮੇਸ਼ ਸੂਈ, ਅੰਕਿਤ ਸੇਠੀ, ਦੁਸਯੰਤ ਕੌਸ਼ਲ, ਰਾਕੇਸ਼ ਵਰਮਾ, ਪੁਜਾਰੀ ਅਨੁਜ ਸ਼ਰਮਾ, ਸੋਨੂੰ ਸ਼ਰਮਾ, ਸੋਨੂੰ ਵਰਮਾ, ਅਸੀਮ ਗੁਪਤਾ, ਮਦਨ ਲਾਲ ਬਿੱਟੂ ਮੌਜੂਦ ਸਨ।

## ਸੀ ਐੱਚ ਟੀ ਬਣਨ 'ਤੇ ਸੁਧੀਰ ਝਾਂਜੀ ਦਾ ਸਨਮਾਨ



**ਜਗਰਾਉਂ (ਅਮਿਤ ਖੰਨਾ, ਸੰਜੀਵ ਅਰੋੜਾ)**-ਆਪਣੀ ਅਣਥੱਕ ਮਿਹਨਤ ਤੇ ਸੇਵਾ ਦੇ ਜਜ਼ਬੇ ਦੀ ਬਦੌਲਤ ਅਧਿਆਪਕ ਸੁਧੀਰ ਝਾਂਜੀ ਸੈਂਟਰ ਹੈੱਡ ਟੀਚਰ ਬਣ ਗਏ। ਜਿਨ੍ਹਾਂ ਦੀ ਅਗਵਾਈ ਹੇਠ ਉਨੀ ਸਕੂਲ ਕੰਮ ਕਰਨਗੇ। ਇਸ ਮੌਕੇ ਅਹੁਦਾ ਸੰਭਾਲਣ ਤੇ ਗੁਰੂ ਨਾਨਕ ਸਹਾਰਾ ਸੁਸਾਇਟੀ ਜਗਰਾਉਂ ਵੱਲੋਂ ਕੈਪਟਨ ਨਰੇਸ਼ ਵਰਮਾ, ਕੇਵਲ ਮਲਹੋਤਰਾ, ਕੰਚਨ ਗੁਪਤਾ ਤੇ ਹੋਰ ਮੈਂਬਰਾਂ ਨੇ ਸੁਧੀਰ ਝਾਂਜੀ ਨੂੰ ਸਨਮਾਨਤ ਕੀਤਾ। ਇਸ ਮੌਕੇ ਸਰਕਾਰੀ ਪ੍ਰਾਇਮਰੀ ਸੈਂਟ੍ਰਲ ਗਰਲਜ਼ ਸਕੂਲ ਤੇ ਸਰਕਾਰੀ ਪ੍ਰਾਇਮਰੀ ਸੈਂਟ੍ਰਲ (ਲੜਕੇ) ਜਗਰਾਉਂ ਦਾ ਸਟਾਫ ਵੀ ਹਾਜ਼ਰ ਸੀ। ਇਸ ਮੌਕੇ ਵਧਾਈ ਦਿੰਦੇ ਹੋਏ ਕੈਪਟਨ ਨਰੇਸ਼ ਵਰਮਾ, ਕੇਵਲ ਮਲਹੋਤਰਾ ਤੇ ਮੈਡਮ ਕੰਚਨ ਗੁਪਤਾ ਨੇ ਸੁਧੀਰ ਝਾਂਜੀ ਨੂੰ ਕਿਹਾ ਕਿ ਬੱਚਿਆਂ ਲਈ ਜਦੋਂ ਵੀ ਕੋਈ ਜ਼ਰੂਰਤ ਹੋਈ, ਉਨ੍ਹਾਂ ਦੀ ਸੰਸਥਾ ਸਹਾਇਤਾ ਕਰਨ ਲਈ ਹਰ ਵੇਲੇ ਤਿਆਰ ਹੈ। ਇਸ ਮੌਕੇ ਸੀ.ਐੱਚ.ਟੀ. ਸੁਧੀਰ ਝਾਂਜੀ ਨੇ ਗੁਰੂ ਨਾਨਕ ਸਹਾਰਾ ਸੁਸਾਇਟੀ ਦਾ ਧੰਨਵਾਦ ਕਰਦੇ ਹੋਇਆਂ ਕਿ ਉਨ੍ਹਾਂ ਨੂੰ ਅੱਜ ਬਹੁਤ ਹੌਸਲਾ ਮਿਲਿਆ ਹੈ ਤੇ ਉਹ ਐੱਨ. ਜੀ. ਓ. ਦੇ ਸਹਿਯੋਗ ਨਾਲ ਹਰ ਸਕੂਲ ਦਾ ਖਿਆਲ ਰੱਖਣਗੇ।

## ਮੈਥ ਪ੍ਰੀਮੀਅਰ ਲੀਗ 'ਚ ਜ਼ਿਲ੍ਹਾ ਮੁਕਤਸਰ ਦੀ ਅਧਿਆਪਕਾ ਸੂਬੇ 'ਚੋਂ ਅੱਵਲ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਐੱਸ.ਸੀ.ਈ.ਆਰ.ਟੀ. ਤੇ ਖਾਨ ਅਕੈਡਮੀ ਵੱਲੋਂ 21 ਅਕਤੂਬਰ ਤੋਂ 8 ਦਸੰਬਰ 2023 ਤੱਕ ਪੰਜਾਬ ਭਰ ਦੇ ਸਕੂਲਾਂ ਵਿੱਚ ਮੈਥ ਪ੍ਰੀਮੀਅਰ ਲੀਗ ਮੁਕਾਬਲਾ ਕਰਵਾਇਆ ਗਿਆ। ਇਸ ਮੁਕਾਬਲੇ ਦਾ ਮੰਤਵ ਪੰਜਾਬ ਦੇ ਵਿਦਿਆਰਥੀਆਂ ਨੂੰ ਗਣਿਤ ਵਿਸ਼ੇ ਨੂੰ ਆਸਾਨੀ ਨਾਲ ਸਿੱਖਣ ਲਈ ਵੱਧ ਤੋਂ ਵੱਧ ਸਮਾਂ ਖਾਨ ਅਕੈਡਮੀ ਦੇ ਪਰਸਨਲਾਇਜ਼ਡ ਪ੍ਰੈਕਟਿਸ ਪ੍ਰੋਗਰਾਮ ਦੀ ਵਰਤੋਂ ਕਰਨਾ ਸੀ। ਇਸ ਮੁਕਾਬਲੇ ਵਿੱਚ ਮੈਡਮ ਏਕਤਾ ਦੇ ਮਾਰਗਦਰਸ਼ਨ ਅਧੀਨ ਸਰਕਾਰੀ ਮਿਡਲ ਸਕੂਲ ਅਟਾਰੀ ਨੇ ਪੰਜਾਬ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਇਸ ਖੇਤਰ 'ਚ ਆਪਣੇ ਅਨਮੁੱਲੇ ਯੋਗਦਾਨ ਲਈ ਮੈਡਮ ਅਮਨਿੰਦਰ ਕੌਰ, ਡਾਇਰੈਕਟਰ ਐੱਸ.ਸੀ.ਈ.ਆਰ.ਟੀ. ਸਕੂਲ ਸਿੱਖਿਆ ਵਿਭਾਗ, ਪੰਜਾਬ ਦੁਆਰਾ ਸਰਕਾਰੀ ਮਿਡਲ ਸਕੂਲ, ਅਟਾਰੀ (ਸ੍ਰੀ ਮੁਕਤਸਰ ਸਾਹਿਬ) ਦੀ ਅਧਿਆਪਿਕਾ ਏਕਤਾ ਨੂੰ ਸਨਮਾਨਤ ਕੀਤਾ ਗਿਆ। ਸਨਮਾਨ ਪੱਤਰ ਦੇ ਨਾਲ ਉਨ੍ਹਾਂ ਨੂੰ ਖਾਨ ਅਕੈਡਮੀ ਦਾ ਕੰਮ ਹੋਰ ਸੁਖਾਲੇ ਢੰਗ ਨਾਲ ਚਲਾਉਣ ਲਈ ਪੰਜ ਟੈਬਲੇਟ, ਦੋ ਬਲੂਟੁੱਥ ਸਪੀਕਰ ਤੇ ਹੈੱਡਫੋਨ ਇਨਾਮ ਵਜੋਂ ਦਿੱਤੇ ਗਏ। ਪਿਛਲੇ ਸਾਲ ਹੋਏ ਮੈਥ ਪ੍ਰੀਮੀਅਰ ਲੀਗ ਵਿੱਚ ਵੀ ਮੈਡਮ ਏਕਤਾ ਨੇ ਪੰਜਾਬ ਦੇ ਜੇਤੂ ਅਧਿਆਪਕਾਂ 'ਚ ਆਪਣਾ ਨਾਮ ਦਰਜ ਕਰਵਾਇਆ ਸੀ। ਇਸ ਤੋਂ ਪਹਿਲਾਂ ਵੀ ਰਾਸ਼ਟਰੀ ਪੱਧਰ ਦੇ ਮੁਕਾਬਲੇ ਲਰਨਸਟੋਰਮ ਵਿੱਚ ਦੇਸ਼ ਭਰ 'ਚ ਉਨ੍ਹਾਂ ਨੇ ਅੱਵਲ ਸਥਾਨ ਹਾਸਲ ਕੀਤਾ ਸੀ। ਗਣਿਤ ਵਿਸ਼ੇ ਦੀਆਂ ਲਰਨਿੰਗ ਆਊਟਕਮਜ਼ 'ਚ ਸੁਧਾਰ ਕਰਨ ਲਈ ਖਾਨ ਅਕੈਡਮੀ ਦੇ ਪਰਸਨਲਾਇਜ਼ਡ ਪ੍ਰੈਕਟਿਸ ਪ੍ਰੋਗਰਾਮ ਦੀ ਲਗਾਤਾਰ ਵਰਤੋਂ ਕਰਨ ਲਈ ਬੀਤੇ ਸਾਲ ਉਨ੍ਹਾਂ ਨੂੰ ਐੱਸ.ਸੀ.ਈ.ਆਰ.ਟੀ. ਤੇ ਖਾਨ ਅਕੈਡਮੀ ਵੱਲੋਂ ਸਨਮਾਨਤ ਕੀਤਾ ਗਿਆ ਸੀ। ਆਪਣੀਆਂ ਇਨ੍ਹਾਂ ਉਪਲੱਬਧੀਆਂ ਸਦਕਾ ਮੈਡਮ ਏਕਤਾ ਨੇ ਸ੍ਰੀ ਮੁਕਤਸਰ ਸਾਹਿਬ ਦੇ ਛੋਟੇ ਜਿਹੇ ਪਿੰਡ ਅਟਾਰੀ ਦਾ ਨਾਂਅ ਸੂਬੇ ਭਰ ਵਿੱਚ ਰੋਸ਼ਨ ਕੀਤਾ।

## ਐੱਸ ਆਰ ਐੱਸ ਵਿੱਦਿਆਪੀਠ 'ਚ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਕੀਤਾ ਸਨਮਾਨਤ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਵਿੱਚ ਇੱਕ ਵਿਸ਼ੇਸ਼ ਪ੍ਰਾਰਥਨਾ ਸਭਾ ਦਾ ਆਯੋਜਨ ਕੀਤਾ ਗਿਆ, ਜਿਸ ਦਾ ਮੁੱਖ ਵਿਸ਼ਾ ਵੱਖ-ਵੱਖ ਮੁਕਾਬਲੇ (ਐੱਸ ਓ ਐੱਫ, ਟੇਲੈਂਟ ਐਕਸ ਤੇ ਊਰਜਾ ਮੀਟ) ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕਰਨਾ ਸੀ, ਜਿਨ੍ਹਾਂ ਨੇ ਵਿਗਿਆਨ, ਆਮ ਗਿਆਨ, ਹਿਸਾਬ ਤੇ ਅੰਗਰੇਜ਼ੀ ਵਿੱਚ ਆਪਣੀ ਬੇਮਿਸਾਲ ਕਾਬਲੀਅਤ ਦਾ ਪ੍ਰਦਰਸ਼ਨ ਕਰਦੇ ਹੋਏ ਐੱਸ ਓ ਐੱਫ ਮੁਕਾਬਲੇ ਦੀ ਪ੍ਰੀਖਿਆ 2023-24 ਵਿੱਚ ਉੱਤਮਤਾ ਦਾ ਸੋਨ ਤਮਗਾ ਪ੍ਰਾਪਤ ਕੀਤਾ ਹੈ। ਉਨ੍ਹਾਂ ਦਾ ਸ਼ਾਨਦਾਰ ਪ੍ਰਦਰਸ਼ਨ ਉਨ੍ਹਾਂ ਦੇ ਸਮਰਪਣ ਤੇ ਬੌਧਿਕ ਹੁਨਰ ਦਾ ਪ੍ਰਮਾਣ ਹੈ। ਸਕੂਲ ਪ੍ਰਿੰਸੀਪਲ ਮਿਸ ਮਿਲੀ ਬੋਸ ਵੱਲੋਂ ਐੱਸ ਓ ਐੱਫ, ਟੇਲੈਂਟ ਐਕਸ ਤੇ ਊਰਜਾ ਮੀਟ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਤੇ ਤਮਗੇ ਦੇ ਕੇ ਸਨਮਾਨਤ ਕੀਤਾ ਗਿਆ। ਐੱਸ ਓ ਐੱਫ ਦੇ ਇੰਚਾਰਜ ਅਧਿਆਪਕਾਂ ਨੂੰ ਵੀ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਸਾਨੂੰ ਆਪਣੇ ਵਿਦਿਆਰਥੀਆਂ ਉੱਤੇ ਮਾਣ ਹੈ ਤੇ ਭਰੋਸਾ ਹੈ ਕਿ ਉਹ ਆਪਣੇ ਅਕਾਦਮਿਕ ਯਤਨਾਂ 'ਚ ਹਮੇਸ਼ਾ ਚਮਕਦੇ ਰਹਿਣਗੇ। ਇਸ ਮੌਕੇ ਸਕੂਲ ਪ੍ਰਿੰਸੀਪਲ ਮਿਸ ਮਿਲੀ ਬੋਸ, ਚੇਅਰਮੈਨ ਅਮਿਤ ਸਿੰਗਲਾ ਤੇ ਸੈਕਟਰੀ ਲਲਿਤ ਸਿੰਗਲਾ ਨੇ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਭਵਿੱਖ ਵਿੱਚ ਵੀ ਉਨ੍ਹਾਂ ਨੂੰ ਅਜਿਹੇ ਸਿੱਖਿਆਦਾਇਕ ਤੇ ਖੇਡ ਮੁਕਾਬਲਿਆਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

## ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦਾ ਧਰਨਾ ਸਮਾਪਤ



**ਮੱਖੂ (ਰਛਪਾਲ ਸਿੰਘ ਸੰਧੂ)**-ਆਲ ਪੰਜਾਬ ਆਂਗਣਵਾੜੀ ਵਰਕਰ ਯੂਨੀਅਨ ਬਲਾਕ ਮਖੂ ਦੀਆਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਵੱਲੋਂ ਬਲਾਕ ਪ੍ਰਧਾਨ ਜੀਵਨ ਸਰਮਾ ਦੀ ਅਗਵਾਈ 'ਚ ਦਫ਼ਤਰ ਸੀਡੀਪੀਓ ਵਿਖੇ ਆਪਣੀਆਂ ਹੱਕੀ ਮੰਗਾਂ ਦੇ ਸਬੰਧ ਵਿੱਚ ਲਾਇਆ ਹੋਇਆ ਧਰਨਾ ਸਮਾਪਤ ਕੀਤਾ ਗਿਆ।

ਬਲਾਕ ਪ੍ਰਧਾਨ ਜੀਵਨ ਸ਼ਰਮਾ ਨੇ ਕਿਹਾ ਕਿ ਸੈਂਟਰ ਸ਼ੇਅਰ 6 ਮਹੀਨਿਆਂ ਦਾ ਰਿਲੀਜ਼ ਹੋ ਚੁੱਕਾ ਹੈ, ਜਦਕਿ 6 ਮਹੀਨਿਆਂ ਦਾ ਸਟੇਟ ਸ਼ੇਅਰ ਬਕਾਇਆ ਰਹਿ ਗਿਆ ਹੈ। ਉਨ੍ਹਾਂ ਕਿਹਾ ਕਿ 6 ਮਹੀਨਿਆਂ ਦਾ ਸੈਂਟਰ ਸ਼ੇਅਰ ਰਿਲੀਜ਼ ਹੋਣ ਕਾਰਨ ਧਰਨਾ ਸਮਾਪਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਆਂਗਣਵਾੜੀ ਵਰਕਰਾਂ ਤੇ ਹੈਪਲਰਾਂ ਦਫ਼ਤਰ ਵਿੱਚ ਹਾਜ਼ਰ ਤਾਂ ਰਹਿਣਗੀਆਂ, ਪਰ ਜਦ ਤੱਕ ਉਨ੍ਹਾਂ ਨੂੰ 6 ਮਹੀਨਿਆਂ ਦਾ ਸਟੇਟ ਸੇਅਰ ਨਹੀਂ ਮਿਲਦਾ, ਉਸ ਵਕਤ ਤੱਕ ਦਫ਼ਤਰ ਦਾ ਕੋਈ ਕੰਮ ਨਹੀਂ ਕੀਤਾ ਜਾਵੇਗਾ। ਇਸ ਮੌਕੇ ਬਲਾਕ ਪ੍ਰਧਾਨ ਜੀਵਨ ਸ਼ਰਮਾ ਵੱਲੋਂ 6 ਮਹੀਨਿਆਂ ਦੇ ਰਹਿੰਦੇ ਸਟੇਟ ਸੇਅਰ ਦੇ ਸਬੰਧ ਵਿੱਚ ਸੀਡੀਪੀਓ ਮਖੂ ਸੁਖਵਿੰਦਰ ਕੌਰ ਨੂੰ ਮੰਗ ਪੱਤਰ ਵੀ ਸੌਂਪਿਆ ਗਿਆ।

# ਬਾਦਲ ਨੇ ਸੱਤਾ ਦੀ ਵਰਤੋਂ ਨਿੱਜੀ ਫਾਇਦੇ ਲਈ ਕੀਤੀ : ਕੰਗ



**ਚੰਡੀਗੜ੍ਹ (ਗੁਰਜੀਤ ਬਿੱਲਾ)**-ਸੁਖਵਿਲਾਸ ਹੋਟਲ ਮੁੱਦੇ 'ਤੇ ਆਮ ਆਦਮੀ ਪਾਰਟੀ (ਆਪ) ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ 'ਤੇ ਫਿਰ ਹਮਲਾ ਬੋਲਿਆ ਹੈ। 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਬਾਦਲ ਪਰਵਾਰ ਸਰਕਾਰੀ ਸਹੂਲਤਾਂ ਦਾ ਆਦਤਨ ਲਾਭਪਾਤਰੀ ਹੈ। ਸ਼ੁੱਕਰਵਾਰ ਨੂੰ ਚੰਡੀਗੜ੍ਹ ਪਾਰਟੀ ਹੈੱਡਕੁਆਰਟਰ ਵਿਖੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮਲਵਿੰਦਰ ਕੰਗ ਨੇ ਕਿਹਾ ਕਿ ਬਾਦਲਾਂ ਨੇ ਹਮੇਸ਼ਾ ਸੱਤਾ ਦੀ ਵਰਤੋਂ ਆਪਣੇ ਨਿੱਜੀ ਮੁਫ਼ਾਦਾਂ ਅਤੇ ਪਰਵਾਰਕ ਕਾਰੋਬਾਰ ਲਈ ਕੀਤੀ ਹੈ। ਸੁਖ ਵਿਲਾਸ ਹੋਟਲ ਇਸਦਾ ਇੱਕ ਉਦਾਹਰਣ ਹੈ। ਉਨ੍ਹਾਂ ਨੇ ਹਰ ਸਰਕਾਰੀ ਮਹਿਕਮੇ ਵਿੱਚ ਅਜਿਹਾ ਕੀਤਾ ਹੈ। ਕੰਗ ਨੇ ਇਸ ਦੀ ਉਦਾਹਰਨ ਦਿੰਦਿਆਂ ਕਿਹਾ ਕਿ ਜਦੋਂ ਪ੍ਰਕਾਸ਼ ਸਿੰਘ ਬਾਦਲ ਨੇ 1977 ਵਿੱਚ ਐਸਵਾਈਐਲ ਨਹਿਰ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਸੀ ਤਾਂ ਬਦਲੇ ਵਿੱਚ ਉਨ੍ਹਾਂ ਨੂੰ ਹਰਿਆਣਾ ਸਰਕਾਰ ਤੋਂ ਗੁੜਗਾਉਂ ਵਿੱਚ ਪੰਜ ਤਾਰਾ ਹੋਟਲ ਲਈ ਜ਼ਮੀਨ ਮਿਲੀ ਸੀ। 1997 ਵਿੱਚ ਜਦੋਂ ਉਨ੍ਹਾਂ ਦੀ ਸਰਕਾਰ ਨੇ ਐਸ.ਵਾਈ.ਐਲ ਦੇ ਅਪਗ੍ਰੇਡੇਸ਼ਨ ਦਾ ਕੰਮ ਕੀਤਾ ਤਾਂ ਉਨ੍ਹਾਂ ਨੂੰ ਬਾਲਾਸਰ ਦੇ ਖੇਤਾਂ ਨੂੰ ਵੱਧ ਤੋਂ ਵੱਧ ਪਾਣੀ ਪਹੁੰਚਾਉਣ ਦਾ ਲਾਭ ਮਿਲਿਆ ਤਾਂ ਜੋ ਉਨ੍ਹਾਂ ਦੀ ਖੇਤੀ ਵਿੱਚ ਕੋਈ ਮੁਸ਼ਕਲ ਨਾ ਆਵੇ। ਇਹਨਾਂ ਲੋਕਾਂ ਨੇ ਗੁਰਬਾਣੀ ਵੀ ਨਹੀਂ ਛੱਡੀ। ਉਨ੍ਹਾਂ ਨੇ ਗੁਰੂ ਸਾਹਿਬ ਦੀ ਬਾਣੀ ਦਾ ਪ੍ਰਚਾਰ ਵੀ ਸੀਮਤ ਕਰ ਲਿਆ ਅਤੇ ਇਸ ਤੋਂ ਲਾਭ ਕਮਾਇਆ। ਇਸਦਾ ਏਕਾਧਿਕਾਰ ਉਸਦੇ ਚੈਨਲ ਪੀ.ਟੀ.ਸੀ.ਨੂੰ ਸੀ, ਕਿਸੇ ਹੋਰ ਚੈਨਲ ਨੂੰ ਇਸ ਦੇ ਪ੍ਰਸਾਰਣ ਦਾ ਅਧਿਕਾਰ ਨਹੀਂ ਸੀ। ਜੇਕਰ ਹੋਰ ਚੈਨਲਾਂ ਨੂੰ ਵੀ ਗੁਰਬਾਣੀ ਪ੍ਰਸਾਰਣ ਦਾ ਅਧਿਕਾਰ ਮਿਲ ਜਾਂਦਾ ਤਾਂ ਐਸਜੀਪੀਸੀ ਨੂੰ ਕਰੋੜਾਂ ਰੁਪਏ ਮਿਲਦੇ। ਇਸ ਤਰ੍ਹਾਂ ਉਸ ਨੇ ਆਪਣਾ ਟਰਾਂਸਪੋਰਟ ਦਾ ਕਾਰੋਬਾਰ ਖੜਾ ਕੀਤਾ। ਆਪਣੇ ਫਾਇਦੇ ਲਈ ਉਹ ਟਰਾਂਸਪੋਰਟ ਨੀਤੀ ਲੈ ਕੇ ਆਏ, ਜਿਸ ਵਿਚ ਪ੍ਰਾਈਵੇਟ ਬੱਸਾਂ 'ਤੇ ਘੱਟ ਟੈਕਸ ਅਤੇ ਸਰਕਾਰੀ ਬੱਸਾਂ 'ਤੇ ਜ਼ਿਆਦਾ ਟੈਕਸ ਲਗਾਇਆ ਗਿਆ ਸੀ। ਉਸ ਨੀਤੀ ਵਿੱਚ ਟਰਾਂਸਪੋਰਟ ਵਿਭਾਗ ਦੇ ਸਾਰੇ ਨਿਯਮਾਂ ਦੀਆਂ ਧੱਜੀਆਂ ਉਡਾਈਆਂ ਗਈਆਂ, ਜਿਸ ਦਾ ਸਿੱਧਾ ਫਾਇਦਾ ਉਨਾਂ ਦੀ ਟਰਾਂਸਪੋਰਟ ਕੰਪਨੀ ਨੂੰ ਹੋਇਆ। ਇੱਥੋਂ ਤੱਕ ਕਿ ਸੁਖਵਿਲਾਜ਼ ਹੋਟਲ ਮਾਮਲੇ ਵਿੱਚ ਵੀ ਉਨਾਂ ਨੇ ਆਪਣੀ ਤਾਕਤ ਦੀ ਵਰਤੋਂ ਆਪਣੇ ਫਾਇਦੇ ਲਈ ਕੀਤੀ।

ਜੰਗਲਾਤ ਕਾਨੂੰਨਾਂ ਦੀ ਅਣਦੇਖੀ ਕਰਦਿਆਂ ਉਸ ਨੇ ਪੰਜ ਤਾਰਾ ਹੋਟਲ ਬਣਾ ਕੇ ਸਰਕਾਰ ਤੋਂ ਟੈਕਸ ਅਤੇ ਬਿਜਲੀ ਦੇ ਬਿੱਲ ਮੁਆਫ ਕਰਵਾ ਲਏ, ਜਿਸ ਨਾਲ ਪੰਜਾਬ ਦੇ ਖਜਾਨੇ ਨੂੰ ਕਰੀਬ 108 ਕਰੋੜ ਰੁਪਏ ਦਾ ਚੂਨਾ ਲਾਇਆ। ਉਨ੍ਹਾਂ ਕਿਹਾ ਕਿ ਸੁਖਵਿਲਾਸ ਹੋਟਲ ਪੰਜਾਬ ਦੇ ਲੋਕਾਂ ਦੇ ਖ਼ੂਨ ਪਸੀਨੇ ਨਾਲ ਬਣਿਆ ਹੈ। ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਨੇ ਸੱਤਾ ਵਿੱਚ ਰਹਿੰਦਿਆਂ ਪੰਜਾਬ ਦਾ ਕੋਈ ਵਸੀਲਾ ਨਹੀਂ ਛੱਡਿਆ। ਉਨ੍ਹਾਂ ਨੇ ਪੰਜਾਬ ਦੇ ਪਾਣੀ, ਜਮੀਨ, ਜੰਗਲ, ਟਰਾਂਸਪੋਰਟ ਅਤੇ ਇੱਥੋਂ ਤੱਕ ਕਿ ਗੁਰਬਾਣੀ ਨੂੰ ਵੀ ਆਪਣੇ ਫਾਇਦੇ ਲਈ ਵਰਤਿਆ। ਕੰਗ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਉਨ੍ਹਾਂ ਦੀਆਂ ਗੱਲਾਂ ਵਿੱਚ ਨਾ ਆਉਣ। ਇਨ੍ਹਾਂ ਦਾ ਕੰਮ ਲੋਕਾਂ ਨੂੰ ਗੁੰਮਰਾਹ ਕਰਕੇ ਆਪਣਾ ਕਾਰੋਬਾਰ ਚਲਾਉਣਾ ਹੈ।

## ਪੰਜਾਬ ਅਧਿਆਪਕ ਇਲੀਜੀਬਿਲਟੀ ਟੈਸਟ 1 ਤੇ 2 ਦਾ ਰਿਜ਼ਲਟ ਦੁਹਰਾਇਆ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪੰਜਾਬ ਐਂਡ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਅਨੁਸਾਰ ਸਿੱਖਿਆ ਵਿਭਾਗ ਵੱਲੋਂ 2018 ਵਿੱਚ ਹੋਏ ਪੰਜਾਬ ਅਧਿਆਪਕ ਇਲੀਜੀਬਿਲਟੀ ਟੈਸਟ 1 ਤੇ 2 ਦਾ ਰਿਜ਼ਲਟ ਦੁਹਰਾਇਆ ਗਿਆ ਹੈ। ਇਹ ਟੈਸਟ ਬਹੁਤ ਸਾਰੇ ਉਮੀਦਵਾਰਾਂ ਵੱਲੋਂ ਦਿੱਤਾ ਗਿਆ ਸੀ ਤੇ ਨਤੀਜੇ ਅਨੁਸਾਰ ਕਾਫੀ ਪ੍ਰਸ਼ਨਾਂ ਦੇ ਉੱਤਰ ਗ਼ਲਤ ਦਿੱਤੇ ਗਏ ਸਨ। ਇਨ੍ਹਾਂ ਉੱਤਰਾਂ ਨੂੰ ਉਮੀਦਵਾਰਾਂ ਵੱਲੋਂ ਆਪਣੇ ਵਕੀਲ ਵਿਸ਼ਾਲ ਮਿੱਤਲ ਰਾਹੀਂ ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਸੀ ਡਬਲ ਪੀ 12233 ਓ ਫ 2020 ਰਾਹੀ ਚੈਲੇਂਜ ਕੀਤਾ ਗਿਆ ਸੀ, ਜਿਸ ਵਿੱਚ ਮਾਨਯੋਗ ਹਾਈਕੋਰਟ ਨੇ ਪੰਜਾਬ ਯੂਨੀਵਰਸਿਟੀ ਨੂੰ ਨਿਰਦੇਸ਼ ਜਾਰੀ ਕੀਤੇ ਸਨ ਕਿ ਵਿਸ਼ਿਆਂ ਦੇ ਮਾਹਿਰਾਂ ਦੀ ਇੱਕ ਕਮੇਟੀ ਗਠਿਤ ਕੀਤੀ ਜਾਵੇ ਤੇ ਸਿੱਖਿਆ ਵਿਭਾਗ ਕਮੇਟੀ ਦੀ ਰਿਪੋਰਟ ਅਨੁਸਾਰ ਰਿਜ਼ਲਟ ਰਿਵਾਈਜ ਕਰੇ। ਮਾਨਯੋਗ ਹਾਈਕੋਰਟ ਦੇ ਹੁਕਮਾਂ ਅਨੁਸਾਰ ਪੰਜਾਬ ਯੂਨੀਵਰਸਿਟੀ ਦੇ ਮਾਹਿਰਾਂ ਵੱਲੋਂ ਕਮੇਟੀ ਦੀ ਰਿਪੋਰਟ ਸਿੱਖਿਆ ਵਿਭਾਗ ਦੇ ਅਫਸਰਾਂ ਨੂੰ ਮਿੱਥੇ ਸਮੇਂ ਅਨੁਸਾਰ ਸੌਂਪ ਦਿੱਤੀ ਗਈ ਸੀ, ਪਰ ਫਿਰ ਵੀ ਸਿੱਖਿਆ ਵਿਭਾਗ ਦੇ ਅਫ਼ਸਰਾਂ ਵੱਲੋਂ ਕਾਫੀ ਸਮਾਂ ਬੀਤਣ ਤੋਂ ਬਾਅਦ ਵੀ ਰਿਜ਼ਲਟ ਰਿਵਾਈਜ ਨਹੀਂ ਕੀਤਾ ਗਿਆ। ਉਮੀਦਵਾਰਾਂ ਨੂੰ ਇੱਕ ਵਾਰ ਫਿਰ ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਨੂੰ ਆਪਣੇ ਵਕੀਲ ਵਿਸ਼ਾਲ ਮਿੱਤਲ ਰਾਹੀਂ ਸੀਓਸੀਪੀ 3217 ਆਫ਼ 2023 ਮਨਦੀਪ ਕੁਮਾਰ ਬਿਨਾਮ ਕਮਲ ਕਿਸ਼ੋਰ ਯਾਦਵ ਐਜੂਕੇਸ਼ਨ ਸੈਕਟਰੀ ਪੰਜਾਬ ਦਾਇਰ ਕੀਤੀ ਗਈ ਸੀ, ਜਿਸ ਦੀ ਸੁਣਵਾਈ 22 ਫਰਵਰੀ ਨੂੰ ਸੀ, ਜਿਸ ਵਿੱਚ ਵਿਭਾਗ ਵੱਲੋਂ ਕਾਨੂੰਨੀ ਕਾਰਵਾਈ ਤੋਂ ਡਰਦੇ ਹੋਏ ਉਮੀਦਵਾਰਾਂ ਦਾ ਰਿਜ਼ਲਟ ਰਿਵਾਈਜ ਕਰ ਦਿੱਤਾ ਗਿਆ। ਸੋ ਸਿੱਖਿਆ ਵਿਭਾਗ ਦੀ ਅਣਗਹਿਲੀ ਕਰਕੇ ਜੋ ਉਮੀਦਵਾਰ ਫ਼ੇਲ੍ਹ ਹੋਏ ਸਨ, ਹੁਣ ਹਜ਼ਾਰਾਂ ਉਮੀਦਵਾਰ ਪਾਸ ਹੋ ਗਏ ਹਨ। ਸਾਰੇ ਪਾਸ ਹੋਏ ਉਮੀਦਵਾਰਾਂ ਨੇ ਅਪਣੇ ਵਕੀਲ ਵਿਸ਼ਾਲ ਮਿੱਤਲ ਦਾ ਧੰਨਵਾਦ ਕੀਤਾ।

# 'ਵਿਕਸਤ ਭਾਰਤ ਲਈ ਸਵਦੇਸ਼ੀ ਤਕਨਾਲੋਜੀ' ਵਿਸ਼ੇ ਨਾਲ ਵਿਗਿਆਨ ਦਿਵਸ ਮਨਾਇਆ



**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਨੇ ਵਿਗਿਆਨਕ ਖੋਜ, ਨਵੀਨਤਾ ਅਤੇ ਸਿੱਖਿਆ ਪ੍ਰਤੀ ਆਪਣੀ ਵਚਨਬੱਧਤਾ ਨੂੰ ਦਰਸਾਉਂਦੇ ਹੋਏ 28 ਅਤੇ 29 ਫਰਵਰੀ ਨੂੰ 'ਵਿਕਸਤ ਭਾਰਤ ਲਈ ਸਵਦੇਸ਼ੀ ਤਕਨਾਲੋਜੀ' ਥੀਮ ਤੇ ਰਾਸ਼ਟਰੀ ਵਿਗਿਆਨ ਦਿਵਸ ਮਨਾਇਆ। ਸਮਾਗਮ ਦਾ ਉਦੇਸ਼ ਸਰ ਸੀ.ਵੀ. ਰਮਨ ਦੀ ਵਿਰਾਸਤ ਨੂੰ ਯਾਦ ਕਰਨਾ ਅਤੇ ਵਿਦਿਆਰਥੀਆਂ ਵਿੱਚ ਵਿਗਿਆਨਕ ਸੁਭਾਅ ਤੇ ਉਤਸੁਕਤਾ ਨੂੰ ਉਤਸ਼ਾਹਤ ਕਰਨਾ ਸੀ। ਸਮਾਗਮ ਦਾ ਜਸ਼ਨ 28 ਫਰਵਰੀ ਨੂੰ ਉਦਘਾਟਨੀ ਸੈਸ਼ਨ ਨਾਲ ਸ਼ੁਰੂ ਹੋਇਆ, ਜਿਸ ਦੀ ਪ੍ਰਧਾਨਗੀ ਪ੍ਰੋ. ਐੱਸ. ਐੱਸ. ਬਿਲਿੰਗ, ਡੀਨ ਅਕਾਦਮਿਕ ਮਾਮਲੇ ਨੇ ਕੀਤੀ। ਸਮਾਗਮ ਦੇ ਪ੍ਰਬੰਧਕੀ ਸਕੱਤਰ ਡਾ. ਮੋਨਿਕਾ ਐਰੀ ਨੇ ਸਾਰੇ ਮਹਿਮਾਨਾਂ ਦਾ ਸਵਾਗਤ ਕੀਤਾ। ਸਵੇਰ ਦੇ ਸੈਸ਼ਨ ਵਿੱਚ ਜਰਮਨੀ ਤੋਂ ਆਏ ਡਾ. ਐਚ.ਐਸ. ਭਾਟੀਆ ਨੇ ਐਡਵਾਂਸਿੰਗ ਬਾਇਓਮੈਡੀਸਨ ਦੇ ਵਿਸ਼ੇ 'ਤੇ ਭਾਸ਼ਣ ਦਿੱਤਾ। ਸਮਾਗਮ ਵਿੱਚ ਵਿਗਿਆਨਕ ਕੁਇਜ਼, ਵਿਗਿਆਨਕ ਰੰਗੋਲੀ ਤੇ ਬੇਸਟ ਆਊਟ ਆਫ਼ ਵੇਸਟ ਮੁਕਾਬਲੇ ਸਮੇਤ ਵੱਖ-ਵੱਖ ਮੁਕਾਬਲੇ ਵੀ ਕਰਾਏ ਗਏ। ਇਸ ਸਮਾਗਮ ਵਿੱਚ 300 ਤੋਂ ਵੱਧ ਵਿਦਿਆਰਥੀਆਂ ਨੇ ਪੂਰੇ ਉਤਸ਼ਾਹ ਨਾਲ ਭਾਗ ਲਿਆ ਤੇ ਆਪਣੀ ਰਚਨਾਤਮਕਤਾ ਅਤੇ ਨਵੀਨਤਾ ਨੂੰ ਪੇਸ਼ ਕੀਤਾ। ਸਮਾਗਮ ਦੇ ਦੂਜੇ ਦਿਨ ਡਾ. ਬੀਰ ਬਿਕਰਮ ਸਿੰਘ ਦੁਆਰਾ 'ਮੂਲ ਤਕਨੀਕੀ ਤਰੱਕੀ ਤੇ ਸੂਚਨਾ ਦਾ ਯੁੱਗ' ਵਿਸ਼ੇ 'ਤੇ ਭਾਸ਼ਣ ਦਾ ਆਯੋਜਨ ਕਰਕੇ ਵਿਗਿਆਨ ਦੇ ਖੇਤਰ ਵਿੱਚ ਤਰੱਕੀ ਨੂੰ ਉਤਸ਼ਾਹਤ ਕਰਨ ਲਈ ਯੂਨੀਵਰਸਿਟੀ ਦੀ ਵਚਨਬੱਧਤਾ ਦਾ ਪ੍ਰਗਟਾਵਾ ਕੀਤਾ ਗਿਆ। ਇਸ ਤੋਂ ਬਾਅਦ ਪਾਵਰ-ਪੁਆਇੰਟ ਪੇਸ਼ਕਾਰੀ, ਪੋਸਟਰ ਮੇਕਿੰਗ, ਸਲੋਗਨ ਰਾਈਟਿੰਗ ਤੇ ਵਿਗਿਆਨਕ ਮਾਡਲਾਂ ਦੇ ਮੁਕਾਬਲੇ ਕਰਾਏ ਗਏ। ਸਮਾਗਮ ਦੀ ਸਮਾਪਤੀ ਸਮਾਪਤੀ ਸਮਾਰੋਹ ਨਾਲ ਕੀਤੀ ਗਈ, ਜਿਸ ਦੌਰਾਨ ਸਮਾਗਮ ਦੀ ਕਨਵੀਨਰ ਡਾ. ਪ੍ਰੀਤ ਕੌਰ ਨੇ ਵਿਸਥਾਰਪੂਰਵਕ ਰਿਪੋਰਟ ਪੇਸ਼ ਕੀਤੀ। ਵਿਦਿਆਰਥੀਆਂ ਨੂੰ ਪ੍ਰੋ: ਪ੍ਰਿਤਪਾਲ ਸਿੰਘ (ਵਾਈਸ-ਚਾਂਸਲਰ), ਪ੍ਰੋ: ਐੱਸ.ਐੱਸ. ਬਿਲਿੰਗ (ਡੀਨ ਅਕਾਦਮਿਕ ਮਾਮਲੇ) ਅਤੇ ਪ੍ਰੋ: ਤੇਜਬੀਰ ਸਿੰਘ (ਰਜਿਸਟਰਾਰ) ਵੱਲੋਂ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਵਾਈਸ-ਚਾਂਸਲਰ ਨੇ ਭਾਗੀਦਾਰਾਂ ਤੇ ਜੇਤੂਆਂ ਨੂੰ ਵਧਾਈ ਦਿੱਤੀ ਤੇ ਪ੍ਰਬੰਧਕੀ ਟੀਮ ਦੇ ਯਤਨਾਂ ਦੀ ਸ਼ਲਾਘਾ ਕੀਤੀ। ਸਮਾਗਮ ਦੇ ਕਨਵੀਨਰ ਡਾ. ਰਾਹੁਲ ਬਦਰੂ ਨੇ ਅੰਤ ਵਿੱਚ ਸਭ ਦਾ ਧੰਨਵਾਦ ਕੀਤਾ।

ਰਾਸ਼ਟਰੀ ਵਿਗਿਆਨ ਦਿਵਸ ਦੇ ਜਸ਼ਨ ਨੇ ਗਿਆਨ ਨੂੰ ਅੱਗੇ ਵਧਾਉਣ ਤੇ ਵਿਗਿਆਨਕ ਭਾਈਚਾਰੇ ਵਿੱਚ ਯੋਗਦਾਨ ਪਾਉਣ ਲਈ ਯੂਨੀਵਰਸਿਟੀ ਦੀ ਅਟੁੱਟ ਵਚਨਬੱਧਤਾ ਦੇ ਪ੍ਰਮਾਣ ਵਜੋਂ ਕੰਮ ਕੀਤਾ।

## ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਵੱਲੋਂ 5 ਨੂੰ ਵਿਧਾਨ ਸਭਾ ਦਾ ਘਿਰਾਓ



**ਮੱਖੂ (ਰਛਪਾਲ ਸਿੰਘ ਸੰਧੂ)**

ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਸੂਬੇ ਦੀਆਂ 54 ਹਜ਼ਾਰ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਮੰਗਾਂ ਨੂੰ ਲੈ ਕੇ ਯੂਨੀਅਨ ਦੇ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਦੀ ਅਗਵਾਈ ਹੇਠ 5 ਮਾਰਚ ਨੂੰ ਚੰਡੀਗੜ੍ਹ ਵਿਖੇ ਪੰਜਾਬ ਵਿਧਾਨ ਸਭਾ ਦਾ ਘਿਰਾਓ ਕੀਤਾ ਜਾ ਰਿਹਾ ਹੈ। ਰੋਸ ਪ੍ਰਦਰਸ਼ਨ ਸਬੰਧੀ ਯੂਨੀਅਨ ਦੀ ਬਲਾਕ ਪ੍ਰਧਾਨ ਜੀਵਨ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਸਬੰਧਤ ਮਹਿਕਮੇ ਵੱਲੋਂ ਵਾਰ ਵਾਰ ਜਥੇਬੰਦੀ ਦੀਆਂ ਆਗੂਆਂ ਨਾਲ ਮੀਟਿੰਗਾਂ ਕਰਕੇ ਮੰਗਾਂ ਦਾ ਨਿਪਟਾਰਾ ਨਹੀਂ ਕੀਤਾ ਜਾ ਰਿਹਾ, ਜਿਸ ਕਰਕੇ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਵਿੱਚ ਪੰਜਾਬ ਸਰਕਾਰ ਖਿਲਾਫ ਗੁੱਸੇ ਦੀ ਲਹਿਰ ਹੈ। ਇਸ ਮੌਕੇ ਬਲਾਕ ਪ੍ਰਧਾਨ ਜੀਵਨ ਸਰਮਾ ਨਾਲ ਗੁਰਮੀਤ ਕੌਰ, ਸੁਖਵੰਤ ਕੌਰ, ਹਰਮੀਤ ਕੌਰ, ਜਸਬੀਰ ਕੌਰ, ਸੁਖਵਿੰਦਰ ਕੌਰ, ਪਰਮਜੀਤ ਕੌਰ, ਛਿੰਦਰ ਕੌਰ, ਮਨਦੀਪ ਕੌਰ ਆਦਿ ਹਾਜ਼ਰ ਸਨ।

## 2 ਮੋਬਾਇਲ ਫੋਨ ਬਰਾਮਦ, ਮਾਮਲਾ ਦਰਜ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਕੇਂਦਰੀ ਜੇਲ੍ਹ 'ਚ ਤਲਾਸ਼ੀ ਦੌਰਾਨ 2 ਮੋਬਾਇਲ ਫੋਨ ਬਰਾਮਦ ਹੋਏ ਹਨ। ਥਾਣਾ ਸਿਟੀ ਫ਼ਿਰੋਜ਼ਪੁਰ ਪੁਲਸ ਨੇ ਇਕ ਹਵਾਲਾਤੀ ਤੇ ਇਕ ਅਣਪਛਾਤੇ ਵਿਅਕਤੀ ਖਿਲਾਫ 52-ਏ ਪਰੀਸੰਨਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਸਹਾਇਕ ਥਾਣੇਦਾਰ ਗੁਰਮੇਲ ਸਿੰਘ ਨੇ ਦੱਸਿਆ ਕਿ ਪੱਤਰ ਨੰਬਰ 2017 ਰਾਹੀਂ ਸਰਬਜੀਤ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫ਼ਿਰੋਜ਼ਪੁਰ ਨੇ ਦੱਸਿਆ ਕਿ ਉਹ ਕੇਂਦਰੀ ਜੇਲ੍ਹ ਫ਼ਿਰੋਜ਼ਪੁਰ ਵਿੱਚ ਸਮੇਤ ਸਾਥੀ ਕ੍ਰਮਚਾਰੀਆਂ ਦੇ ਬਲਾਕ ਨੰਬਰ 2 ਦੀ ਬੈਰਕ ਨੰਬਰ 1 ਦੀ ਤਲਾਸ਼ੀ ਕੀਤੀ ਗਈ ਤੇ ਤਲਾਸ਼ੀ ਦੌਰਾਨ ਹਵਾਲਾਤੀ ਦਲੇਰ ਸਿੰਘ ਪੁੱਤਰ ਮਲੂਕ ਸਿੰਘ ਵਾਸੀ ਇੰਦਰਾ ਕਾਲੋਨੀ ਖਾਈ ਫੇਮੇ ਕੀ ਕੋਲੋਂ 1 ਮੋਬਾਇਲ ਫੋਨ ਕੀਪੈਡ ਨੋਕੀਆ ਸਮੇਤ ਬੈਟਰੀ ਤੇ ਸਿੰਮ ਕਾਰਡ ਬਰਾਮਦ ਹੋਇਆ। ਇਸ ਤੋਂ ਬਾਅਦ ਬੈਰਕ ਅੰਦਰ ਬਣੇ ਬਾਥਰੂਮ ਦੀ ਤਲਾਸ਼ੀ ਕੀਤੀ ਗਈ ਤੇ ਤਲਾਸ਼ੀ ਦੌਰਾਨ 1 ਮੋਬਾਇਲ ਫੋਨ ਸੈਮਸੰਗ ਸਮੇਤ ਬੈਟਰੀ ਤੇ ਬਿਨਾਂ ਸਿੰਮ ਕਾਰਡ ਲਵਾਰਿਸ ਬਰਾਮਦ ਹੋਇਆ। ਪੁਲਸ ਨੇ ਦੱਸਿਆ ਕਿ ਉਕਤ ਹਵਾਲਾਤੀ ਤੇ ਅਣਪਛਾਤੇ ਵਿਅਕਤੀ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

## ਲੋੜਵੰਦ ਲੜਕੀਆਂ ਦੇ ਵਿਆਹ ਕਰਾਏ



**ਸੁਨਾਮ (ਹਾਕਮ ਸਿੰਘ ਭੱਟੀ, ਅਸ਼ੋਕ ਬਾਂਸਲ)**

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ.ਐਸ.ਯੂ ਐਸ ਹੈਲਪਿੰਗ ਰੈਡ ਫਾਊਂਡੇਸ਼ਨ ਆਫ਼ ਕੈਨੇਡਾ ਵੱਲੋਂ ਰਾਮ ਮੁਹੰਮਦ ਸਿੰਘ ਆਜ਼ਾਦ ਕਲੱਬ ਦੇ ਸਹਿਯੋਗ ਨਾਲ ਦੋ ਲੜਕੀਆਂ ਦੇ ਵਿਆਹ ਕਰਾਏ ਗਏ। ਕਲੱਬ ਦੇ ਪ੍ਰਧਾਨ ਸ੍ਰੀ ਰਾਜਿੰਦਰ ਕੈਫੀ ਨੇ ਦੱਸਿਆ ਕਿ ਲੜਕੀਆਂ ਨੂੰ ਲੋੜੀਂਦਾ ਸਮਾਨ ਬੈੱਡ, ਅਲਮਾਰੀ, ਕੱਪੜੇ, ਭਾਂਡੇ ਤੇ ਬਣਦਾ ਮਾਨ-ਸਨਮਾਨ ਵੀ ਦਿੱਤਾ ਗਿਆ। ਲੜਕੀ ਦੇ ਪਰਵਾਰ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਕਲੱਬ ਦੀ ਬਹੁਤ ਸਹਾਇਤਾ ਕੀਤੀ ਕੀ ਇਸ ਤਰ੍ਹਾਂ ਦੇ ਪੁੰਨ ਦੇ ਕੰਮ ਹੋਣੇ ਚਾਹੀਦੇ ਹਨ ਤਾਂ ਜੁ ਕਿਸੇ ਗ਼ਰੀਬ ਦੀ ਧੀ ਪੂਰੀ ਇੱਜ਼ਤ ਤੇ ਸਨਮਾਨ ਨਾਲ ਆਪਣੇ ਸਹੁਰੇ ਘਰ ਜਾ ਸਕੇ।

ਜੋੜੀਆਂ ਨੂੰ ਅਸ਼ੀਰਵਾਦ ਦੇਣ ਲਈ ਸਪੈਸ਼ਲ ਕਨੇਡਾ ਤੋਂ ਦਲੇਰ ਸਿੰਘ ਤੇ ਉਨ੍ਹਾਂ ਦੀ ਧਰਮ ਪਤਨੀ ਤਰਲੋਸ ਚੰਦੀ ਪਹੁੰਚੇ ਅਤੇ ਪਟਿਆਲਾ ਤੋਂ ਸਪੈਸ਼ਲ ਤੌਰ 'ਤੇ ਅਸ਼ੋਕ ਜੀ ਨੇ ਪਹੁੰਚ ਕੇ ਬੱਚੀਆਂ ਨੂੰ ਅਸ਼ੀਰਵਾਦ ਦਿੱਤਾ।

## ਰਿਸੋਰਸ ਪਰਸਨ ਦੇ ਨਾਂਅ 'ਤੇ ਸਕੂਲਾਂ ਨੂੰ ਅਧਿਆਪਕਾਂ ਤੋਂ ਸੱਖਣੇ ਨਾ ਕਰੇ ਸਰਕਾਰ : ਡੀ ਟੀ ਐੱਫ

**ਮਾਨਸਾ (ਆਤਮਾ ਸਿੰਘ ਪਮਾਰ)**-ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ 958 ਅਧਿਆਪਕਾਂ ਨੂੰ 'ਅਕਾਦਮਿਕ ਸਹਾਇਤਾ ਗਰੁੱਪ' ਸਕੀਮ ਤਹਿਤ ਬਤੌਰ ਰਿਸੋਰਸ ਪਰਸਨ ਕੰਮ ਕਰਨ ਲਈ ਸਕੂਲਾਂ ਵਿੱਚੋਂ ਬਾਹਰ ਕੱਢਣ ਦਾ ਵਿਦਿਆਰਥੀ ਵਿਰੋਧੀ ਫੈਸਲਾ ਕੀਤਾ ਹੈ। ਇਸ 'ਤੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਦਿਗਵਿਜੇ ਪਾਲ ਸਰਮਾ ਅਤੇ ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ ਦੀ ਅਗਵਾਈ ਵਿੱਚ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਕਰਮਜੀਤ ਤਾਮਕੋਟ ਅਤੇ ਜ਼ਿਲ੍ਹਾ ਸਕੱਤਰ ਹਰਜਿੰਦਰ ਅਨੂਪਗੜ੍ਹ ਨੇ ਕਿਹਾ ਹੈ ਕਿ ਪੰਜਾਬ ਦੇ ਸਿੱਖਿਆ ਮੰਤਰੀ, ਜਿਨ੍ਹਾਂ ਦੇ ਕਹਿਣ 'ਤੇ ਇਹ ਕੰਮ ਹੋ ਰਿਹਾ ਹੈ, ਅਜਿਹਾ ਆਦੇਸ਼ ਜਾਰੀ ਕਰਨ ਤੋਂ ਪਹਿਲਾਂ ਘੱਟੋ-ਘੱਟ ਇਹ ਤਾਂ ਸਮਝਦੇ ਕਿ ਪੰਜਾਬ ਵਿੱਚ ਅਧਿਆਪਕਾਂ ਨੂੰ ਇਨ-ਸਰਵਿਸ ਟ੍ਰੇਨਿੰਗ ਦੇਣ ਲਈ ਪਹਿਲਾਂ ਹੀ ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾਵਾਂ ਮੌਜੂਦ ਹਨ। ਇਨ੍ਹਾਂ ਸੰਸਥਾਵਾਂ ਨੂੰ ਮਜ਼ਬੂਤ ਕੀਤੇ ਜਾਣ ਦੀ ਲੋੜ ਹੈ, ਨਾ ਕਿ ਗੈਰ-ਸੰਵਿਧਾਨਕ ਤੌਰ 'ਤੇ ਸਕੂਲਾਂ ਵਿੱਚੋਂ ਅਧਿਆਪਕ ਬਾਹਰ ਕੱਢ ਕੇ ਪਹਿਲਾਂ ਤੋਂ ਹੀ ਅਧਿਆਪਕਾਂ ਦੀ ਘਾਟ ਨਾਲ ਜੂਝ ਰਹੇ ਸਰਕਾਰੀ ਸਕੂਲਾਂ ਦੇ ਢਾਂਚੇ ਨੂੰ ਹੋਰ ਕਮਜ਼ੋਰ ਕਰਨ ਦੀ।

ਜਥੇਬੰਦੀ ਦੇ ਸੀਨੀਅਰ ਆਗੂਆਂ ਗੁਰਤੇਜ ਉਭਾ, ਰਾਜਵਿੰਦਰ ਬੈਹਣੀਵਾਲ ਅਤੇ ਗੁਰਬਚਨ ਹੀਰੇਵਾਲਾ ਨੇ ਕਿਹਾ ਕਿ ਸਕੂਲਾਂ ਦੀ ਇੰਸਪੈਕਸ਼ਨ ਅਤੇ ਅਧਿਆਪਕਾਂ ਨੂੰ ਉਹਨਾਂ ਦੇ ਕਿੱਤੇ ਵਿੱਚ ਸੁਧਾਰ ਦੇ ਸੁਝਾਅ ਦੇਣ ਲਈ ਪਹਿਲਾਂ ਤੋਂ ਹੀ ਪ੍ਰਾਇਮਰੀ ਪੱਧਰ 'ਤੇ ਸੈਂਟਰ ਹੈੱਡ ਟੀਚਰ, ਬੀ.ਪੀ.ਈ.ਓ., ਸਹਾਇਕ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ.) ਤੇ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿੱ.) ਸੈਕੰਡਰੀ ਪੱਧਰ 'ਤੇ ਪ੍ਰਿੰਸੀਪਲ, ਸਹਾਇਕ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.) ਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.) ਮੌਜੂਦ ਹਨ। ਚਾਹੀਦਾ ਤਾਂ ਇਹ ਹੈ ਕਿ ਇਨ੍ਹਾਂ ਅਧਿਕਾਰੀਆਂ ਦੀਆਂ ਖਾਲੀ ਅਸਾਮੀਆਂ ਭਰ ਕੇ ਇਸ ਮੌਜੂਦਾ ਢਾਂਚੇ ਨੂੰ ਮਜਬੂਤ ਕਰਕੇ ਇਸ ਤੋਂ ਕੰਮ ਲਿਆ ਜਾਵੇ, ਪ੍ਰੰਤੂ ਸਿੱਖਿਆ ਮੰਤਰੀ ਹੋਰ ਹੀ ਰਾਹ ਦੀ ਵਕਾਲਤ ਕਰ ਰਹੇ ਹਨ। ਜਥੇਬੰਦੀ ਦੇ ਆਗੂਆਂ ਗੁਰਪ੍ਰੀਤ ਭੀਖੀ, ਨਿਧਾਨ ਸਿੰਘ, ਤਰਸੇਮ ਬੋੜਾਵਾਲ ਨੇ ਕਿਹਾ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਅਧਿਆਪਕ ਸਰਕਾਰ ਦੁਆਰਾ ਅਨੇਕਾਂ ਕਿਸਮ ਦੇ ਗੈਰ-ਵਿੱਦਿਅਕ ਕੰਮਾਂ ਵਿੱਚ ਉਲਝਾਏ ਹੋਏ ਹਨ, ਜਿਸ ਕਾਰਨ ਇਨ੍ਹਾਂ ਸਕੂਲਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਨਾ ਪੂਰਾ ਹੋਣ ਯੋਗ ਨੁਕਸਾਨ ਹੋ ਰਿਹਾ ਹੈ। ਹਜ਼ਾਰਾਂ ਦੀ ਗਿਣਤੀ ਵਿੱਚ ਅਧਿਆਪਕ ਬੀ.ਐਲ.ਓ. ਡਿਊਟੀਆਂ ਕਰ ਰਹੇ ਹਨ, ਜਿਨ੍ਹਾਂ ਨੂੰ ਸਾਲ ਵਿੱਚ ਕਾਫੀ ਸਮੇਂ ਲਈ ਚੋਣ ਵਿਭਾਗ ਸਕੂਲਾਂ ਤੋਂ ਬਾਹਰ ਰੱਖਦਾ ਹੈ। ਆਗੂਆਂ ਨੇ ਕਿਹਾ ਹੈ ਕਿ ਇਸ ਤਰ੍ਹਾਂ ਲੱਗਦਾ ਹੈ ਕਿ ਸਿੱਖਿਆ ਅਤੇ ਸਿਹਤ ਨੂੰ ਆਪਣੀ ਪਹਿਲ ਦਾ ਦਾਅਵਾ ਕਰਨ ਵਾਲੀ ਸਰਕਾਰ ਨੂੰ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਕੋਈ ਫ਼ਿਕਰ ਹੀ ਨਹੀਂ ਹੈ। ਇਸ ਮੌਕੇ ਹਰਫੂਲ ਸਿੰਘ, ਚਰਨਪਾਲ ਸਿੰਘ, ਜਸਵਿੰਦਰ ਹਾਕਮਵਾਲਾ, ਜਗਦੇਵ ਸਿੰਘ, ਰਾਜਿੰਦਰਪਾਲ, ਸੁਖਚੈਨ ਸੇਖੋਂ, ਅਮ੍ਰਿਤਪਾਲ ਖ਼ੈਰਾ, ਗੁਰਦੀਪ ਬਰਨਾਲਾ, ਅਮਨਦੀਪ ਕੌਰ, ਬੇਅੰਤ ਕੌਰ, ਅਮਰਪ੍ਰੀਤ ਕੌਰ, ਮਨਵੀਰ ਕੌਰ ਆਦਿ ਵੀ ਹਾਜ਼ਰ ਸਨ।

## ਲੋਕ ਸੁਵਿਧਾ ਕੈਂਪ ਲਾਇਆ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ 'ਆਪ ਦੀ ਸਰਕਾਰ ਆਪ ਦੇ ਦੁਆਰ' ਪ੍ਰੋਗਰਾਮ ਦੇ ਤਹਿਤ ਲਗਾਤਾਰ ਵੱਖ-ਵੱਖ ਪਿੰਡਾਂ ਤੇ ਵਾਰਡਾਂ ਵਿੱਚ ਲੋਕ ਸੁਵਿਧਾ ਕੈਂਪ ਲੱਗ ਰਹੇ ਹਨ। ਇਸੇ ਲੜੀ ਤਹਿਤ ਉਪਮੰਡਲ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਬਰਕੰਦੀ ਵਿਖੇ ਲੋਕ ਸੁਵਿਧਾ ਕੈਂਪ ਲੱਗਿਆ, ਜਿਸ ਵਿੱਚ ਸ੍ਰੀ ਮੁਕਤਸਰ ਸਾਹਿਬ ਦੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ। ਉਨ੍ਹਾਂ ਮੌਕੇ 'ਤੇ ਹੀ ਅਧਿਕਾਰੀਆਂ ਨੂੰ ਲੋਕ ਮਸਲਿਆਂ ਦਾ ਹੱਲ ਕਰਨ ਦੀ ਹਦਾਇਤ ਕੀਤੀ। ਵਿਧਾਇਕ ਕਾਕਾ ਬਰਾੜ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਉਦੇਸ਼ ਹੈ ਕਿ ਲੋਕਾਂ ਨੂੰ ਬਿਹਤਰ ਪ੍ਰਸ਼ਾਸਨਿਕ ਸੁਵਿਧਾਵਾਂ ਮਿਲਣ। ਇਸ ਦੇ ਲਈ ਲੋਕਾਂ ਨੂੰ ਦਫ਼ਤਰਾਂ ਵਿੱਚ ਜਾਣਾ ਨਾ ਪਵੇ, ਸਗੋਂ ਦਫ਼ਤਰ ਪਿੰਡਾਂ ਵਿੱਚ ਚੱਲ ਕੇ ਆਉਣ। ਉਨ੍ਹਾਂ ਕਿਹਾ ਕਿ ਇਸੇ ਉਦੇਸ਼ ਨਾਲ ਇਹ ਲੋਕ ਸੁਵਿਧਾ ਕੈਂਪ ਪਿੰਡ-ਪਿੰਡ ਲਾਏ ਜਾ ਰਹੇ ਹਨ।

## ...ਸ.ਫ਼ਾ 1 ਦੇ ਬਾਕੀ

### 'ਹੁਸ਼ਿਆਰਪੁਰ ਨੇਚਰ...

ਫਾਰਮਰਸ ਮਾਰਕੀਟ, ਸਿੰਗਰ ਨਾਈਟ, ਕਾਈਟ ਫਲਾਇੰਗ, ਹਾਟ ਏਅਰ ਬੈਲੂਨਿੰਗ, ਡਿਸਪਲੇਅ ਗੈਲਰੀਜ਼ ਦੇ ਸੈਟਅਪ ਲਗਾਏ ਗਏ ਹਨ। ਇਸ ਤੋਂ ਇਲਾਵਾ ਨਾਰਾ ਡੈਮ ਵਿਚ ਕੈਂਪਿੰਗ, ਟ੍ਰੈਕਿੰਗ, ਨਾਈਟ ਲਾਈਵ ਬੈਂਡ, ਕੂਕਾਨੈਟ ਤੋਂ ਦੇਹਰੀਆਂ ਤੱਕ ਆਫ਼ ਰੋਡਿੰਗ, ਥਾਣਾ ਡੈਮ ਵਿਚ ਈਕੋ ਹਟਸ, ਹਾਈ ਸਪੀਡ ਬੋਟਿੰਗਜ਼, ਸ਼ਿਕਾਰਾ ਰਾਈਡਸ, ਜੰਗਲ ਸਫ਼ਾਰੀ, ਚੌਹਾਲ ਡੈਮ 'ਤੇ ਸਫ਼ਾਰੀ, ਸਪੀਡ ਬੋਟਿੰਗ, ਕੈਫੇ ਜ਼ੋਨ, ਨੇਚਰ ਵਾਕ, ਬਰਮਾ ਬ੍ਰਿਜ ਆਦਿ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ ਹੈ। ਰਾਹੁਲ ਚਾਬਾ ਨੇ ਦੱਸਿਆ ਕਿ 5 ਮਾਰਚ ਤੱਕ ਹੁਸ਼ਿਆਰਪੁਰ ਨੇਚਰ ਫੈਸਟ ਰੋਜ਼ਾਨਾ ਦੁਸਹਿਰਾ ਗਰਾਊਂਡ ਵਿਚ ਸਵੇਰੇ 9 ਵਜੇ ਤੋਂ ਰਾਤ 10 ਵਜੇ ਤੱਕ ਚੱਲੇਗਾ। ਇਸ ਦੌਰਾਨ ਨਗਰ ਸੁਧਾਰ ਟਰੱਸਟ ਹੁਸ਼ਿਆਰਪੁਰ ਦੇ ਚੇਅਰਮੈਨ ਹਰਮੀਤ ਸਿੰਘ ਔਲਖ, ਹੁਸ਼ਿਆਰਪੁਰ ਸੈਂਟਰਲ ਕੋਅਪਰੇਟਿਵ ਬੈਂਕ ਦੇ ਚੇਅਰਮੈਨ ਵਿਕਰਮ ਸ਼ਰਮਾ, ਪੰਜਾਬ ਉਦਯੋਗ ਵਿਕਾਸ ਨਿਗਮ ਦੇ ਵਾਈਸ ਚੇਅਰਮੈਨ ਹਰਮਿੰਦਰ ਸਿੰਘ ਬਖਸ਼ੀ ਵੀ ਮੌਜੂਦ ਸਨ।

## ਕਿਸਾਨਾਂ ਦਾ ਜਥਾ ਖਨੌਰੀ ਬਾਰਡਰ 'ਤੇ ਪਹੁੰਚਿਆ



**ਸਮਾਣਾ (ਇੱਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**

ਬੀਤੇ ਦਿਨ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਜੋਗਾ ਸਿੰਘ ਪ੍ਰਧਾਨ ਵੜੈਚਾ ਪੱਤੀ ਦੀ ਅਗਵਾਈ 'ਚ ਕਿਸਾਨਾਂ ਦਾ ਜਥਾ ਖਨੌਰੀ ਬਾਰਡਰ 'ਤੇ ਲੱਗੇ ਕਿਸਾਨ ਯੂਨੀਅਨ ਦੇ ਮੋਰਚੇ 'ਚ ਸ਼ਾਮਲ ਹੋਣ ਲਈ ਖਨੌਰੀ ਬਾਰਡਰ 'ਤੇ ਪਹੁੰਚਿਆ, ਜਿਸ ਵਿੱਚ ਅਮਰਜੀਤ ਸਿੰਘ ਬਾਜਵਾ ਐਡਵੋਕੇਟ, ਯਾਦਵਿੰਦਰ ਸਿੰਘ, ਸਤਨਾਮ ਸਿੰਘ, ਜੋਗਾ ਸਿੰਘ ਬਾਜਵਾ, ਭੁਪਿੰਦਰ ਸਿੰਘ ਡੇਰਾ, ਗੋਪੀ ਸਿੰਘ, ਅਜੈਬ ਸਿੰਘ, ਸੀਸਾ ਸਿੰਘ, ਕਰਨੈਲ ਸਿੰਘ, ਅਨੂਪ ਸਿੰਘ, ਭੁਪਿੰਦਰ ਸਿੰਘ ਵੜੈਚਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ। ਇਸ ਮੌਕੇ ਕਿਸਾਨ ਆਗੂ ਜੋਗਾ ਸਿੰਘ ਨੇ ਦੱਸਿਆ ਕਿ ਜਦੋਂ ਤੱਕ ਕੇਂਦਰ ਸਰਕਾਰ ਕਿਸਾਨਾਂ ਦੀਆਂ ਮੰਗਾਂ ਨਹੀਂ ਮੰਨ ਲੈਂਦੀ, ਉਦੋਂ ਤੱਕ ਇਹ ਧਰਨਾ ਜਾਰੀ ਰਹੇਗਾ। ਧਰਨੇ ਵਿੱਚ ਬੈਠੇ ਕਿਸਾਨਾਂ ਲਈ ਲੰਗਰ ਤੇ ਦਵਾਈ ਬੂਟੀ ਦੇ ਪ੍ਰਬੰਧ ਕੀਤੇ ਹੋਏ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਦੇ ਮਸਲਿਆਂ ਵੱਲ ਵਿਸ਼ੇਸ਼ ਤੌਰ 'ਤੇ ਧਿਆਨ ਦੇਵੇ, ਕਿਸਾਨਾਂ ਦੀਆਂ ਜੋ ਮੰਗਾਂ ਹਨ, ਉਨ੍ਹਾਂ ਨੂੰ ਤੁਰੰਤ ਮੰਨ ਲਵੇ ਤਾਂ ਜੋ ਕਿਸਾਨ ਆਪਣੇ ਘਰਾਂ ਵਿੱਚ ਵਾਪਸ ਜਾ ਕੇ ਆਪਣੇ ਖੇਤੀਬਾੜੀ ਦੇ ਕੰਮ ਕਰ ਸਕਣ।

## ਦਾਜ ਦੇ ਲੋਭੀਆਂ ਨੇ ਵਿਆਹੁਤਾ ਨੂੰ ਘਰੋਂ ਕੱਢਿਆ, 4 ਖਿਲਾਫ਼ ਮਾਮਲਾ ਦਰਜ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਵਿਆਹੁਤਾ ਕੋਲੋਂ ਦਾਜ ਵਿੱਚ 5 ਲੱਖ ਰੁਪਏ ਦੀ ਮੰਗ ਕਰਕੇ ਉਸ ਨੂੰ ਤੰਗ-ਪ੍ਰੇਸ਼ਾਨ ਕਰਕੇ ਘਰੋਂ ਬਾਹਰ ਕੱਢਣ 'ਤੇ ਥਾਣਾ ਵਿਮਨ ਫ਼ਿਰੋਜ਼ਪੁਰ ਪੁਲਸ ਨੇ ਵਿਆਹੁਤਾ ਦੇ ਸਹੁਰੇ ਪਰਵਾਰ ਦੇ 4 ਮੈਂਬਰਾਂ ਖਿਲਾਫ਼ 498-ਏ, 406 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਸਹਾਇਕ ਥਾਣੇਦਾਰ ਬਲਵੀਰ ਸਿੰਘ ਨੇ ਦੱਸਿਆ ਕਿ ਦਰਖਾਸਤ ਨੰਬਰ 1714-54-ਯੂਆਈਡੀ ਰਾਹੀਂ ਰਾਜ ਰਾਣੀ ਪਤਨੀ ਗੋਪਾਲ ਸਿੰਘ ਪੁੱਤਰੀ ਮੰਗਲ ਸਿੰਘ ਵਾਸੀ ਪਿੰਡ ਰਾਜਾ ਰਾਏ ਨੇ ਦੱਸਿਆ ਕਿ ਉਸ ਦਾ ਵਿਆਹ ਗੋਪਾਲ ਸਿੰਘ ਪੁੱਤਰ ਜੰਗੀਰ ਸਿੰਘ ਵਾਸੀ ਪਿੰਡ ਅਹਿਮਦ ਢੰਡੀ ਨਾਲ 5 ਫਰਵਰੀ 2020 ਨੂੰ ਹੋਇਆ ਸੀ, ਵਿਆਹ ਸਮੇਂ ਉਸ ਦੇ ਮਾਤਾ ਪਿਤਾ ਨੇ ਆਪਣੀ ਹੈਸੀਅਤ ਤੋਂ ਵੱਧ ਦਾਜ ਦਹੇਜ ਇਸਤਰੀ ਧਨ ਵਜੋਂ ਦਿੱਤਾ ਸੀ, ਪਰ ਦੋਸ਼ੀ ਇਸ ਤੋਂ ਖੁਸ਼ ਨਹੀਂ ਸਨ। ਦੋਸ਼ੀਅਨ ਗੋਪਾਲ ਸਿੰਘ, ਜੰਗੀਰ ਸਿੰਘ ਪੁੱਤਰ ਖਜ਼ਾਨ ਸਿੰਘ, ਗੁਰਜੀਤ ਕੌਰ ਪੁੱਤਰੀ ਜੰਗੀਰ ਸਿੰਘ ਤੇ ਗੁਰਮੇਜ ਕੌਰ ਪਤਨੀ ਜੰਗੀਰ ਸਿੰਘ ਜੋ ਉਸ ਨੂੰ ਘੱਟ ਦਾਜ ਦਹੇਜ ਲਿਆਉਣ ਕਰਕੇ ਤੰਗ ਪ੍ਰੇਸ਼ਾਨ ਕਰਨ ਲੱਗੇ ਤੇ ਦਾਜ ਵਿਚ 5 ਲੱਖ ਰੁਪਏ ਦੀ ਮੰਗ ਕਰਦੇ ਸਨ ਤੇ ਉਸ ਵੱਲੋਂ ਇਨਕਾਰ ਕਰਨ ਤੇ ਉਸ ਨੂੰ ਕੁੱਟਮਾਰ ਕਰਕੇ ਘਰੋਂ ਕੱਢ ਦਿੱਤਾ ਤੇ ਉਸ ਦਾ ਇਸਤਰੀ ਧੰਨ ਖੁਰਦ-ਬੁਰਦ ਕਰ ਰਹੇ ਹਨ।

ਜਾਂਚਕਰਤਾ ਬਲਵੀਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਵਿਆਹੁਤਾ ਦੇ ਪਤੀ ਗੋਪਾਲ ਸਿੰਘ, ਸਹੁਰਾ ਜੰਗੀਰ ਸਿੰਘ, ਨੈਨਾਣ ਗੁਰਜੀਤ ਕੌਰ ਤੇ ਸੱਸ ਗੁਰਮੇਜ ਕੌਰ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

# ਕਾਰ ਸਵਾਰਾਂ 'ਤੇ ਪਿਸਤੌਲ ਨਾਲ ਫਾਇਰ, ਇੱਕ ਵਿਅਕਤੀ ਜ਼ਖ਼ਮੀ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**

ਪਿੰਡ ਮੇਹਰ ਸਿੰਘ ਵਾਲਾ ਵਿਖੇ ਦੋ ਕਾਰ ਸਵਾਰਾਂ 'ਤੇ ਅਣਪਛਾਤੇ ਵਿਅਕਤੀਆਂ ਵੱਲੋਂ ਫਾਇਰ ਕਰਕੇ ਇਕ ਵਿਅਕਤੀ ਨੂੰ ਜ਼ਖ਼ਮੀ ਕਰਨ ਦੀ ਖਬਰ ਮਿਲੀ ਹੈ। ਥਾਣਾ ਸਦਰ ਜ਼ੀਰਾ ਪੁਲਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ਼ 307 ਆਈਪੀਸੀ ਅਤੇ ਆਰਮਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ।

ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਮਨਪ੍ਰੀਤ ਸਿੰਘ ਉਰਫ਼ ਮੰਨੂ ਪੁੱਤਰ ਗੁਰਦੇਵ ਸਿੰਘ ਵਾਸੀ ਪਿੰਡ ਹਾਮਦ ਵਾਲਾ ਉਤਾੜ ਨੇ ਦੱਸਿਆ ਕਿ ਉਹ ਆਪਣੇ ਦੋਸਤ ਗੁਰਦੇਵ ਸਿੰਘ ਪੁੱਤਰ ਲਖਵਿੰਦਰ ਸਿੰਘ ਵਾਸੀ ਬੰਡਾਲਾ ਥਾਣਾ ਆਰਿਫ ਕੇ ਨਾਲ ਗੱਡੀ 'ਤੇ ਸਵਾਰ ਹੋ ਕੇ ਫ਼ਿਰੋਜ਼ਪੁਰ ਸ਼ਹਿਰ ਤੋਂ ਵਾਇਆ ਜ਼ੀਰਾ ਹੋ ਕੇ ਚੰਡੀਗੜ੍ਹ ਆਪਣੀ ਭੂਆ ਕੋਲ ਜਾ ਰਹੇ ਸੀ ਤਾਂ ਜਦ ਉਹ ਪਿੰਡ ਮੇਹਰ ਸਿੰਘ ਵਾਲਾ ਪਾਸ ਬਰਾੜ ਢਾਬੇ 'ਤੇ ਪਾਣੀ ਲੈਣ ਲਈ ਰੁਕੇ ਤਾਂ ਇੱਕ ਕਾਰ ਜਿਸ ਵਿਚ ਦੋ ਵਿਅਕਤੀ ਸਵਾਰ ਸਨ, ਜੋ ਉਨ੍ਹਾਂ ਦਾ ਪਿੱਛਾ ਕਰ ਰਹੇ ਸਨ। ਉਨ੍ਹਾਂ ਆਪਣੀ ਦਸਤੀ ਪਿਸਤੌਲ ਨਾਲ ਉਨ੍ਹਾਂ ਉਪਰ ਫਾਇਰਿੰਗ ਕਰ ਦਿੱਤੀ, ਜਿਨ੍ਹਾਂ ਵਿੱਚ ਇੱਕ ਫਾਇਰ ਉਸ ਦੀ ਖੱਬੀ ਬਾਂਹ ਦੇ ਡੌਲ਼ੇ 'ਤੇ ਲੱਗਾ ਤੇ ਦੋਸ਼ੀਅਨ ਗੱਡੀ ਭਜਾ ਕੇ ਫਰਾਰ ਹੋ ਗਏ। ਮਨਪ੍ਰੀਤ ਸਿੰਘ ਨੇ ਦੱਸਿਆ ਕਿ ਉਸ ਦਾ ਇਲਾਜ ਸਿਵਲ ਹਸਪਤਾਲ ਜ਼ੀਰਾ ਵਿਖੇ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਸੁਰਜੀਤ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

**ਉਤਰ ਰੇਲਵੇ**

ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

**ਈ-ਨਿਵਿਦਾ ਸੂਚਨਾ**

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਸਾਧਾਰਨ, ਉਤਰ ਰੇਲਵੇ, ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਟੈਂਡਰਾਂ (www.ireps.gov.in) ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

| | |
|---|---|
| ਟੈਂਡਰ ਨੰਬਰ | 251—ਬਿਜਲੀ—T-69-2023-24 |
| ਕੰਮਾਂ ਦਾ ਵੇਰਵਾ | 'ਜੰਮੂ ਤਵੀ-ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟਰਾ' ਸੈਕਸ਼ਨ ਵਿਚ ਮੌਜੂਦਾ ਸੁਰੰਗਾਂ ਵਿਚ 24x7 ਐਮਰਜੈਂਸੀ ਬਿਜਲੀ ਸਪਲਾਈ ਦੇ ਪ੍ਰਾਵਧਾਨ ਦੇ ਸਬੰਧ ਵਿਚ ਬਿਜਲੀ ਕੰਮ ਲਈ। |
| ਅੰਦਾਜ਼ਨ ਲਾਗਤ (ਰੁ.) | 94,00,462.37 |
| ਬਿਆਨਾ ਰਾਸ਼ੀ (ਰੁ.) | 1,88,000.00 |
| ਕੰਮ ਦਾ ਸਮਾਂ | 06 ਮਹੀਨੇ |
| ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | 21.03.2024, 15:00 ਵਜੇ ਦੇ ਬਾਅਦ |
| ਵੈਬਸਾਈਟ | www.ireps.gov.in |

ਨੰ. 251-ਬਿਜਲੀ ਟੈਂਡਰ ਨੋਟਿਸ ਨੰ. 54-ਬਿਜਲੀ-2023-24 ਮਿਤੀ 01.03.2024 679/24

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

**ਬੈਂਕ ਆਫ਼ ਬੜੌਦਾ**
**Bank of Baroda**

BRANCH: Kakowal Ludhiana.
SCO- 1, Dhir Colony Kakowal
Road Ludhiana -141007

**ਰੂਲ-8 (1) ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)**

ਜਦੋਂ ਕਿ, ਨਿਮਨਹਸਤਾਖਰੀ ਨੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈੱਸਟ ਐਕਟ 2002 (2002 ਦਾ 54) ਅਧੀਨ ਬੈਂਕ ਆਫ ਬੜੌਦਾ, ਕਾਕੋਵਾਲ, ਲੁਧਿਆਣਾ ਦੇ ਅਧਿਕਾਰਤ ਅਫਸਰ ਵਜੋਂ ਸਕਿਊਰਟੀ ਇੰਟਰੈੱਸਟ ਇਨਫੋਰਸਮੈਂਟ ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ/ਗਰੰਟਰਾਂ ਨੂੰ ਹੇਠਾਂ ਦਰਸਾਈਆਂ ਮਿਤੀਆਂ 'ਤੇ ਨੋਟਿਸਾਂ 'ਚ ਹੇਠਾਂ ਦਰਸਾਈਆਂ ਰਕਮਾਂ, ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦੇ ਦਿੰਦੇ ਨੋਟਿਸ ਜਾਰੀ ਕੀਤੇ ਹਨ।

ਕਰਜ਼ਦਾਰ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ, ਕਰਜ਼ਦਾਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨ ਹਸਤਾਖਰੀ ਨੇ ਸਕਿਊਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਹੇਠਾਂ ਦਰਸਾਏ ਖਾਤੇ ਵਿਰੁੱਧ ਦਰਜ ਤਰੀਕਾਂ 'ਤੇ ਕਬਜ਼ਾ ਹਾਸਲ ਕਰ ਲਿਆ ਹੈ।

ਸੰਬੰਧਤ ਪਾਰਟੀਆਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਇਸ ਜਾਇਦਾਦ ਸੰਬੰਧੀ ਸੌਦੇਬਾਜ਼ੀ ਤੋਂ ਖਬਰਦਾਰ ਕੀਤਾ ਜਾਂਦਾ ਹੈ ਅਤੇ ਕੋਈ ਵੀ ਸੌਦੇਬਾਜ਼ੀ ਬੈਂਕ ਆਫ ਬੜੌਦਾ ਕਾਕੋਵਾਲ, ਲੁਧਿਆਣਾ ਵੱਲੋਂ ਹੇਠਾਂ ਦਰਸਾਈ ਕੁਲ ਰਕਮ, ਉਸ ਉਪਰ ਭਵਿੱਖੀ ਵਿਆਜ ਅਤੇ ਲਾਗਤਾਂ ਆਦਿ ਸਮੇਤ ਵਸੂਲੀ ਜਾਵੇਗੀ।

ਉਪਲਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰ ਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਕਰਜ਼ਦਾਰ/ਗਰੰਟਰ ਅਤੇ ਜਾਇਦਾਦ ਦੇ ਮਾਲਕ ਦਾ ਨਾਂਅ | ਰਹਿਣ ਕੀਤੀਆਂ ਜਾਇਦਾਦਾਂ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਕਬਜ਼ੇ ਦੀ ਕਿਸਮ / ਬਕਾਇਆ ਖੜੀ ਰਕਮ |
|---|---|---|---|---|
| (ਕਰਜ਼ਦਾਰ) : ਸ੍ਰੀਮਤੀ ਇੰਦਰਜੀਤ ਕੌਰ ਪਤਨੀ ਕਰਮਜੀਤ ਸਿੰਘ ਅਤੇ ਸ੍ਰੀ ਮਨਜਿੰਦਰ ਸਿੰਘ ਪੁੱਤਰ ਕਰਮਜੀਤ ਸਿੰਘ ਵਾਸੀ ਮਕਾਨ ਨੰ. 9917, ਗਲੀ ਨੰ. 13, ਨੇੜੇ ਰਵਿਦਾਸ ਗੁਰਦੁਆਰਾ, ਨਿਊ ਸੁਭਾਸ਼ ਨਗਰ, ਬਸਤੀ ਜੋਧੇਵਾਲ, ਲੁਧਿਆਣਾ, ਪੰਜਾਬ-141007 | ਵਸੀਕਾ ਨੰ. 16622 ਮਿਤੀ 05.12.2017 ਅਨੁਸਾਰ ਸ੍ਰੀਮਤੀ ਇੰਦਰਜੀਤ ਕੌਰ ਪਤਨੀ ਸ੍ਰੀ ਕਰਮਜੀਤ ਸਿੰਘ ਦੇ ਹੱਕ 'ਚ ਰਿਹਾਇਸ਼ੀ ਜਾਇਦਾਦ 50 ਵਰਗ ਗਜ਼ ਦਾ ਉਚਿਤ ਗਿਰਵੀਨਾਮਾ। ਗਲੀ ਨੰ. 1/1, ਬਾਬਾ ਬਹਾਦੁਰ ਕਾਲੋਨੀ, ਨੇੜੇ ਗੁਰਦੁਆਰਾ ਸਿੰਘ ਸਭਾ, ਪਿੰਡ ਕੁਲੀਏਵਾਲ, ਲੁਧਿਆਣਾ, ਖਸਰਾ ਨੰ. 10//18/2-19-20-21-22-23-11//1-2, ਖੱਤਾ ਨੰ. 48, ਖਤੌਨੀ ਨੰ. 51, ਸਫਾ ਨੰ. 94, ਜਮ੍ਹਾਂਬੰਦੀ ਸਾਲ 2006-2007, | 07-11-2023 | 29.02.2024 | ਸੰਕੇਤਕ ਕਬਜ਼ਾ — ਰੁਪਏ 11,94,549.37/- ਜਮ੍ਹਾਂ 06.11.2023 ਤੋਂ ਨਾ ਵਸੂਲਿਆ ਗਿਆ ਵਿਆਜ ਅਤੇ ਇਸ ਉੱਪਰ ਹੋਰ ਖਰਚੇ। |

ਵਾਕਿਆ ਪਿੰਡ ਕੁਲੀਏਵਾਲ, ਅਬਾਦੀ ਮੁਹੱਲਾ, ਬਾਬਾ ਬੰਦਾ ਸਿੰਘ ਬਹਾਦੁਰ ਕਾਲੋਨੀ, ਹਦਬਸਤ ਨੰ. 178, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ। ਹੱਦਾਂ : ਪੂਰਬ : ਗੁਆਂਢ 30'-0", ਉੱਤਰ : ਗਲੀ ਨੰ. 10 ਚੌੜੀ 15'-0", ਦੱਖਣ : ਗੁਆਂਢ 15'-0", ਪੱਛਮ : ਗੁਆਂਢ 30'-0"

ਮਿਤੀ : 01.03.2024 ਸਥਾਨ : ਲੁਧਿਆਣਾ ਅਧਿਕਾਰਤ ਅਫਸਰ

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

2-MAR-PAGE-3.qxd 3/1/2024 10:40 PM Page 1



# ਸੱਮੂਚੱਕ ਤੇ ਛੋਟਾ ਬਿਆਨਪੁਰ 'ਚ ਆਮ ਆਦਮੀ ਕਲੀਨਿਕਾਂ ਦਾ ਸ਼ਮਸ਼ੇਰ ਸਿੰਘ ਵੱਲੋਂ ਉਦਘਾਟਨ

## ਦੀਨਾਨਗਰ ਹਲਕੇ ਅੰਦਰ ਆਮ ਆਦਮੀ ਕਲੀਨਿਕਾਂ ਦੀ ਗਿਣਤੀ ਨੌਂ ਹੋਈ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਤੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਆਮ ਆਦਮੀ ਕਲੀਨਿਕ ਖੁੱਲ੍ਹਣ ਨਾਲ ਲੋਕਾਂ ਨੂੰ ਘਰਾਂ ਦੇ ਨੇੜੇ ਬਿਹਤਰੀਨ ਸਿਹਤ ਸੁਵਿਧਾਵਾਂ ਮਿਲੀਆਂ ਹਨ ਅਤੇ ਇਹ ਆਮ ਆਦਮੀ ਕਲੀਨਿਕ ਪੰਜਾਬ ਦੇ ਲੋਕਾਂ ਲਈ ਵਰਦਾਨ ਸਾਬਿਤ ਹੋ ਰਹੇ ਹਨ। ਇਹ ਗੱਲਾਂ ਉਨ੍ਹਾਂ ਨੇ ਵਿਧਾਨ ਸਭਾ ਹਲਕਾ ਦੀਨਾਨਗਰ ਦੇ ਪਿੰਡ ਸੱਮੂਚੱਕ ਅਤੇ ਛੋਟਾ ਬਿਆਨਪੁਰ ਵਿਖੇ ਆਮ ਆਦਮੀ ਕਲੀਨਿਕਾਂ ਦੇ ਉਦਘਾਟਨ ਮੌਕੇ ਪਿੰਡ ਵਾਸੀਆਂ ਨੂੰ ਸੰਬੋਧਨ ਦੌਰਾਨ ਕਹੀਆਂ। ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਖੋਲ੍ਹੇ ਗਏ ਆਮ ਆਦਮੀ ਕਲੀਨਿਕਾਂ ਦੀ ਅੱਜ ਦੁਨੀਆ ਭਰ ਵਿਚ ਚਰਚਾ ਹੋ ਰਹੀ ਹੈ ਅਤੇ ਪੂਰੀ ਦੁਨੀਆ ਇਸ ਮਾਡਲ ਨੂੰ ਦੇਖ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿਚ 700 ਤੋਂ ਵੱਧ ਆਮ ਆਦਮੀ ਕਲੀਨਿਕ ਖੋਲ੍ਹੇ ਜਾ ਚੁੱਕੇ ਹਨ ਅਤੇ ਜਿਨ੍ਹਾਂ ਵਿਚ ਜਿਥੇ ਮੁਫ਼ਤ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ, ਉਥੇ ਕਈ ਤਰ੍ਹਾਂ ਦੇ ਟੈਸਟ ਵੀ ਮੁਫ਼ਤ ਕੀਤਾ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਵਿਧਾਨਸਭਾ ਹਲਕਾ ਦੀਨਾਨਗਰ ਅੰਦਰ ਸੱਤ ਆਮ ਆਦਮੀ ਕਲੀਨਿਕ ਪੂਰੀ ਕਾਮਯਾਬੀ ਨਾਲ ਚੱਲ ਰਹੇ ਹਨ, ਜਦੋਂਕਿ ਅੱਜ ਦੋ ਹੋਰ ਨਵੇਂ ਆਮ ਆਦਮੀ ਕਲੀਨਿਕਾਂ ਦਾ ਉਦਘਾਟਨ ਹੋਣ ਨਾਲ ਹਲਕੇ ਅੰਦਰ ਆਮ ਆਦਮੀ ਕਲੀਨਿਕਾਂ ਦੀ ਗਿਣਤੀ ਵਧ ਕੇ 9 ਹੋ ਗਈ ਹੈ। ਉਨ੍ਹਾਂ ਕਿਹਾ ਕਿ ਹਲਕੇ ਅੰਦਰ ਭਵਿੱਖ ਵਿੱਚ ਹੋਰ ਵੀ ਆਮ ਆਦਮੀ ਕਲੀਨਿਕ ਖੋਲ੍ਹੇ ਜਾਣਗੇ। ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਦੀ ਹਰ ਉਮੀਦ 'ਤੇ ਖਰ੍ਹਾ ਉਤਰਦੇ ਹੋਏ ਸੂਬੇ ਦੀ ਤਰੱਕੀ ਲਈ ਕੰਮ ਕਰ ਰਹੀ ਹੈ। ਦੋ ਸਾਲ ਤੋਂ ਵੀ ਘੱਟ ਸਮੇਂ ਵਿਚ ਪੰਜਾਬ ਸਰਕਾਰ ਨੇ ਲੋਕ ਹਿੱਤ ਵਿਚ ਇਸ ਤਰ੍ਹਾਂ ਦੇ ਸੈਂਕੜੇ ਫ਼ੈਸਲੇ ਕੀਤੇ ਹਨ, ਜਿਨ੍ਹਾਂ ਦਾ ਫਾਇਦਾ ਆਮ ਜਨਤਾ ਨੂੰ ਹੋਇਆ ਹੈ। ਚਾਹੇ ਉਹ ਆਮ ਆਦਮੀ ਕਲੀਨਿਕ ਖੋਲ੍ਹਣ ਦੀ ਗੱਲ ਹੋਵੇ ਜਾਂ 600 ਯੂਨਿਟ ਮੁਫ਼ਤ ਬਿਜਲੀ ਦੇਣ ਦੀ ਹੋਵੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹਰੇਕ ਖੇਤਰ ਵਿਚ ਇਸ ਤਰ੍ਹਾਂ ਦੇ ਕ੍ਰਾਂਤੀਕਾਰੀ ਕਦਮ ਚੁੱਕ ਰਹੀ ਹੈ, ਤਾਂ ਜੋ ਸੂਬੇ ਦੀ ਜਨਤਾ ਨੂੰ ਵੱਧ ਤੋਂ ਵੱਧ ਸੁਵਿਧਾ ਪ੍ਰਦਾਨ ਕੀਤੀ ਜਾ ਸਕੇ। ਇਸ ਮੌਕੇ ਆਮ ਆਦਮੀ ਕਲੀਨਿਕਾਂ ਦੇ ਸਟਾਫ ਦੇ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਮਸਤਾਨ ਸਿੰਘ, ਬਲਾਕ ਪ੍ਰਧਾਨ ਗੋਰਾ ਕੱਤੋਵਾਲ, ਗੁਰਨਾਮ ਸਿੰਘ ਕੰਗ, ਠਾਕੁਰ ਸੰਸਾਰ ਸਿੰਘ ਅਤੇ ਇਲਾਕੇ ਦੇ ਹੋਰ ਲੋਕ ਵੀ ਹਾਜ਼ਰ ਸਨ।



# ਅੱਜ ਭੇਟ ਪੱਤਣ ਵਿਖੇ ਲੱਗੇਗਾ ਮੁਫਤ ਮੈਡੀਕਲ ਕੈਂਪ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਸਿੱਖ ਧਰਮ ਦੇ ਮੋਢੀ ਮਹਾਨ ਕ੍ਰਾਂਤੀਕਾਰੀ ਮਨੁੱਖਤਾ ਦੇ ਰਹਿਬਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਅੰਗ ਵਸਤਰ ਚੋਲਾ ਸਾਹਿਬ ਡੇਰਾ ਬਾਬਾ ਨਾਨਕ ਦੇ ਦਰਸ਼ਨ ਕਰਨ ਵਾਸਤੇ ਪੈਦਲ ਯਾਤਰਾ ਕਰਦੀਆਂ ਸੰਗਤਾਂ ਲਈ ਸਾਲਾਨਾ ਜੋੜ ਮੇਲੇ ਨੂੰ ਸਮਰਪਿਤ ਬਿਆਸ ਦਰਿਆ ਦੇ ਕੰਢੇ ਪਿੰਡ ਭੇਟ ਪੱਤਣ ਵਿਖੇ ਸੰਗ ਮੇਲੇ ਵਿੱਚ ਆਈਆਂ ਸੰਗਤਾਂ ਦੀ ਸੇਵਾ ਲਈ ਮੁੱਢਲੀ ਸਿਹਤ ਸਹੂਲਤ ਦੇਣ ਲਈ ਡਾ. ਸਤਨਾਮ ਸਿੰਘ ਭੇਟ ਪੱਤਣ, ਡਾ. ਲਖਵਿੰਦਰ ਸਿੰਘ ਸੰਧੂ ਔਲਖ ਅਤੇ ਡਾ. ਜਸਵਿੰਦਰ ਸਿੰਘ ਸੰਧੂ ਕੀੜੀ ਅਫਗਾਨਾ ਵਾਲਿਆਂ ਦੀ ਯੋਗ ਅਗਵਾਈ ਹੇਠ 2 ਮਾਰਚ ਦਿਨ ਸਨਿਚਰਵਾਰ ਨੂੰ ਮੁਫਤ ਮੈਡੀਕਲ ਕੈਂਪ ਲਗਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਮੈਡੀਕਲ ਕੈਂਪ ਵਿੱਚ ਪਿੰਡ ਖਿਡਆਲਾ ਸੈਣੀਆਂ ਜ਼ਿਲ੍ਹਾ ਹੁਸ਼ਿਆਰਪੁਰ ਤੋਂ ਆਰੰਭ ਜਥੇਦਾਰ ਬਾਬਾ ਰਣਧੀਰ ਸਿੰਘ ਦੀ ਅਗਵਾਈ ਵਿੱਚ ਧਾਰਮਿਕ ਪੈਦਲ ਯਾਤਰਾ ਕਰਨ ਆਈਆਂ ਸੰਗਤਾਂ ਨੂੰ ਮੁੱਢਲੀ ਸਿਹਤ ਸਹੂਲਤ ਦੇਣ ਲਈ ਮਰੀਜ਼ਾਂ ਦਾ ਚੈੱਕਅੱਪ ਕੀਤਾ ਜਾਵੇਗਾ ਅਤੇ ਮੁਫਤ ਦਵਾਈਆਂ ਦਿੱਤੀਆਂ ਜਾਣਗੀਆਂ।



# ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਦੇ 'ਪ੍ਰੋਜੈਕਟ ਅੰਮ੍ਰਿਤ' ਦਾ ਸਫ਼ਲ ਆਯੋਜਨ



**ਗੁਰਦਾਸਪੁਰ, (ਜਨਕ ਮਹਾਜਨ)**-ਸੰਤ ਨਿਰੰਕਾਰੀ ਮਿਸ਼ਨ ਵੱਲੋਂ ਪ੍ਰੋਜੈਕਟ ਅੰਮ੍ਰਿਤ ਦੇ ਤਹਿਤ ਯੂਬੀਡੀਸੀ ਨਹਿਰ ਤਿਬੜੀ ਦੇ ਆਸ ਪਾਸ ਅਤੇ ਫਿਸ਼ ਪਾਰਕ ਦੀ ਸਫ਼ਾਈ ਕੀਤੀ ਗਈ, ਜਿਸ ਵਿੱਚ ਬ੍ਰਾਂਚ ਗੁਰਦਾਸਪੁਰ ਦੇ ਸੇਵਾਦਲ ਤੇ ਸ਼ਰਧਾਲੂ ਭਰਾਵਾਂ-ਭੈਣਾਂ ਨੇ ਨਿਸ਼ਕਾਮ ਅਤੇ ਨਿਰਸਵਾਰਥ ਸੇਵਾ ਕੀਤੀ। ਇਸ ਮੌਕੇ ਬਰਾਂਚ ਸੰਯੋਜਕ ਬਲਜੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਅਤੇ ਨਿਰੰਕਾਰੀ ਰਾਜਪਿਤਾ ਰਮਿਤ ਜੀ ਦੀ ਪਵਿੱਤਰ ਸਰਪ੍ਰਸਤੀ ਹੇਠ 'ਅੰਮ੍ਰਿਤ ਪ੍ਰੋਜੈਕਟ' ਦੇ ਤਹਿਤ ਸਵੱਛ ਪਾਣੀ, ਸਵੱਛ ਮਨ ਪ੍ਰੋਜੈਕਟ ਦੇ ਦੂਜੇ ਪੜਾਅ ਦਾ ਉਦਘਾਟਨ ਦਿੱਲੀ ਤੋਂ ਕੀਤਾ ਗਿਆ। ਬਾਬਾ ਹਰਦੇਵ ਸਿੰਘ ਜੀ ਮਹਾਰਾਜ ਦੀਆਂ ਸਿੱਖਿਆਵਾਂ ਤੋਂ ਪ੍ਰੇਰਿਤ ਹੋ ਕੇ ਇਹ ਪ੍ਰੋਜੈਕਟ ਪੂਰੇ ਭਾਰਤ ਦੇ 27 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ 1533 ਤੋਂ ਵੱਧ ਸਥਾਨਾਂ 'ਤੇ 11 ਲੱਖ ਤੋਂ ਵੱਧ ਵਲੰਟੀਅਰਾਂ ਦੇ ਸਹਿਯੋਗ ਨਾਲ ਵੱਡੇ ਪੱਧਰ 'ਤੇ ਆਯੋਜਿਤ ਕੀਤਾ ਗਿਆ। ਬਾਬਾ ਹਰਦੇਵ ਸਿੰਘ ਜੀ ਦੀਆਂ ਸਿੱਖਿਆਵਾਂ ਤੋਂ ਪ੍ਰੇਰਨਾ ਲੈਂਦਿਆਂ ਸੰਤ ਨਿਰੰਕਾਰੀ ਮਿਸ਼ਨ ਦੇ ਸਮਾਜਿਕ ਵਿੰਗ ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਦੀ ਸਰਪ੍ਰਸਤੀ ਹੇਠ 'ਪ੍ਰੋਜੈਕਟ ਅੰਮ੍ਰਿਤ ਸ਼ੁਰੂ ਕੀਤਾ ਗਿਆ।

# ਮਾਸਟਰ ਅਸ਼ਵਨੀ ਕੁਮਾਰ ਨੂੰ ਸਕੂਲ ਸਟਾਫ ਨੇ ਦਿੱਤੀ ਸ਼ਾਨਦਾਰ ਵਿਦਾਇਗੀ ਪਾਰਟੀ



**ਗੁਰਦਾਸਪੁਰ, (ਜਨਕ ਮਹਾਜਨ)**-ਗਣਿਤ ਮਾਸਟਰ ਅਸ਼ਵਨੀ ਕੁਮਾਰ ਵਾਸੀ ਪਿੰਡ ਚਾਵਾ ਜ਼ਿਲ੍ਹਾ ਗੁਰਦਾਸਪੁਰ ਆਪਣੀਆਂ 27 ਸਾਲ ਸ਼ਾਨਦਾਰ ਸੇਵਾਵਾਂ ਨਿਭਾਉਣ ਉਪਰੰਤ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਪਨਿਆੜ ਤੋਂ ਸੇਵਾ ਮੁਕਤ ਹੋ ਗਏ ਹਨ। ਉਨ੍ਹਾਂ ਦੀ ਸੇਵਾ ਮੁਕਤੀ 'ਤੇ ਸਕੂਲ ਵਿਚ ਇਕ ਵਿਦਾਇਗੀ ਪਾਰਟੀ ਸਬੰਧੀ ਸਮਾਗਮ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਪ੍ਰਿੰ. ਅਮਨਦੀਪ ਕੁਮਾਰ ਨੇ ਕੀਤੀ। ਪ੍ਰਿੰ. ਅਮਨਦੀਪ ਕੁਮਾਰ ਨੇ ਅਸ਼ਵਨੀ ਕੁਮਾਰ ਦੀਆਂ ਸ਼ਾਨਦਾਰ ਸੇਵਾਵਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਮਾਸਟਰ ਅਸ਼ਵਨੀ ਕੁਮਾਰ ਨੇ ਸਕੂਲ ਵੱਲੋਂ ਮਿਲੇ ਮਾਣ-ਸਨਮਾਨ ਲਈ ਸਕੂਲ ਸਟਾਫ਼ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਆਪਣੀਆਂ ਸੇਵਾਵਾਂ ਦੌਰਾਨ ਸਕੂਲ ਦੀਆਂ ਕਈ ਯਾਦਾਂ ਉਨ੍ਹਾਂ ਦੇ ਜੀਵਨ ਨਾਲ ਜੁੜੀਆਂ ਰਹਿਣਗੀਆਂ। ਇਸ ਮੌਕੇ ਪਰਮਜੀਤ ਸਿੰਘ ਵਾਲੀਆ ਲੈਕ., ਰਾਜਵਿੰਦਰ ਸਿੰਘ ਲੈਕ., ਹਰਸਿਮਰਨ ਸਿੰਘ ਪੋਲ ਸਾਇੰਸ ਲੈਕ., ਰਾਜਿੰਦਰ ਕੌਰ ਪੰਜਾਬੀ ਲੈਕ., ਜਸਪਾਲ ਐੱਸਐੱਸਟੀ, ਤਿਲਕ ਰਾਜ ਐੱਸਐੱਸਟੀ ਮਾਸਟਰ, ਅਨੁਰਾਧਾ ਮੈਥ ਮਿਸਟਰੈਸ, ਮਨਜੀਤ ਕੌਰ ਮੈਥ ਮਿਸਟਰੈੱਸ, ਨੇਤੂ ਸੈਣੀ ਐੱਸਸੀ ਮਿਸਟਰੈੱਸ, ਮਹਾਜਨ ਐੱਸ.ਸੀ ਮਿਸਟਰੈੱਸ, ਰਮੇਸ਼ ਪਾਲ ਡੀ. ਪੀ., ਅਰਾਗਿਆ ਆਰਟ ਐਂਡ ਕਰਾਫਟ ਟੀਚਰ, ਮਿਤਾਲੀ ਮਹਾਜਨ, ਗੁਰਨਾਮ ਸਿੰਘ ਲਾਇਬ੍ਰੇਰੀਅਨ, ਪੰਕੇਸ਼ ਲਾਇਬ੍ਰੇਰੀਅਨ, ਦੀਪਕ ਜਰੇਵਾਲ ਕੰਪਿਊਟਰ ਅਧਿਆਪਕ ਅਤੇ ਮੋਨਿਕਾ ਸ਼ਰਮਾ ਆਦਿ ਹਾਜ਼ਰ ਸਨ।

# 'ਆਪ ਸਰਕਾਰ ਆਪ ਦੇ ਦੁਆਰ' ਕੈਂਪ ਦਾ ਅਮਨਦੀਪ ਕੌਰ ਨੇ ਲਿਆ ਜਾਇਜ਼ਾ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਨਗਰ ਪੰਚਾਇਤ ਅਜਨਾਲਾ ਦੇ ਦਫਤਰ ਵਿੱਚ ਅਜਨਾਲਾ ਸ਼ਹਿਰ ਦੀਆਂ ਵਾਰਡ ਨੰਬਰ 11, 12 ,13 ,14 , 15 'ਚ ਕੈਂਪ ਲਾਏ ਗਏ। ਇਸ ਮੌਕੇ ਮੈਡਮ ਅਮਨਦੀਪ ਕੌਰ ਧਾਲੀਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਆਪ ਕੇ ਦੁਆਰ ਤਹਿਤ ਸਕੀਮ ਦਾ ਬਹੁਤ ਲੋਕਾਂ ਨੂੰ ਲਾਭ ਮਿਲ ਰਿਹਾ ਹੈ ਅਤੇ ਸਾਰੀਆਂ ਮੁਸ਼ਕਲਾਂ ਇੱਕੋ ਛੱਤ ਹੇਠ ਹੱਲ ਹੋ ਜਾਂਦੀਆਂ ਹਨ। ਇਸ ਮੌਕੇ ਨਗਰ ਪੰਚਾਇਤ ਅਜਨਾਲਾ ਦੇ ਪ੍ਰਧਾਨ ਜਸਪਾਲ ਸਿੰਘ ਭੱਟੀ ਨੇ ਸਾਰੇ ਡਿਪਾਰਟਮੈਂਟਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਆਪਣੀ ਡਿਊਟੀ ਬਖੂਬੀ ਨਿਭਾਈ ਹੈ। ਇਸ ਮੌਕੇ ਓਐੱਸਡੀ ਕੈਬਨਿਟ ਮੰਤਰੀ ਚਰਨਜੀਤ ਸਿੰਘ ਸੰਧੂ, ਦਵਿੰਦਰ ਸਿੰਘ ਸੋਨੂੰ, ਬਲਾਕ ਪ੍ਰਧਾਨ ਸ਼ਹਿਰੀ ਦੀਪਕ ਕੁਮਾਰ ਚੈਨਪੁਰੀਆ, ਨਗਰ ਪੰਚਾਇਤ ਅਜਨਾਲਾ ਦੇ ਕਾਰਜ ਸਾਧਕ ਅਫਸਰ ਜਤਿੰਦਰ ਮਹਾਜਨ, ਦਵਿੰਦਰ ਕੁਮਾਰ ਠਾਕਰ, ਪ੍ਰਦੀਪ ਕੁਮਾਰ ਤ੍ਰੇਹਨ, ਬੂਟਾ ਸਿੰਘ, ਕੁਲਦੀਪ ਕੁਮਾਰ ਅਤੇ ਆਂਗਣਵਾੜੀ ਡਿਪਾਰਟਮੈਂਟ ਤੋਂ ਕਮਲਜੀਤ ਕੌਰ, ਹਰਦੀਪ ਕੌਰ ਅਮਰਪ੍ਰੀਤ ਕੌਰ, ਮਨਦੀਪ ਕੌਰ, ਸੁਖਪਾਲ ਕੌਰ, ਸਰਬਜੀਤ ਕੌਰ, ਇੰਦਰਜੀਤ ਕੌਰ, ਸਿਵਲ ਹਸਪਤਾਲ ਅਜਨਾਲਾ ਦੇ ਡਾ. ਜਪਜੀ ਕੌਰ ਹਾਜ਼ਰ ਸਨ। ਬਿਜਲੀ ਬੋਰਡ ਤੋਂ ਰਕੇਸ਼ ਕੁਮਾਰ, 'ਆਪ' ਦੇ ਵਾਰਡ ਇੰਚਾਰਜ ਗੋਰਾ ਸੱਗੂ, ਅਜੇ ਕੁਮਾਰ, ਗੁਰਿੰਦਰ ਸਿੰਘ ਗੁਜਰਪੁਰਾ, ਗੁਰਨਾਮ ਸਿੰਘ, ਗੁਰਦੇਵ ਸਿੰਘ, ਦੀਪਕ ਭੱਟੀ, ਰਸ਼ਪਾਲ ਸਿੰਘ ਕੋਟਲਾ ਕਾਜ਼ੀਆਂ, ਅਮਰਦੀਪ ਸਿੰਘ ਰਿੰਕੂ, ਸੁਖਦਿਆਲ ਸਿੰਘ ਭੱਖਾ, ਮੈਡਮ ਗੀਤਾ ਗਿੱਲ ਅਤੇ ਵਿੱਕੀ ਅੱਡਾ ਇੰਚਾਰਜ ਆਦਿ ਹਾਜ਼ਰ ਸਨ।

# ਕਾਂਗਰਸ ਤੇ ਅਕਾਲੀ ਦਲ ਛੱਡ ਕੇ ਬੀ ਜੇ ਪੀ ਦਾ ਪੱਲਾ ਫੜਿਆ



**ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)**-ਅਜਨਾਲਾ ਤਹਿਸੀਲ ਵਿੱਚ ਕਾਂਗਰਸ ਪਾਰਟੀ ਅਤੇ ਅਕਾਲੀ ਦਲ ਨੂੰ ਉਸ ਸਮੇਂ ਵੱਡਾ ਝਟਕਾ ਲੱਗਾ ਜਦੋਂ ਅਜਨਾਲਾ ਤਹਿਸੀਲ ਦੇ ਨਜ਼ਦੀਕ ਪਿੰਡ ਗੁੱਝਾਪੀਰ ਵਿਖੇ ਕਾਂਗਰਸ ਦੇ ਅਕਾਲੀ ਦਲ ਨੂੰ ਛੱਡ ਚੌਧਰੀ ਅਸ਼ੋਕ ਕੁਮਾਰ ਮੰਨਣ ਦੀ ਅਗਵਾਈ ਹੇਠ ਕਈ ਪਰਿਵਾਰਾਂ ਨੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਿਲ ਹੋਣ ਦਾ ਐਲਾਨ ਕੀਤਾ। ਇਸ ਮੌਕੇ ਅਜਨਾਲਾ ਹਲਕੇ ਤੋਂ ਸਾਬਕਾ ਵਿਧਾਇਕ ਓਬੀਸੀ ਮੋਰਚਾ ਪੰਜਾਬ ਦੇ ਪ੍ਰਧਾਨ ਬੋਨੀ ਅਮਰਪਾਲ ਸਿੰਘ ਨੇ ਆਏ ਹੋਏ ਪਰਿਵਾਰਾਂ ਦੇ ਗਲਾਂ ਵਿੱਚ ਪਾਰਟੀ ਦੇ ਮਫਲਰ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਬੋਨੀ ਅਮਰਪਾਲ ਸਿੰਘ ਅਜਨਾਲਾ ਨੇ ਕਿਹਾ ਕਿ ਜੋ ਪਰਿਵਾਰ ਅੱਜ ਭਾਜਪਾ ਵਿੱਚ ਸ਼ਾਮਿਲ ਹੋਏ ਹਨ ਪਾਰਟੀ ਉਨ੍ਹਾਂ ਦੇ ਸੁੱਖ-ਦੁੱਖ ਵਿੱਚ ਹਰ ਸਮੇਂ ਭਾਈਵਾਲ ਹੋਵੇਗੀ। ਇਸ ਮੌਕੇ ਪਾਰਟੀ ਵਿੱਚ ਸ਼ਾਮਿਲ ਹੋਣ ਵਾਲੇ ਪਰਿਵਾਰਾਂ ਕੇਵਲ ਮਸੀਹ ਮੱਟੂ, ਅਨਵਰ ਮਸੀਹ, ਅਮਾਨਤ ਮਸੀਹ, ਬਰਨਾ ਦਾਸ, ਹੈਰੀ ਸਿੰਘ, ਸ਼ੰਮੀ ਕਪੂਰ, ਸਵਿੰਦਰ ਸਿੰਘ, ਸਿੰਦੀ, ਹਰਮੇਸ਼ ਮਸੀਹ ਅਤੇ ਪਰਵੇਜ਼ ਮਸੀਹ ਆਦਿ ਹਾਜ਼ਰ ਸਨ।

# ਟਰੈਕਟਰ ਰੈਲੀ 'ਚ ਪਹੁੰਚੇ ਕਾਂਗਰਸੀ ਵਰਕਰਾਂ ਦਾ ਕਰਨ ਬੁਰਜ ਵੱਲੋਂ ਧੰਨਵਾਦ



**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਮੋਦੀ ਸਰਕਾਰ ਵੱਲੋਂ ਕਿਸਾਨਾਂ ਨਾਲ ਕੀਤੀ ਜਾ ਰਹੀ ਧੱਕੇਸ਼ਾਹੀ ਦੇ ਖਿਲਾਫ ਕਾਂਗਰਸ ਪਾਰਟੀ ਜ਼ਿਲਾ ਤਰਨ ਤਾਰਨ ਵੱਲੋਂ ਝਬਾਲ ਤੋਂ ਕਿਸਾਨਾਂ ਦੇ ਹੱਕ 'ਚ ਕੱਢੀ ਗਈ ਵਿਸ਼ਾਲ ਟਰੈਕਟਰ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਪਹੁੰਚੇ ਕਾਂਗਰਸੀ ਵਰਕਰਾਂ ਦਾ ਧੰਨਵਾਦ ਕਰਦਿਆਂ ਕਾਂਗਰਸ ਪਾਰਟੀ ਦੇ ਸੂਬਾ ਆਗੂ ਕਰਨਬੀਰ ਸਿੰਘ ਬੁਰਜ ਨੇ ਕਿਹਾ ਕਿ ਕਾਂਗਰਸ ਪਾਰਟੀ ਦੇ ਵਰਕਰਾਂ ਵਿੱਚ ਉਤਸ਼ਾਹ ਨੂੰ ਵੇਖ ਕੇ ਸਪੱਸ਼ਟ ਹੋ ਗਿਆ ਹੈ ਕਿ ਕਾਂਗਰਸੀ ਵਰਕਰ ਕਿਸਾਨਾਂ ਨਾਲ ਕੀਤੀਆਂ ਜਾ ਰਹੀਆ ਜ਼ਿਆਦਤੀਆਂ ਖਿਲਾਫ ਕਿਸਾਨਾਂ ਨਾਲ ਚਟਾਨ ਵਾਂਗ ਖੜੇ ਹਨ। ਉਨ੍ਹਾਂ ਕਿਹਾ ਕਿ ਉਹ ਹਲਕੇ ਦੇ ਕਾਂਗਰਸੀ ਵਰਕਰਾਂ ਦਾ ਇਸ ਲਈ ਤਹਿ ਦਿਲੋਂ ਧੰਨਵਾਦ ਕਰਦੇ ਹਨ ਅਤੇ ਹਰ ਸਮੇਂ ਉਨ੍ਹਾਂ ਦੇ ਦੁੱਖ-ਸੁੱਖ ਵਿੱਚ ਹਾਜ਼ਰ ਰਹਿਣਗੇ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਲੋਕ ਇਨ੍ਹਾਂ ਕਿਸਾਨ ਵਿਰੋਧੀ ਪਾਰਟੀਆਂ ਤੋਂ ਤੌਬਾ ਕਰਕੇ ਕਾਂਗਰਸ ਦੇ ਹੱਕ ਵਿੱਚ ਭੁਗਤਣਗੇ। ਇਸ ਸਮੇਂ ਕਰਨਬੀਰ ਸਿੰਘ ਬੁਰਜ ਦੇ ਨਾਲ ਬਲਾਕ ਪ੍ਰਧਾਨ ਸੋਨੂੰ ਦੋਦੇ, ਚੇਅਰਮੈਨ ਰਮਨ ਕੁਮਾਰ, ਸਰਪੰਚ ਮੰਗਲ ਸਿੰਘ ਖੈਰਦੀ, ਨਿੰਪੀ ਸੂਦ, ਪ੍ਰਧਾਨ ਅਸ਼ੋਕ ਕੁਮਾਰ ਆਦਿ ਹਾਜ਼ਰ ਸਨ।

# ਸ਼ੁਭਕਰਨ ਸਿੰਘ ਦੇ ਕਤਲ ਦੇ ਇਨਸਾਫ ਲਈ ਕਾਂਗਰਸ ਪਾਰਟੀ ਨੇ ਧਾਰੀਵਾਲ 'ਚ ਕੈਂਡਲ ਮਾਰਚ ਕੱਢਿਆ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਪੰਜਾਬ ਵਿਧਾਨ ਸਭਾ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੇ ਦਿਸ਼ਾ ਨਿਰਦੇਸ਼ਾਂ ਤੇ ਕਾਂਗਰਸ ਪਾਰਟੀ ਦੇ ਬਲਾਕ ਧਾਰੀਵਾਲ ਦੇ ਪ੍ਰਧਾਨ ਗੁਰਨਾਮ ਸਿੰਘ ਚਾਹਲ ਅਤੇ ਸ਼ਹਿਰੀ ਪ੍ਰਧਾਨ ਸਰਦਾਰੀ ਲਾਲ ਰਣੀਆਂ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਵਲੋਂ ਸ਼ਹੀਦ ਕਿਸਾਨ ਸ਼ੁਭਕਰਨ ਸਿੰਘ ਨੂੰ ਸ਼ਰਧਾਂਜਲੀ ਦਿੰਦੇ ਹੋਏ ਸ਼ਹਿਰ ਧਾਰੀਵਾਲ ਅੰਦਰ ਕੈਂਡਲ ਮਾਰਚ ਕੱਢਿਆ ਅਤੇ ਰੋਸ ਪ੍ਰਦਰਸ਼ਨ ਕਰਦਿਆਂ ਕੇਂਦਰੀ ਸਰਕਾਰ ਅਤੇ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ।

ਇਸ ਮੌਕੇ ਕਾਂਗਰਸ ਪਾਰਟੀ ਦੇ ਸੂਬਾ ਡੈਲੀਗੇਟ ਬਰਿੰਦਰ ਸਿੰਘ ਛੋਟੇਪੁਰ, ਵਜੀਰ ਸਿੰਘ ਲਾਲੀ ਸਾਬਕਾ ਉਪ ਚੇਅਰਮੈਨ ਪੰਜਾਬ, ਬਲਾਕ ਧਾਰੀਵਾਲ ਦੇ ਪ੍ਰਧਾਨ ਗੁਰਨਾਮ ਸਿੰਘ ਚਾਹਲ ਅਤੇ ਸ਼ਹਿਰੀ ਪ੍ਰਧਾਨ ਸਰਦਾਰੀ ਲਾਲ ਰਣੀਆਂ ਆਦਿ ਬੁਲਾਰਿਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਪੰਜਾਬ ਸਰਕਾਰ ਨੇ ਸ਼ਹੀਦ ਕਿਸਾਨ ਸ਼ੁਭਕਰਨ ਸਿੰਘ ਦੇ ਪਰਿਵਾਰ ਨੂੰ ਇਕ ਕਰੋੜ ਰੁਪਏ ਦੀ ਸਹਾਇਤਾ ਅਤੇ ਇਕ ਜੀਅ ਨੂੰ ਸਰਕਾਰੀ ਨੌਕਰੀ ਨਾ ਦਿੱਤੀ ਤਾਂ ਪੰਜਾਬ ਕਾਂਗਰਸ ਸੂਬੇ ਅੰਦਰ ਜ਼ੋਰਦਾਰ ਰੋਸ ਪ੍ਰਦਰਸ਼ਨ ਕਰੇਗੀ। ਕਾਂਗਰਸੀ ਆਗੂਆਂ ਨੇ ਕਿਹਾ ਕਿ ਮੋਦੀ ਸਰਕਾਰ ਨੂੰ ਤਾਨਾਸ਼ਾਹੀ ਵਾਲਾ ਰਵੱਈਆ ਛੱਡ ਕੇ ਕਿਸਾਨਾਂ ਦੇ ਮਸਲੇ ਤੁਰਤ ਹੱਲ ਕਰਨੇ ਚਾਹੀਦੇ ਹਨ। ਇਸ ਕੈਂਡਲ ਮਾਰਚ ਵਿੱਚ ਉੱਕਤ ਆਗੂਆਂ ਤੋਂ ਇਲਾਵਾ ਰਾਧੇ ਕ੍ਰਿਸ਼ਨਪੁਰੀ ਸਾਬਕਾ ਚੇਅਰਮੈਨ, ਐਡਵੋਕੇਟ ਬਲਜੀਤ ਪਾਲ ਸਿੰਘ ਖੁੰਡਾ ਉਪ ਚੇਅਰਮੈਨ, ਨਰਿੰਦਰ ਕੁਮਾਰ ਕਾਲੇ ਸ਼ਾਹ, ਕੌਂਸਲਰ ਦੀਪਕ ਕੁਮਾਰ ਰਿੰਟੂ, ਨਰੇਸ਼ ਕੁਮਾਰ ਜੱਫਰਵਾਲ ਜ਼ਿਲ੍ਹਾ ਜਨਰਲ ਸਕੱਤਰ, ਮਨਿੰਦਰ ਸਿੰਘ ਸੋਹਲ ਸਰਪੰਚ ਪੀਰ ਦੀ ਸੈਨ, ਜੋਗਾ ਸਿੰਘ ਆਲੋਵਾਲ ਜ਼ਿਲ੍ਹਾ ਜਨਰਲ ਸਕੱਤਰ, ਨੋਨੀ ਖੋਸਲਾ, ਹੀਰਾ ਲਹੌਰੀਆ, ਵਿਜੇ ਸੱਚਦੇਵਾ, ਪਲਵਿੰਦਰ ਸਿੰਘ ਸੋਹਲ, ਜ਼ਿਲ੍ਹਾ ਜਨਰਲ ਸਕੱਤਰ ਵਿਲਸਨ ਮਸੀਹ ਦੀਨਪੁਰ, ਕੌਂਸਲਰ ਜੋਜਫ ਗਿੱਲ, ਸਤਨਾਮ ਮਸੀਹ ਖੁੰਡੀ, ਗਗਨ ਮਸੀਹ ਸੁਜਾਨਪੁਰ, ਦਲਬੀਰ ਸਿੰਘ ਚਾਹਲ, ਪਰਮਵੀਰ ਸਿੰਘ ਰਣੀਆਂ, ਬਚਨ ਲਾਲ ਫੌਜੀ, ਬਲਵਿੰਦਰ ਸਿੰਘ ਬੱਬਰੀ, ਜਸਮੇਰ ਸਿੰਘ ਕੰਗ, ਰਣਜੀਤ ਸਿੰਘ ਜੌਹਲ, ਚਮਨ ਸੰਘਰ, ਆਸ਼ੂ, ਪ੍ਰਕਾਸ਼ ਫੌਜੀ, ਤਲਵਿੰਦਰ ਸਿੰਘ ਸੋਹਲ, ਦਲਜੀਤ ਸਿੰਘ ਛੋਟੇਪੁਰ ਆਦਿ ਸਮੇਤ ਕਈ ਆਗੂ ਸ਼ਾਮਲ ਸਨ।

# ਸਫਾਈ ਕਾਮੇ ਹੜਤਾਲ 'ਤੇ, ਸ਼ਹਿਰ ਵਾਸੀਆਂ ਖੁਦ ਫੜਿਆ ਝਾੜੂ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਪਿਛਲੇ ਚਾਰ ਦਿਨਾਂ ਤੋਂ ਸਫ਼ਾਈ ਕਰਮਚਾਰੀਆਂ ਦੀ ਹੜਤਾਲ ਦੇ ਚੱਲਦਿਆਂ ਸ਼ਹਿਰ ਵਾਸੀਆਂ ਦਾ ਸਫ਼ਾਈ ਸੇਵਕਾਂ ਦੇ ਵਿਰੁੱਧ ਗੁੱਸਾ ਫੁੱਟ ਪਿਆ ਹੈ। ਸ਼ਹਿਰ ਵਿੱਚ ਥਾਂ -ਥਾਂ ਗੰਦਗੀ ਦੇ ਢੇਰ ਲੱਗੇ ਹੋਣ ਕਾਰਨ ਬਿਮਾਰੀਆਂ ਦੇ ਫ਼ੈਲਣ ਦਾ ਖ਼ਦਸ਼ਾ ਪੈਦਾ ਹੋ ਗਿਆ ਹੈ। 3 ਮਾਰਚ ਨੂੰ ਕਾਦੀਆਂ ਤੋਂ ਡੇਰਾ ਬਾਬਾ ਨਾਨਕ ਚੋਲ੍ਹਾ ਸਾਹਿਬ ਦੇ ਦਰਸ਼ਨਾਂ ਲਈ ਲੰਘਣ ਵਾਲੇ ਸੰਗ ਨੂੰ ਮੁੱਖ ਰੱਖਦਿਆਂ ਸ਼ਹਿਰ ਵਾਸੀਆਂ ਆਪ ਕੂੜਾ ਕਰਕਟ ਚੁੱਕਣਾ ਸ਼ੁਰੂ ਕਰ ਦਿੱਤਾ ਹੈ। ਅਮਿਤ ਲੂਥਰਾ ਦਾ ਕਹਿਣਾ ਹੈ ਕਿ ਸਫ਼ਾਈ ਕਰਮਚਾਰੀਆਂ ਨੂੰ ਸੰਗ ਨੂੰ ਮੁੱਖ ਰੱਖਦਿਆਂ ਸ਼ਹਿਰ ਦੀ ਸਾਫ਼-ਸਫ਼ਾਈ ਲਈ ਕੰਮ 'ਤੇ ਵਾਪਸ ਮੁੜ ਆਉਣਾ ਚਾਹੀਦਾ ਹੈ। ਉਨ੍ਹਾਂ ਆਪਣੇ ਸਾਥੀਆਂ ਨਾਲ ਮੁਹੱਲਾ ਅਕਾਲਗੜ੍ਹ ਵਿੱਚ ਸੜਕ 'ਤੇ ਪਿਆ ਕੂੜਾ ਚੁੱਕ ਕੇ ਡੰਪ ਕੀਤਾ। ਸ਼ਹਿਰ ਵਾਸੀਆਂ ਦਾ ਕਹਿਣਾ ਹੈ ਕਿ ਜੇ ਸਰਕਾਰ ਕੋਈ ਵਿਕਾਸ ਕਾਰਜ ਕਰਦੀ ਹੈ ਤਾਂ ਵਿਰੋਧੀ ਪਾਰਟੀ ਨੂੰ ਹਰ ਗੱਲ ਵਿੱਚ ਰਾਜਨੀਤੀ ਨਹੀਂ ਕਰਨੀ ਚਾਹੀਦੀ। ਆਪਸ ਵਿੱਚ ਰਲ ਮਿਲ ਕੇ ਕੰਮ ਕਰਨੇ ਚਾਹੀਦੇ ਹਨ। ਸ਼ਹਿਰ ਵਾਸੀਆਂ ਨੇ ਮੰਗ ਕੀਤੀ ਹੈ ਕਿ ਸ਼ਹਿਰ ਵਿੱਚ ਵਿਕਾਸ ਕਾਰਜ ਹੋਣੇ ਚਾਹੀਦੇ ਹਨ ਅਤੇ ਘਟੀਆ ਰਾਜਨੀਤੀ ਬੰਦ ਹੋਣੀ ਚਾਹੀਦੀ ਹੈ।

# ਡਾ: ਸੰਦੀਪ ਕੌਰ ਦਾ ਬਾਬਾ ਬੁੱਢਾ ਪਬਲਿਕ ਸਕੂਲ ਬੀੜ ਸਾਹਿਬ ਪਹੁੰਚਣ 'ਤੇ ਨਿੱਘਾ ਸਵਾਗਤ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਬਾਬਾ ਬੁੱਢਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬੀੜ ਸਾਹਿਬ ਤੋਂ ਸਿੱਖਿਆ ਹਾਸਲ ਕਰਕੇ ਅਮਰੀਕਾ ਵਿੱਚ ਡਾਕਟਰ ਦੀਆਂ ਸੇਵਾਵਾਂ ਨਿਭਾਅ ਰਹੀ ਕਸਬਾ ਝਬਾਲ ਦੀ ਵਸਨੀਕ ਡਾ. ਸੰਦੀਪ ਕੌਰ ਯੂਐੱਸਏ ਸਪੁੱਤਰੀ ਡਾ. ਗੁਰਬਲਜੀਤ ਸਿੰਘ ਸੰਧੂ ਦਾ ਸਕੂਲ ਪਹੁੰਚਣ 'ਤੇ ਪ੍ਰਿੰ. ਤਰਨਜੀਤ ਸਿੰਘ ਸਮੇਤ ਸਮੂਹ ਸਟਾਫ ਵੱਲੋਂ ਸ਼ਾਨਦਾਰ ਸਵਾਗਤ ਕੀਤਾ ਗਿਆ। ਡਾ. ਸੰਦੀਪ ਕੌਰ ਨੇ ਇਲਾਕੇ ਦੇ ਨੇੜਲੇ ਪਿੰਡਾਂ ਦੇ ਵਿਦਿਆਰਥੀਆਂ ਨੂੰ ਮਿਆਰੀ ਤੇ ਉੱਚ ਦਰਜੇ ਦੀ ਸਿੱਖਿਆ ਪ੍ਰਦਾਨ ਕਰ ਰਹੇ ਬਾਬਾ ਬੁੱਢਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਮਾਣ ਹੈ ਕਿ ਉਹ ਇਸ ਸੰਸਥਾ ਦੇ ਵਿਦਿਆਰਥੀ ਰਹੇ ਹਨ। ਦੱਸਣਯੋਗ ਹੈ ਕਿ ਡਾ. ਸੰਦੀਪ ਕੌਰ ਵੱਲੋਂ ਹਰੇਕ ਸਾਲ ਬੋਰਡ ਦੀਆਂ ਪ੍ਰੀਖਿਆਵਾਂ ਵਿੱਚ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਕ੍ਰਮਵਾਰ 25000, 15000, 10000 ਰੁਪਏ ਦੀ ਵਜ਼ੀਫਾ ਰਾਸ਼ੀ ਦੇ ਕੇ ਹੌਸਲਾ ਅਫਜ਼ਾਈ ਕੀਤੀ ਜਾਂਦੀ ਹੈ। ਇਸ ਮੌਕੇ ਪ੍ਰਿੰ. ਤਰਨਜੀਤ ਸਿੰਘ, ਡੀਪੀ ਗੁਰਮੀਤ ਸਿੰਘ, ਮਨਿੰਦਰ ਸਿੰਘ, ਤਰਸੇਮ ਸਿੰਘ, ਭੁਪਿੰਦਰ ਸਿੰਘ, ਜਗਮੀਤ ਸਿੰਘ, ਕੁਲਜਿੰਦਰ ਕੌਰ, ਰੁਪਿੰਦਰਬੀਰ ਕੌਰ, ਅਰਵਿੰਦਰ ਕੌਰ ਵੱਲੋਂ ਡਾ. ਸੰਦੀਪ ਕੌਰ ਨੂੰ ਸਿਰਪਾਉ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕਰਦਿਆਂ ਉਨ੍ਹਾਂ ਵੱਲੋਂ ਸਕੂਲ ਪ੍ਰਤੀ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ।

# 12ਵਾਂ ਜਸਪਾਲ ਭੱਟੀ ਐਵਾਰਡ ਖੁਸ਼ੀਆਂ ਖੇੜੇ ਵੰਡਦਾ ਸੰਪੰਨ




**ਅੰਮ੍ਰਿਤਸਰ, (ਡੀ. ਕੇ. ਰੈਡੀ)**-ਹਾਸਿਆਂ ਦੇ ਬਾਦਸ਼ਾਹ ਪਦਮ ਭੂਸ਼ਣ ਜਸਪਾਲ ਭੱਟੀ ਦੀ ਨਿੱਘੀ ਯਾਦ ਨੂੰ ਸਮਰਪਿਤ 12ਵਾਂ ਜਸਪਾਲ ਭੱਟੀ ਐਵਾਰਡ ਸਮਾਰੋਹ ਈਡੀਅਟ ਕਲੱਬ ਪੰਜਾਬ ਵੱਲੋਂ ਪੰਜਾਬ ਨਾਟਸ਼ਾਲਾ ਅੰਮ੍ਰਿਤਸਰ 'ਚ ਬਹੁਤ ਹੀ ਵਧੀਆ ਤਰੀਕੇ ਨਾਲ ਆਯੋਜਿਤ ਕੀਤਾ ਗਿਆ। ਈਡੀਅਟ ਕਲੱਬ ਪੰਜਾਬ ਦੇ ਪ੍ਰਧਾਨ ਅਤੇ ਫਿਲਮੀ ਅਦਾਕਾਰ ਡਾ. ਰਾਜਿੰਦਰ ਰਿਖੀ ਅਤੇ ਸੀਨੀਅਰ ਮੀਤ ਪ੍ਰਧਾਨ ਧਵਨੀ ਮਹਿਰਾ ਵੱਲੋਂ ਸਾਰੇ ਹੀ ਐਵਾਰਡੀਆਂ ਨੂੰ ਢੋਲ ਦੇ ਨਾਲ ਪੰਜਾਬ ਨਾਟਸ਼ਾਲਾ ਦੇ ਆਡੀਟੋਰੀਅਮ 'ਚ ਲਿਜਾਇਆ ਗਿਆ। ਰਾਜਿੰਦਰ ਰਿਖੀ ਨੇ ਐਵਾਰਡ ਸਮਾਰੋਹ ਦੀ ਸ਼ੁਰੂਆਤ ਕਰਦਿਆਂ ਕਲੱਬ ਦੀਆਂ ਗਤੀਵਿਧੀਆਂ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਇਹ ਐਵਾਰਡ ਸਮਾਰੋਹ ਉਨ੍ਹਾਂ ਦੇ ਕਲੱਬ ਵੱਲੋਂ ਸਵਰਗੀ ਜਸਪਾਲ ਭੱਟੀ ਦੀ ਯਾਦ ਨੂੰ ਹਮੇਸ਼ਾਂ ਤਾਜ਼ਾ ਰੱਖਣ ਲਈ ਸ਼ੁਰੂ ਕੀਤਾ ਗਿਆ ਸੀ ਜੋ ਕਿ ਅੱਜ 12 ਸਾਲ ਪੂਰੇ ਕਰਕੇ 13ਵੇਂ ਸਾਲ ਵਿਚ ਪ੍ਰਵੇਸ਼ ਕਰ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਇਸ ਐਵਾਰਡ ਸਮਾਰੋਹ ਵਿਚ ਵੱਖ-ਵੱਖ ਖੇਤਰਾਂ ਵਿਚ ਮੱਲਾਂ ਮਾਰਨ ਅਤੇ ਨਾਮਣਾ ਖੱਟਣ ਵਾਲੀਆਂ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ। ਇਸ ਵਾਰ ਲਾਈਫ ਟਾਈਮ ਅਚੀਵਮੈਂਟ ਐਵਾਰਡ ਜਗਦੀਸ਼ ਸਿੰਘ (ਡਾਇਰੈਕਟਰ ਸੰਤ ਸਿੰਘ ਸੁੱਖਾ ਸਿੰਘ ਸੰਸਥਾਵਾਂ), ਕਾਮੇਡੀ ਕਿੰਗ ਪਾਕਿਸਤਾਨ ਦੇ ਮਸ਼ਹੂਰ ਹਾਸ ਕਲਾਕਾਰ ਇਫ਼ਤਿਖ਼ਾਰ ਠਾਕੁਰ, ਸ਼ਰੀਫ਼ ਬਦਮਾਸ਼ ਸ਼ਿਵੇਂਦਰ ਮਾਹਲ, ਮਾਨਵਤਾ ਦੇ ਸੇਵਕ ਡਾ. ਰਾਕੇਸ਼ ਸ਼ਰਮਾ (ਵਾਇਸ ਆਫ ਅੰਮ੍ਰਿਤਸਰ), ਹਾਸ ਵਿਅੰਗਕਾਰ ਕਾਂਸ਼ੀ ਰਾਮ ਚੰਨ, ਹੱਸਦਾ ਮੁੱਖੜਾ ਨਿਸ਼ਾ ਕਟੋਚ (ਹਿਮਾਚਲ ਪ੍ਰਦੇਸ਼), ਕਲਮ ਦਾ ਧਨੀ ਰੋਹਿਤ ਵਰਮਾ ਰਿਪੂ, ਬੈਸਟ ਵਾਇਲੀਨਿਸਟ ਸਵਪਨ ਰਾਣੂ, ਸੁਰਾਂ ਦਾ ਬਾਦਸ਼ਾਹ ਮਨਪ੍ਰੀਤ ਸ਼ੇਰਗਿੱਲ, ਹਰਫ਼ਨਮੌਲਾ ਅਦਾਕਾਰ ਦਲਜੀਤ ਸਿੰਘ ਸੋਨਾ, ਆਰਟ ਪ੍ਰੋਮੋਟਰ ਜਗਜੋਤ ਸਿੰਘ ਰੂਬਲ ਅਤੇ ਆਊਟਸਟੈਂਡਿੰਗ ਅਚੀਵਰ ਗੋਨੀ ਸੱਗੂ ਨੂੰ ਦਿੱਤਾ ਗਿਆ। ਇਸ ਮੌਕੇ ਮੁੰਬਈ ਤੋਂ ਆਏ ਹਾਸ ਕਲਾਕਾਰ ਦੀਪਕ ਰਾਜਾ ਅਤੇ ਦੀਪਕ ਤਿੱਲੀ ਨੇ ਆਪਣੀ ਕਲਾ ਦੇ ਜੌਹਰ ਦਿਖਾਏ। ਪਾਕਿਸਤਾਨੀ ਅਦਾਕਾਰ ਇਫ਼ਤਿਖ਼ਾਰ ਠਾਕੁਰ ਨੇ ਇਕ ਵੀਡੀਓ ਸੰਦੇਸ਼ ਰਾਹੀਂ ਈਡੀਅਟ ਕਲੱਬ ਦੇ ਪ੍ਰਧਾਨ ਅਤੇ ਸਾਰੀ ਟੀਮ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਮੇਂ ਦੀ ਘਾਟ ਕਾਰਨ ਉਨ੍ਹਾਂ ਦੇ ਵੀਜ਼ੇ ਦਾ ਬੰਦੋਬਸਤ ਨਹੀਂ ਹੋ ਸਕਿਆ, ਪਰ ਉਨ੍ਹਾਂ ਦਾ ਬਹੁਤ ਮਨ ਕਰਦਾ ਹੈ ਕਿ ਉਹ ਪੰਜਾਬ ਦੇ ਲੋਕਾਂ ਵਿਚ ਆਉਣ। ਉਨ੍ਹਾਂ ਨੇ ਕਿਹਾ ਕਿ ਉਹ ਬਹੁਤ ਜਲਦ ਪੰਜਾਬ ਆਉਣਗੇ। ਇਸ ਮੌਕੇ ਕਲੱਬ ਦੇ ਚੇਅਰਮੈਨ ਡਾ. ਕੇ. ਐੱਸ. ਪਾਰਸ, ਪੈਟਰਨ ਸ਼ੰਮੀ ਚੌਧਰੀ, ਅਰਵਿੰਦਰ ਭੱਟੀ, ਸੰਜੀਵ ਭੰਡਾਰੀ, ਦੀਪਕ ਮਹਿਰਾ, ਧੈਰਿਆ ਮਹਿਰਾ, ਕਾਰਤਿਕ ਰਿਖੀ, ਕੁਲਵਿੰਦਰ ਸਿੰਘ ਬੁੱਟਰ, ਸ਼ਿਵਰਾਜ ਸਿੰਘ, ਦਵਿੰਦਰ ਸਿੰਘ ਭੰਗੂ, ਦਲਬੀਰ ਸਿੰਘ ਮੱਕੜ ਅਤੇ ਯੁਵਰਾਜ ਆਦਿ ਹਾਜ਼ਰ ਸਨ। ਇਹ ਐਵਾਰਡ ਆਉਂਦੇ ਸਾਲ ਫਿਰ ਤੋਂ ਮਿਲਣ ਦੇ ਵਾਅਦੇ ਨਾਲ ਖੁਸ਼ੀਆਂ ਖੇੜੇ ਵੰਡਦਾ ਹੋਇਆ ਸਮਾਪਤ ਹੋਇਆ।

# ਦਿਵਿਆਂਗਜਨਾਂ ਨੂੰ ਸਹੂਲਤਾਂ ਦੇਣ ਲਈ ਸਿਵਲ ਹਸਪਤਾਲ 'ਚ ਕੈਂਪ ਲੱਗਾ



**ਬਟਾਲਾ, (ਡਾ. ਮਲਵਿੰਦਰ ਸਿੰਘ)**-ਸਿਵਲ ਹਸਪਤਾਲ ਬਟਾਲਾ ਵਿਖੇ ਐੱਸਐੱਮਓ ਸਿਵਲ ਹਸਪਤਾਲ ਬਟਾਲਾ ਡਾ: ਰਵਿੰਦਰ ਸਿੰਘ ਦੀ ਅਗਵਾਈ ਹੇਠ ਦਿਵਿਆਂਗ ਲੋਕਾਂ ਦੇ ਅੰਗਹੀਣ ਸਰਟੀਫਿਕੇਟ ਅਤੇ ਯੂਡੀਆਈਡੀ ਕਾਰਡ ਬਣਾਉਣ ਲਈ ਵਿਸ਼ੇਸ਼ ਕੈਂਪ ਲਗਾਇਆ ਗਿਆ ਜਿਸ ਵਿੱਚ 25 ਦੇ ਕਰੀਬ ਦਿਵਿਆਂਗਜਨਾਂ ਦਾ ਮੁਆਇਨਾ ਕੀਤਾ ਗਿਆ। 2 ਯੂਡੀਆਈ ਕਾਰਡ ਬਣਾਏ ਗਏ, ਆਰਥੋ ਦੇ 15, ਨਿਊਰੋ ਦੇ 2 ਸਰਟੀਫਿਕੇਟ ਬਣਾਏ ਗਏ ਅਤੇ 2 ਈਐੱਨਟੀ ਦੇ ਕੇਸ ਜੀਐੱਮਸੀ ਅੰਮ੍ਰਿਤਸਰ ਰੈਫਰ ਕੀਤੇ ਗਏ। ਡਾ: ਰਵਿੰਦਰ ਐੱਸਐੱਮਓਨੇ ਦੱਸਿਆ ਕਿ ਸਿਵਲ ਹਸਪਤਾਲ ਬਟਾਲਾ ਵਿਖੇ ਚਾਰ ਕੈਂਪ ਲਗਾਏ ਜਾ ਚੁੱਕੇ ਹਨ। ਉਨ੍ਹਾਂ ਡਾਕਟਰਾਂ ਨੂੰ ਕਿਹਾ ਕਿ ਕੋਈ ਵੀ ਵਿਆਕਤੀ ਡਾਕਟਰੀ ਮੁਆਇਨੇ ਤੋਂ ਵਾਂਝਾ ਨਾ ਰਹੇ। ਸਾਰੇ ਆਪਣੇ ਏਰੀਏ ਦੇ ਦਿਵਿਆਂਗਜਨਾਂ ਦਾ ਚੈੱਕਅਪ ਜ਼ਰੂਰ ਕਰਵਾਉਣ। ਇਸ ਮੌਕੇ ਡਾ. ਹਰਪ੍ਰੀਤ ਸਿੰਘ, ਡਾ. ਮੀਨਾਕਸ਼ੀ, ਡਾ. ਸੁਖਦੀਪ ਸਿੰਘ, ਡਾ. ਰਮਨ, ਚਰਨਜੀਤ ਕੌਰ, ਨਰਸਿੰਗ ਵਿਦਿਆਰਥੀਆਂ ਨੇ ਭਾਗ ਲਿਆ।

# ਸਮਾਜਿਕ ਮੁੱਦਿਆਂ 'ਤੇ ਮਨਜਿੰਦਰ ਸਿੰਘ ਕੰਗ ਤੇ ਸਤਨਾਮ ਸਿੰਘ ਗਿੱਲ ਵਿਚਾਲੇ ਹੋਈ ਚਰਚਾ



**ਬਾਬਾ ਬਕਾਲਾ (ਮਨਜੀਤ ਸਿੰਘ ਭੰਗੂ)**-ਖੇਤਰੀ ਸਿਆਸਤ 'ਚ ਨਵੇਂ ਸਮੀਕਰਨ ਬਦਲਦੇ ਨਜ਼ਰ ਆ ਰਹੇ ਹਨ ਕਿਉਂਕਿ ਨੈਸ਼ਨਲ ਯੂਥ ਪਾਰਟੀ ਦੇ ਸੂਬਾਈ ਪ੍ਰਧਾਨ ਸਤਨਾਮ ਸਿੰਘ ਗਿੱਲ ਪੰਜਾਬ ਦੇ ਸੰਘਾਤਮਕ ਢਾਂਚੇ ਦੀ ਵਕਾਲਤ ਕਰਨ ਲਈ ਸੂਬੇ ਦੇ ਕੱਦਾਵਰ ਲੀਡਰਾਂ ਨੂੰ ਮਿਲ ਰਹੇ ਹਨ। ਇਸੇ ਲੜੀ ਵਜੋਂ ਸਤਨਾਮ ਸਿੰਘ ਗਿੱਲ ਚੋਟੀ ਦੇ ਸਿਆਸਤਦਾਨ ਮਨਜਿੰਦਰ ਸਿੰਘ ਕੰਗ (ਸਾਬਕਾ ਵਿਧਾਇਕ ਬਿਆਸ) ਨੂੰ ਮਿਲੇ। ਇਸ ਰਸਮੀ ਮੁਲਾਕਾਤ ਦੌਰਾਨ ਕੰਗ ਅਤੇ ਗਿੱਲ ਨੇ ਗੰਧਲੀ ਹੋ ਚੁੱਕੀ ਸਿਆਸਤ ਨੂੰ ਪਾਰਦਰਸ਼ਤਾ 'ਚ ਤਬਦੀਲ ਕਰਨ ਲਈ ਸਾਂਝੇ ਯਤਨ ਕਰਨ ਲਈ ਪੰਜਾਬ ਦੇ ਰਾਜਨੀਤਿਕ ਹਲਕਿਆਂ 'ਚ ਖੇਤਰੀ ਪਾਰਟੀਆਂ ਦੇ ਸੰਭਾਵਿਤ ਗੱਠਜੋੜ ਦੀ ਵਕਾਲਤ ਕਰਦਿਆਂ ਸੰਘਾਤਮਕ ਢਾਂਚੇ ਦੀ ਸਰਾਹਨਾ ਕੀਤੀ। ਦੋਵਾਂ ਰਾਜਸੀ ਨੇਤਾਵਾਂ ਨੇ ਸਮਾਜ 'ਚ ਪਸਰੀ ਬੇਚੈਨੀ ਦੀ ਚਿੰਤਾ ਕਰਦਿਆਂ ਕਿਹਾ ਕਿ ਸਮਾਜਿਕ ਕੁਰੀਤੀਆਂ ਨੂੰ ਨੇਸ-ਤੋ-ਨਬੂਦ ਕਰਨ ਲਈ ਪਿੰਡ-ਪਿੰਡ, ਸ਼ਹਿਰ-ਸ਼ਹਿਰ ਲੋਕਾਂ ਤੋਂ ਮਤੇ ਪਾਸ ਕਰਵਾ ਕੇ ਨਸ਼ੇਖੋਰੀ, ਦਾਜ ਦਹੇਜ, ਮਹਿੰਗੇ ਵਿਆਹ, ਖਰਚੀਲੇ ਪ੍ਰਬੰਧਾਂ, ਬੇਲੋੜੀਆਂ ਰਵਾਇਤਾਂ ਤੇ ਰਸਮੋ-ਰਿਵਾਜਾਂ ਦੀ ਬੇਲੋੜੀ ਜਕੜ 'ਚੋਂ ਸਮਾਜ ਨੂੰ ਨਿਜਾਤ ਦਵਾਉਣ ਲਈ ਚਾਰਾਜੋਈ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਪੰਜਾਬ ਦੇ ਨੌਜਵਾਨ ਬੱਚਿਆਂ ਨੂੰ ਨਸ਼ਿਆਂ ਤੋਂ ਬਚਾਉਣ, ਪਤਿਤਪੁਣੇ ਦੇ ਰਾਹ ਤੋਂ ਮੁੜ ਕੇ ਵਾਪਸ ਸਭਿਅਕ ਸਮਾਜ ਦੇ ਆਮ ਨਾਗਰਿਕ ਬਣਾਉਣ ਲਈ ਉਪਰਾਲੇ ਕਰਨ ਦਾ ਸੰਕਲਪ ਲਿਆ। ਇਸ ਮੌਕੇ ਪੀਆਰਓ ਅੰਮ੍ਰਿਤਪਾਲ ਸਿੰਘ ਸ਼ਾਹਪੁਰ, ਓਂਕਾਰ ਸਿੰਘ ਸੋਨੂੰ ਪੀਏ ਗੁਰਪ੍ਰੀਤ ਸਿੰਘ ਹਾਜ਼ਰ ਸਨ।

# ਸਰਕਾਰੀ ਬਹੁ-ਤਕਨੀਕੀ ਕਾਲਜ ਦੋਦਵਾਂ ਵਿਖੇ ਸਵੈ-ਰੋਜ਼ਗਾਰ ਸਬੰਧੀ ਸੈਮੀਨਾਰ



**ਗੁਰਦਾਸਪੁਰ, (ਦਿਨੇਸ਼ ਕੁਮਾਰ)**-ਵਿਦਿਆਰਥੀਆਂ ਨੂੰ ਸਵੈ-ਰੋਜ਼ਗਾਰ ਪ੍ਰਤੀ ਪ੍ਰੇਰਿਤ ਕਰਨ ਲਈ ਪ੍ਰਿੰ. ਵਿਜੇ ਕੁਮਾਰ ਥਾਪਾ ਅਤੇ ਪਲੇਸਮੈਂਟ ਅਫਸਰ ਜਸਵਿੰਦਰ ਸਿੰਘ ਲੈਕਚਰਾਰ ਦੀ ਰਹਿਨੁਮਾਈ ਹੇਠ ਸਰਕਾਰੀ ਬਹੁ-ਤਕਨੀਕੀ ਕਾਲਜ ਦੋਦਵਾਂ ਦੀਨਾਨਗਰ ਵਿਖੇ ਲੀਡ ਬੈਂਕ ਪੰਜਾਬ ਨੈਸ਼ਨਲ ਬੈਂਕ ਗੁਰਦਾਸਪੁਰ ਨਾਲ ਤਾਲਮੇਲ ਕਰਦਿਆਂ ਸਵੈ ਰੋਜ਼ਗਾਰ ਸਬੰਧੀ ਸੈਮੀਨਾਰ ਕਰਵਾਇਆ ਗਿਆ। ਸੈਮੀਨਾਰ ਦੀ ਸ਼ੁਰੂਆਤ ਕਰਦਿਆਂ ਪੰਜਾਬ ਨੈਸ਼ਨਲ ਬੈਂਕ ਦੇ ਬ੍ਰਾਂਚ ਹੈੱਡ ਦਵਿੰਦਰ ਵਸ਼ਿਸ਼ਟ ਨੇ ਦੱਸਿਆ ਕਿ ਜ਼ਿਆਦਾਤਰ ਵਿਦਿਆਰਥੀ ਡਿਪਲੋਮਾ ਪੂਰਾ ਕਰਨ ਤੋਂ ਬਾਅਦ ਨੌਕਰੀ ਕਰਨਾ ਚਾਹੁੰਦੇ ਹਨ ਪਰ ਫਿਰ ਵੀ ਉਨ੍ਹਾਂ ਨੂੰ ਸਵੈ-ਰੋਜ਼ਗਾਰ ਦਾ ਵਿਕਲਪ ਜ਼ਰੂਰ ਵਿਚਾਰਨਾ ਚਾਹੀਦਾ ਹੈ। ਚੀਫ ਮੈਨੇਜਰ ਸੌਰਵ ਧੀਮਾਨ ਨੇ ਵਿਦਿਆਰਥੀਆਂ ਨੂੰ ਸਰਕਾਰ ਵੱਲੋਂ ਚਲਾਈਆਂ ਸਵੈ-ਰੋਜ਼ਗਾਰ ਸਬੰਧੀ ਸਰਕਾਰੀ ਸਕੀਮਾਂ ਬਾਰੇ ਅਤੇ ਲੋਨ ਲੈਣ ਸਬੰਧੀ ਪ੍ਰਕਿਰਿਆ ਬਾਰੇ ਜਾਣੂ ਕਰਵਾਇਆ। ਪ੍ਰਿੰ. ਇੰਜੀਨੀਅਰ ਵਿਜੇ ਕੁਮਾਰ ਥਾਪਾ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਨੌਕਰੀ ਲੱਭਣ ਨਾਲੋਂ ਨੌਕਰੀ ਦੇਣ ਵਾਲਾ ਬਣਨਾ ਚਾਹੀਦਾ ਹੈ। ਸੈਮੀਨਾਰ ਦੇ ਆਖਿਰ 'ਚ ਪਲੇਸਮੈਂਟ ਅਫਸਰ ਵੱਲੋਂ ਪ੍ਰਿੰ. ਅਤੇ ਬੈਂਕ ਤੋਂ ਆਏ ਨੁਮਾਇੰਦਿਆਂ ਦਾ ਧੰਨਵਾਦ ਕੀਤਾ ਗਿਆ।


**OFFICE OF THE DISTRICT & SESSIONS JUDGE, AMRITSAR**
**PUBLIC AUCTION NOTICE**

It is notified that in accordance with Hon'ble High Court's Judicial Courts Premises and Compound Fund Rules, 2013, a Public Auction shall be held in the Judicial Courts Complex, Amritsar, on **20.03.2024 at 3.00 P.M.**, for the public utility services that are mentioned below, for New Judicial Courts Complex at Baba Bakala Sahib, for the lease period from **01.04.2024 to 31.03.2025.** The aspiring bidders are directed to move an application in the office of Civil Judge (Sr.Divn.), Amritsar to the effect that they are willing to participate in the auction process for the public utility services and also to deposit the amount of Rs.5000/- as an earnest money on **20.03.2024 by 12.30 P.M.** positively, in the office of Civil Judge (Senior Division), Amritsar.

The earnest money of unsuccessful bidders shall be returned on the same day. The detailed terms and conditions can be viewed on the website of this Court at **districts.ecourts.gov.in/india/punjab/amritsar/notification**

**SITES AT JUDICIAL COURTS COMPLEX, BABA BAKALA SAHIB**

| Sr. No. | Name of Public Utility Service | Base/Reserve Price for the Period from 01.04.2024 to 31.03.2025 |
|---|---|---|
| 1. | Public Parking | Rs. 1,00,000/- |
| 2. | Canteen | Rs. 40,000/- |
| 3. | Two Rooms for Petition Writers/ Stamp Vendors | Rs. 15,000/-each |
| 4. | Three Shops<br>Shop No. 1-Photostat<br>Shop No. 2-Stationery<br>Shop No. 3-Juice Bar | Rs. 20,000/- each |
| 5. | Bank/ATM (11'-6'' x 23'-3'') space for Petition Writers/Computer Service | Rs. 25,000/- |

The aspiring bidders can inspect the Site Plan of the aforesaid Public Utility Services on any working day, from the Superintendent of the office of District & Sessions Judge, Amritsar, by paying a fee of Rs.100/- In the form of Court Fee Stamp.

The successful bidders shall have to sign and follow the terms and conditions as well as the agreement form.

SD/-
DISTRICT & SESSIONS JUDGE, AMRITSAR.

ਨਵਾਂ ਜ਼ਮਾਨਾ
ਸ਼ਨੀਵਾਰ, 2 ਮਾਰਚ 2024



# ਨਵਾਂ ਜੁਮਲਾ

7 ਫ਼ਰਵਰੀ ਨੂੰ ਰਾਜ ਸਭਾ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦਾਅਵਾ ਕੀਤਾ ਸੀ ਕਿ ਪਿਛਲੇ 9 ਸਾਲਾਂ ਵਿੱਚ ਦੇਸ਼ ਦੇ 25 ਕਰੋੜ ਗਰੀਬ ਮੱਧ ਵਰਗ ਵਿੱਚ ਸ਼ਾਮਲ ਹੋ ਗਏ ਹਨ, ਯਾਨੀ ਅਮੀਰੀ ਵਿੱਚ ਪੈਰ ਪਾ ਚੁੱਕੇ ਹਨ। ਇਸ ਤੋਂ ਬਾਅਦ ਭਾਜਪਾ ਨਾਲ ਸੰਬੰਧਤ ਸਭ ਮੰਤਰੀ ਵੀ ਸ਼ਾਮਲਬਾਜਾ ਬਣੇ ਹੋਏ ਹਨ ਤੇ ਉੱਚੀ-ਉੱਚੀ ਰੌਲਾ ਪਾ ਰਹੇ ਹਨ ਕਿ ਦੇਸ਼ ਵਿੱਚ ਗਰੀਬੀ ਖ਼ਤਮ ਹੋ ਰਹੀ ਹੈ। ਇਸ ਕੰਮ ਵਿੱਚ ਨੀਤੀ ਆਯੋਗ ਭਲਾ ਕਿਵੇਂ ਪਿੱਛੇ ਰਹਿ ਸਕਦਾ ਸੀ। ਨੀਤੀ ਆਯੋਗ ਦੇ ਸੀ ਈ ਓ ਬੀ ਵੀ ਆਰ ਸੁਬਰਾਮਨੀਅਮ ਨੇ 18 ਜੁਲਾਈ 2023 ਨੂੰ ਕਿਹਾ ਸੀ ਕਿ 2015-16 ਤੋਂ ਬਾਅਦ ਦੇ 5 ਸਾਲਾਂ ਵਿੱਚ ਦੇਸ਼ ਦੇ 13.5 ਕਰੋੜ ਲੋਕ ਗਰੀਬੀ ਤੋਂ ਬਾਹਰ ਆ ਗਏ ਸਨ। ਇਸ ਤਰ੍ਹਾਂ 2019-21 ਤੱਕ ਸਿਰਫ਼ 14.96 ਫੀਸਦੀ ਅਬਾਦੀ ਹੀ ਗਰੀਬ ਸੀ। ਯਾਦ ਰਹੇ ਕਿ ਇਸੇ ਸਮੇਂ ਦੌਰਾਨ ਕੋਰੋਨਾ ਮਹਾਂਮਾਰੀ ਵੇਲੇ ਗਰੀਬਾਂ ਤੇ ਕਿਰਤੀਆਂ ਦੀ ਕੀ ਹਾਲਤ ਸੀ, ਇਹ ਸਾਰੇ ਦੇਸ਼ਵਾਸੀਆਂ ਨੇ ਦੇਖੀ ਸੀ।

ਨੀਤੀ ਆਯੋਗ ਦੇ ਸਾਹਮਣੇ 2024 ਦੀਆਂ ਲੋਕ ਸਭਾ ਚੋਣਾਂ ਹਨ। ਇਸ ਲਈ ਉਸ ਨੇ ਤੇਜ਼ ਦੌੜਨਾ ਸ਼ੁਰੂ ਕਰ ਦਿੱਤਾ ਹੈ। ਜਨਵਰੀ 2024 ਵਿੱਚ ਉਸ ਨੇ ਇੱਕ ਰਿਪੋਰਟ ਪ੍ਰਕਾਸ਼ਤ ਕਰਕੇ ਕਹਿ ਦਿੱਤਾ ਸੀ ਕਿ 2022-23 ਤੱਕ ਦੇਸ਼ ਵਿੱਚ ਗਰੀਬਾਂ ਦੀ ਗਿਣਤੀ 11.28 ਫ਼ੀਸਦੀ ਰਹਿ ਗਈ ਹੈ। ਇਸ ਮੁਤਾਬਕ ਮੋਦੀ ਰਾਜ ਦੇ 9 ਸਾਲਾਂ ਵਿੱਚ 24.82 ਕਰੋੜ ਅਬਾਦੀ ਗਰੀਬੀ ਮੁਕਤ ਹੋ ਗਈ ਹੈ। ਇਸ ਦਾ ਮਤਲਬ ਇਹ ਹੈ ਕਿ ਸਾਲ 2019-21 ਤੋਂ ਸਾਲ 2022-23 ਤੱਕ ਦੇ 1 ਸਾਲ ਵਿੱਚ ਹੀ 5.142 ਕਰੋੜ ਲੋਕ ਗਰੀਬੀ ਤੋਂ ਬਾਹਰ ਹੋ ਗਏ ਹਨ। ਨੀਤੀ ਆਯੋਗ ਇਸ ਬਾਜ਼ੀਗਰੀ ਤੋਂ ਏਥੇ ਵੀ ਨਹੀਂ ਰੁਕਿਆ, ਉਸ ਨੇ ਚਾਲੂ ਮਹੀਨੇ ਵਿੱਚ ਇਹ ਐਲਾਨ ਕਰ ਦਿੱਤਾ ਕਿ ਦੇਸ਼ ਵਿੱਚ ਸਿਰਫ਼ 5 ਫ਼ੀਸਦੀ ਅਬਾਦੀ ਹੀ ਗਰੀਬ ਰਹਿ ਗਈ ਹੈ, ਜਦੋਂ ਕਿ 1 ਮਹੀਨਾ ਪਹਿਲਾਂ ਜਨਵਰੀ 24 ਵਿੱਚ ਉਸ ਨੇ ਇਹ ਗਿਣਤੀ 11.28 ਫ਼ੀਸਦੀ ਦੱਸੀ ਸੀ। ਜੇਕਰ ਨੀਤੀ ਆਯੋਗ ਦੇ ਸੀ ਈ ਓ ਦੀ ਤਿਗੜਮਬਾਜ਼ੀ ਉਤੇ ਭਰੋਸਾ ਕੀਤਾ ਜਾਵੇ ਤਾਂ ਸਿਰਫ਼ ਇੱਕ ਮਹੀਨੇ ਵਿੱਚ 8 ਕਰੋੜ ਅਬਾਦੀ ਗਰੀਬ ਤੋਂ ਮੱਧ-ਵਰਗੀ ਅਮੀਰ ਹੋ ਗਈ ਹੈ। ਇਹ ਕ੍ਰਿਸ਼ਮਾ ਸਾਡੇ ਦੇਸ਼ ਵਿੱਚ ਮੋਦੀ ਰਾਜ ਦੌਰਾਨ ਹੀ ਹੋ ਸਕਦਾ ਹੈ, ਕਿਉਂਕਿ ਜੁਮਲਿਆਂ ਦਾ ਸੀਜ਼ਨ ਆ ਚੁੱਕਾ ਹੈ। ਇਹ ਵੀ ਸੰਭਵ ਹੈ ਕਿ ਲੋਕ ਸਭਾ ਚੋਣਾਂ ਦਾ ਐਲਾਨ ਹੋ ਜਾਣ ਤੋਂ ਬਾਅਦ ਇਹ ਦਾਅਵਾ ਕੀਤਾ ਜਾ ਸਕਦਾ ਹੈ ਕਿ ਭਾਰਤ ਹੁਣ ਗਰੀਬੀ ਮੁਕਤ ਹੋ ਗਿਆ ਹੈ।

ਅਜਿਹੇ ਬੇ ਸਿਰ-ਪੈਰ ਦਾਅਵੇ ਕਰਨ ਸਮੇਂ ਹਾਕਮ ਇਹ ਕਿਉਂ ਭੁੱਲ ਜਾਂਦੇ ਹਨ ਕਿ ਉਹ 80 ਕਰੋੜ ਤੋਂ ਵੱਧ ਲੋਕਾਂ ਨੂੰ ਮੁਫ਼ਤ ਭੋਜਨ ਮੁਹੱਈਆ ਕਰਵਾ ਰਹੇ ਹਨ। ਇਹੋ ਨਹੀਂ ਇਸ ਯੋਜਨਾ ਦਾ ਨਾਂ ਵੀ 'ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ' ਯੋਜਨਾ ਹੈ। ਸੱਤਾਧਾਰੀ ਪਾਰਟੀ ਦੇ ਪ੍ਰਧਾਨ ਮੰਤਰੀ ਤੋਂ ਲੈ ਕੇ ਹੇਠਲੇ ਪੱਧਰ ਤੱਕ ਦੇ ਸਭ ਆਗੂ ਇਹ ਕਹਿੰਦੇ ਹਨ ਕਿ ਅਸੀਂ 80 ਕਰੋੜ ਗਰੀਬਾਂ ਨੂੰ ਮੁਫ਼ਤ ਅੰਨ ਦੇ ਰਹੇ ਹਾਂ। ਇਹ ਗਰੀਬਾਂ ਨਾਲ ਕਰੂਰ ਮਜ਼ਾਕ ਹੈ ਕਿ ਪ੍ਰਧਾਨ ਮੰਤਰੀ ਇੱਕ ਪਾਸੇ ਤਾਂ ਗਰੀਬਾਂ ਦੇ ਮੱਧ ਵਰਗ ਵਿੱਚ ਸ਼ਾਮਲ ਹੋਣ ਦਾ ਦਾਅਵਾ ਕਰ ਰਹੇ ਹਨ, ਤੇ ਦੂਜੇ ਪਾਸੇ ਇਨ੍ਹਾਂ ਮੱਧ-ਵਰਗੀਆਂ ਨੂੰ ਗਰੀਬ ਕਹਿ ਕੇ ਮੁਫ਼ਤ ਅਨਾਜ ਵੰਡ ਰਹੇ ਹਨ।

ਸਰਕਾਰ ਦੀ ਮੁਫ਼ਤ ਅਨਾਜ ਸਕੀਮ ਅਧੀਨ ਵੰਡਿਆ ਜਾਂਦਾ ਅਨਾਜ ਗਰੀਬਾਂ ਤੱਕ ਪੁੱਜਦਾ ਵੀ ਹੈ ਕਿ ਨਹੀਂ, ਇਹ ਵੀ ਪਰਦੇ ਵਿੱਚ ਹੈ, ਕਿਉਂਕਿ ਇਸ ਦੀ ਵਿਸਥਾਰ ਸਹਿਤ ਜਾਣਕਾਰੀ ਕਦੇ ਵੀ ਜਨਤਕ ਨਹੀਂ ਕੀਤੀ ਗਈ। ਇਸ ਸਰਕਾਰ ਦੇ ਜਾਣ ਤੋਂ ਬਾਅਦ ਇਹ ਸਾਹਮਣੇ ਆ ਸਕੇਗਾ ਕਿ ਅੰਨ ਘੁਟਾਲਾ ਤਾਂ ਪ੍ਰਧਾਨ ਮੰਤਰੀ ਰਿਲੀਫ਼ ਫੰਡ ਤੋਂ ਵੀ ਵੱਡਾ ਘੁਟਾਲਾ ਸੀ, ਜਿਸ ਦੀ ਜਾਣਕਾਰੀ ਫਾਈਲਾਂ ਵਿੱਚ ਨੱਪੀ ਪਈ ਹੈ।

## ...ਬਹਾਰ ਨੀ ਰੋਕ ਸਕਦੇ

ਭਾਰਤ ਦੇਸ਼ ਦੇ ਬਹੁਤ ਗਰੀਬ ਗੁਰਬੇ,
ਮਗਰ ਮੋਦੀ ਦੇ ਲੇਲਿਆਂ ਵਾਂਗ ਲੱਗੇ।
ਸੱਤਾ ਸੁੱਖ ਲਈ ਸੰਤ ਮਹਾਤਮਾ ਵੀ,
ਉਹਦੇ ਨਾਮ ਨੂੰ ਕੇਲਿਆਂ ਵਾਂਗ ਲੱਗੇ।
ਦਸ ਸਾਲ ਤੋਂ ਬਿਜਲੀ ਅਪ੍ਰੇਸ਼ਨਾਂ ਵਿੱਚ,
ਇਕੱਠ ਉਸ ਨੂੰ ਮੇਲਿਆਂ ਵਾਂਗ ਲੱਗੇ।
ਜੋ ਵੀ ਵਾਸ਼ਿੰਗ ਮਸ਼ੀਨ 'ਚ ਨਹੀਂ ਪੈਂਦਾ,
ਨਿੰਮ ਤੋਂ ਕੌੜੇ ਕਰੇਲਿਆਂ ਵਾਗ ਲੱਗੇ।
ਕਾਰਾਗਾਰ ਵਿੱਚ ਦੇਹਾਂ ਨੂੰ ਕੈਦ ਕਰਕੇ,
ਅੰਦਰ ਵੜੇ ਵਿਚਾਰ ਨੀ ਰੋਕ ਸਕਦੇ।
ਭਾਵੇਂ ਚਮਨ ਦੇ ਫੁੱਲ ਮਚਕੋੜ ਦੇਵੋ,
ਫਿਰ ਵੀ ਕਦੇ ਬਹਾਰ ਨੀ ਰੋਕ ਸਕਦੇ।

ਗੁਲਪੁਰ

# ਗਾਜ਼ਾ 'ਚ ਸ਼ਾਂਤੀ ਬਹਾਲੀ ਲਈ ਭਾਰਤ ਅਹਿਮ ਭੂਮਿਕਾ ਨਿਭਾਏ



ਡਾ. ਅਰੁਣ ਮਿੱਤਰਾ

25 ਫਰਵਰੀ ਨੂੰ ਵਾਸ਼ਿੰਗਟਨ, ਡੀ ਸੀ ਵਿੱਚ ਇਜ਼ਰਾਈਲੀ ਦੂਤਾਵਾਸ ਦੇ ਬਾਹਰ ਅਮਰੀਕੀ ਹਵਾਈ ਸੈਨਾ ਦੇ ਇੱਕ ਸਰਗਰਮ-ਡਿਊਟੀ ਮੈਂਬਰ ਆਰੋਨ ਬੁਸਨੇਲ ਦੀ ਖੁਦ ਨੂੰ ਅੱਗ ਲਾ ਕੇ ਆਤਮ-ਹੱਤਿਆ ਦੀ ਘਟਨਾ ਨੇ ਦੁਨੀਆ ਵਿੱਚ ਸਦਮੇ ਦੀ ਲਹਿਰ ਪੈਦਾ ਕਰ ਦਿੱਤੀ ਹੈ। ਉਸ ਨੇ ਗਾਜ਼ਾ ਉਪਰ ਇਜ਼ਰਾਈਲ ਦੁਆਰਾ ਕੀਤੇ ਗਏ ਵਹਿਸ਼ੀ ਹਮਲੇ ਅਤੇ ਰਫਾਹ 'ਤੇ ਇਸ ਦੇ ਤਾਜਾ ਹਮਲੇ ਦੇ ਵਿਰੋਧ ਵਜੋਂ ਅਜਿਹਾ ਕੀਤਾ। ਇਹ ਭਿਆਨਕ ਕਦਮ ਬੇਸਹਾਰਾ ਮਾਸੂਮ ਬੱਚਿਆਂ ਅਤੇ ਔਰਤਾਂ ਪ੍ਰਤੀ ਉਸ ਦੀ ਸੰਵੇਦਨਸ਼ੀਲਤਾ ਅਤੇ ਉਸ ਦੇ ਆਪਣੇ ਦੇਸ਼ ਦੀਆਂ ਯੁੱਧ ਭੜਕਾਊ ਨੀਤੀਆਂ ਵਿਰੁੱਧ ਵਧ ਰਹੇ ਗੁੱਸੇ ਦਾ ਪ੍ਰਤੀਬਿੰਬ ਹੈ। ਹੁਣ ਤੱਕ 30000 ਫਲਸਤੀਨੀਆਂ ਦੀ ਮੌਤ, ਜਿਨ੍ਹਾਂ ਵਿੱਚੋਂ 70 ਫੀਸਦੀ ਔਰਤਾਂ ਅਤੇ ਬੱਚੇ ਹਨ, ਨੇ ਦੁਨੀਆ ਭਰ ਦੇ ਲੋਕਾਂ ਨੂੰ ਹਿਲਾ ਦਿੱਤਾ ਹੈ। ਹਾਲਾਂਕਿ ਇਸ ਪ੍ਰਤੀ ਦੁਨੀਆਂ ਦੇ ਦੱਖਣ ਅਤੇ ਉੱਤਰ ਦੇ ਬਹੁਤ ਸਾਰੇ ਵਿਕਸਤ ਦੇਸਾਂ ਦੀ ਪਹੁੰਚ ਵਿੱਚ ਵੀ ਤਿੱਖਾ ਫ਼ਰਕ ਹੈ।

ਬ੍ਰਾਜ਼ੀਲ ਦੇ ਰਾਸ਼ਟਰਪਤੀ ਲੁਈਜ ਇਨਾਸੀਓ ਲੂਲਾ ਡਾ ਸਿਲਵਾ ਨੇ ਅਦੀਸ ਅਬਾਬਾ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ, ਜਿੱਥੇ ਉਹ ਇੱਕ ਅਫਰੀਕਨ ਯੂਨੀਅਨ ਦੇ ਸੰਮੇਲਨ ਵਿੱਚ ਹਿੱਸਾ ਲੈ ਰਹੇ ਸਨ, ਨੇ ਇਜ਼ਰਾਈਲ 'ਤੇ ਗਾਜ਼ਾ ਪੱਟੀ ਵਿੱਚ ਫਲਸਤੀਨੀ ਨਾਗਰਿਕਾਂ ਦੇ ਖਿਲਾਫ ਨਸਲਕੁਸ਼ੀ ਕਰਨ ਦਾ ਦੋਸ਼ ਲਗਾਇਆ ਅਤੇ ਇਸ ਦੀ ਕਾਰਵਾਈ ਦੀ ਤੁਲਨਾ ਹਿਟਲਰ ਦੀ ਯਹੂਦੀਆਂ ਨੂੰ ਕਤਲ ਕਰਨ ਦੀ ਮੁਹਿੰਮ ਨਾਲ ਕੀਤੀ। ਇਹ ਫੌਜੀਆਂ ਦੀ ਲੜਾਈ ਨਹੀਂ, ਇਹ ਇੱਕ ਬਹੁਤ ਹੀ ਤਿਆਰ ਫੌਜ ਅਤੇ ਔਰਤਾਂ, ਅਤੇ ਬੱਚਿਆਂ ਵਿਚਕਾਰ ਲੜਾਈ ਹੈ, ਉਹਨਾ ਨੇ ਇਹ ਟਿੱਪਣੀ ਕੀਤੀ। ਉਹਨਾ ਕਿਹਾ ਕਿ ਜੋ ਹਿਟਲਰ ਨੇ ਦੂਜੇ ਵਿਸ਼ਵ ਯੁੱਧ ਦੌਰਾਨ ਯਹੂਦੀਆਂ ਨਾਲ ਕੀਤਾ ਸੀ, ਇਹ ਉਸ ਨੂੰ ਦੁਹਰਾਇਆ ਜਾ ਰਿਹਾ ਹੈ। ਉਹਨਾ ਨੇ ਪਹਿਲਾਂ ਹਮਾਸ ਦੇ ਇਜਰਾਈਲ 'ਤੇ 7 ਅਕਤੂਬਰ ਦੇ ਹਮਲੇ ਨੂੰ "ਅੱਤਵਾਦੀ" ਕਾਰਵਾਈ ਕਰਾਰ ਦਿੱਤਾ ਸੀ। ਇਸ ਲਈ ਉਹ ਆਪਣੀ ਗੱਲ ਵਿਚ ਪੱਖਪਾਤ ਨਹੀਂ ਕਰ ਰਹੇ। ਉਹਨਾਂ ਦੇ ਵਿਚਾਰਾਂ ਦੀ ਪੁਸਟੀ ਇਜ਼ਰਾਈਲੀ ਅਧਿਕਾਰੀਆਂ ਦੁਆਰਾ ਤਾਜਾ ਬਿਆਨਬਾਜੀ ਦੁਆਰਾ ਕੀਤੀ ਜਾਂਦੀ ਹੈ ਜੋ ਗਾਜਾ ਵਿੱਚ ਬੱਚਿਆਂ ਦੀਆਂ ਹੱਤਿਆਵਾਂ ਨੂੰ ਜਾਇਜ ਠਹਿਰਾ ਰਹੇ ਹਨ।

ਅਜਿਹਾ ਹੀ ਬਿਆਨ ਅਮਰੀਕਾ ਵਿੱਚ ਟੈਨੇਸੀ ਦੇ ਰਿਪਬਲਿਕਨ ਪ੍ਰਤੀਨਿਧੀ ਐਂਡੀ ਓਗਲਸ ਦੁਆਰਾ ਦਿੱਤਾ ਗਿਆ ਹੈ, ਜਿਸ ਨੇ ਗਾਜ਼ਾ ਵਿੱਚ ਫਲਸਤੀਨੀ ਬੱਚਿਆਂ ਦੀਆਂ ਮੌਤਾਂ ਬਾਰੇ ਇੱਕ ਕਾਰਕੁਨ ਦੇ ਸਵਾਲ ਦਾ ਜਵਾਬ ਦਿੰਦੇ ਹੋਏ ਕਿਹਾ ਸਾਨੂੰ ਉਨ੍ਹਾਂ ਸਾਰਿਆਂ ਨੂੰ ਮਾਰ ਦੇਣਾ ਚਾਹੀਦਾ ਹੈ।' ਅਮਰੀਕੀ ਪ੍ਰਸਾਸਨ ਦੇ ਦੋਹਰੇ ਮਾਪਦੰਡ ਸਪੱਸ਼ਟ ਹਨ। ਜਿੱਥੇ ਉਹ ਮਨੁੱਖਤਾਵਾਦੀ ਜੰਗਬੰਦੀ ਦੀ ਗੱਲ ਕਰਦੇ ਹਨ ਅਤੇ ਇਜ਼ਰਾਈਲ ਨੂੰ ਸਾਵਧਾਨੀ ਨਾਲ ਬੰਬਾਰੀ ਕਰਨ ਦੀ ਸਲਾਹ ਦਿੰਦੇ ਹਨ, ਉੱਥੇ ਉਹ ਉਹਨਾਂ ਨੂੰ ਅਰਬਾਂ ਡਾਲਰ ਦੇ ਹਥਿਆਰ ਸਪਲਾਈ ਕਰ ਰਹੇ ਹਨ। ਅਮਰੀਕਾ ਨੇ ਗਾਜਾ ਵਿੱਚ ਜੰਗਬੰਦੀ ਲਈ ਸੁਰੱਖਿਆ ਕੌਂਸਲ ਵਿੱਚ ਅਲਜੀਰੀਆ ਦੇ ਪ੍ਰਸਤਾਵ ਨੂੰ ਵੀ ਵੀਟੋ ਕਰ ਦਿੱਤਾ ਹੈ। ਇਹ ਸਭ ਮੱਧ ਪੂਰਬ ਵਿੱਚ ਯੁੱਧ ਫੈਲਣ ਦੀ ਸੰਭਾਵਨਾ ਵਾਲੀ ਗੰਭੀਰ ਸਥਿਤੀ ਦੇ ਸੰਕੇਤ ਹਨ ਜਿਸਦਾ ਵਿਸਵਵਿਆਪੀ ਪ੍ਰਭਾਵ ਹੋ ਸਕਦਾ ਹੈ।

ਗਾਜ਼ਾ 'ਤੇ ਚਾਰ ਮਹੀਨਿਆਂ ਦੇ ਬੇਮਿਸਾਲ ਹਮਲੇ ਤੋਂ ਬਾਅਦ ਵੀ ਇਜ਼ਰਾਈਲ ਹਮਾਸ ਜਾਂ ਬੰਧਕਾਂ ਨੂੰ ਲੱਭਣ ਵਿਚ ਕਾਮਯਾਬ ਨਹੀਂ ਹੋਇਆ। ਗਾਜ਼ਾ ਦੇ ਉੱਤਰ ਤੋਂ ਸ਼ੁਰੂ ਹੋ ਕੇ ਕੇਂਦਰੀ ਭਾਗ, ਦੱਖਣ, ਸੁਰੰਗਾਂ, ਹਸਪਤਾਲ, ਸਕੂਲ, ਹਰ ਇਮਾਰਤ ਨੂੰ ਉਨ੍ਹਾਂ ਤਬਾਹ ਅਤੇ ਖਾਲੀ ਕਰ ਦਿੱਤਾ ਹੈ। ਹੁਣ ਉਹ ਕਹਿ ਰਹੇ ਹਨ ਕਿ ਹਮਾਸ ਰਫਾਹ ਵਿੱਚ ਲੁਕਿਆ ਹੋਇਆ ਹੈ। ਫਲਸਤੀਨੀਆਂ ਨੂੰ ਸਮੁੰਦਰ ਵੱਲ ਧੱਕਿਆ ਜਾ ਰਿਹਾ ਹੈ, ਕਿਉਂਕਿ ਉਨ੍ਹਾਂ ਕੋਲ ਜਾਣ ਲਈ ਕੋਈ ਥਾਂ ਨਹੀਂ। ਇਹ ਘਟਨਾਵਾਂ ਬਸਤੀਵਾਦ ਅਤੇ ਨਸਲਵਾਦ ਦੇ ਵਹਿਸ਼ੀ ਦੌਰ ਦੀ ਯਾਦ ਦਿਵਾਉਂਦੀਆਂ ਹਨ।

ਹੁਣ ਇਹ ਸਪੱਸ਼ਟ ਹੋ ਗਿਆ ਹੈ ਕਿ ਇਜ਼ਰਾਈਲ ਦਾ ਇੱਕੋ-ਇੱਕ ਉਦੇਸ਼ ਫਲਸਤੀਨੀਆਂ ਨੂੰ ਖਤਮ ਕਰਨਾ ਅਤੇ ਅਮਰੀਕੀ ਪ੍ਰਸ਼ਾਸਨ ਦੀ ਸਪੱਸ਼ਟ ਹਮਾਇਤ ਨਾਲ ਉਸ ਖੇਤਰ ਵਿੱਚ ਇੱਕ ਜਾਇਓਨਿਸਟ ਸ਼ਾਸਨ ਸਥਾਪਤ ਕਰਨਾ ਹੈ। ਫਲਸਤੀਨੀ ਸ਼ਰਨਾਰਥੀਆਂ ਲਈ ਸੰਯੁਕਤ ਰਾਸ਼ਟਰ ਰਾਹਤ ਅਤੇ ਕਾਰਜ ਏਜੰਸੀ ਨੂੰ ਸਹਾਇਤਾ ਰੋਕਣ ਦੀ ਇਜ਼ਰਾਈਲ ਦੀ ਮੰਗ, ਕਿਉਂਕਿ ਇਜ਼ਰਾਇਲ ਮੁਤਾਬਕ ਇਸ ਦੇ ਕੁਝ ਕਰਮਚਾਰੀ 7 ਅਕਤੂਬਰ ਦੇ ਹਮਲੇ ਵਿੱਚ ਸ਼ਾਮਲ ਹਨ, ਪੂਰੀ ਤਰ੍ਹਾਂ ਨਾਜਾਇਜ਼ ਹੈ, ਕਿਉਂਕਿ ਇਸ ਬਾਰੇ ਕੋਈ ਸਬੂਤ ਨਹੀਂ ਹਨ। ਫਲਸਤੀਨੀਆਂ ਵਿੱਚ ਪਹਿਲਾਂ ਹੀ ਬਿਮਾਰੀ ਅਤੇ ਭੁੱਖਮਰੀ ਫੈਲੀ ਹੋਈ ਹੈ, ਜਿਸ ਦਾ ਬੱਚਿਆਂ ਉੱਤੇ ਗੰਭੀਰ ਪ੍ਰਭਾਵ ਹੈ।

ਦੂਸਰੀ ਜੰਗ ਦੌਰਾਨ ਹਿਟਲਰ ਦੇ ਵੇਲੇ ਸਰਵਨਾਸ਼ ਦੌਰਾਨ ਜੋ ਹੋਇਆ, ਇਹ ਸਭ ਤੋਂ ਮੰਦਭਾਗਾ ਅਤੇ ਨਿੰਦਣਯੋਗ ਹੈ, ਪਰ ਜਾਇਓਨਿਸਟ ਸ਼ਾਸਨ ਜੋ ਕਰ ਰਿਹਾ ਹੈ, ਉਹ ਉਸੇ ਕਤਲੇਆਮ ਦੀ ਦੁਹਰਾਈ ਹੈ। ਜੋ ਕੋਈ ਵੀ ਇਜ਼ਰਾਈਲ ਦੀਆਂ ਕਾਰਵਾਈਆਂ 'ਤੇ ਸਵਾਲ ਉਠਾਉਂਦਾ ਹੈ, ਉਸ ਨੂੰ ਨੇਤਨਯਾਹੂ ਸਰਕਾਰ ਦੁਆਰਾ ਯਹੂਦੀ ਵਿਰੋਧੀ ਕਿਹਾ ਜਾਂਦਾ ਹੈ। ਰੂਸ ਦੇ ਵਿਦੇਸ ਮੰਤਰੀ ਸੇਰਗਈ ਲਾਵਰੋਵ ਮੁਤਾਬਿਕ ਨਾਜ਼ੀਆਂ ਨੇ ਨਜ਼ਰਬੰਦੀ ਕੈਂਪਾਂ ਵਿੱਚ ਅੱਤ ਦੀ ਬੇਰਹਿਮੀ ਨਾਲ 60 ਲੱਖ ਯਹੂਦੀਆਂ ਅਤੇ ਏਨੇ ਹੀ ਗੈਰ-ਯਹੂਦੀਆਂ ਨੂੰ ਮਾਰਿਆ ਗਿਆ। ਇਨ੍ਹਾਂ ਵਿੱਚ ਸੋਵੀਅਤ ਜੰਗੀ ਕੈਦੀ, ਪੋਲ ਜਾਤੀ ਦੇ ਗੈਰ-ਯਹੂਦੀ , ਰੋਮਾਨੀ ਮਰਦ, ਔਰਤਾਂ ਅਤੇ ਬੱਚੇ ਅਤੇ ਕਈ ਹੋਰ ਸਾਮਲ ਸਨ। ਹਾਲਾਂਕਿ ਇਹ ਘਟਨਾਵਾਂ ਅੱਜ ਕਿਸੇ ਨੂੰ ਮਾਰਨ ਦਾ ਅਧਿਕਾਰ ਨਹੀਂ ਦਿੰਦੀਆਂ।

ਸਮਾਂ ਆ ਗਿਆ ਹੈ ਕਿ ਵਿਸ਼ਵਵਿਆਪੀ ਭਾਈਚਾਰਾ ਅੱਗੇ ਆਏ ਅਤੇ ਨਸਲਕੁਸ਼ੀ ਨੂੰ ਰੋਕੇ, ਨਹੀਂ ਤਾਂ ਯੁੱਧ ਮੱਧ ਪੂਰਬ ਦੇ ਦੇਸ਼ਾਂ ਤੱਕ ਵਧਣ ਦੀ ਸੰਭਾਵਨਾ ਹੈ। ਦੁਨੀਆ ਦੇ ਹੋਰ ਦੇਸ਼ ਇਸ ਵਿੱਚ ਉਸੇ ਤਰੀਕੇ ਨਾਲ ਦਾਖਲ ਹੋ ਸਕਦੇ ਹਨ, ਜਿਵੇਂ ਕਿ 1939 ਤੋਂ 1945 ਦੌਰਾਨ ਹੌਲੀ-ਹੌਲੀ ਦੂਜੇ ਵਿਸ਼ਵ ਯੁੱਧ ਵਿੱਚ ਵੱਖ-ਵੱਖ ਦੇਸ਼ ਸਾਮਲ ਹੋਏ ਸਨ।

ਇਹ ਇਸ ਪਿਛੋਕੜ ਵਿੱਚ ਹੈ ਕਿ 26 ਜਨਵਰੀ 2024 ਨੂੰ ਅੰਤਰਰਾਸ਼ਟਰੀ ਅਦਾਲਤ (ਆਈ ਸੀ ਜੇ) ਦੇ ਫੈਸਲੇ ਨੇ ਇਜ਼ਰਾਈਲ ਨੂੰ ਨਸਲਕੁਸ਼ੀ ਦੀਆਂ ਕਾਰਵਾਈਆਂ ਨੂੰ ਰੋਕਣ ਲਈ ਕਾਰਵਾਈ ਕਰਨ ਦਾ ਆਦੇਸ਼ ਦਿੱਤਾ। ਇਹ ਆਦੇਸ਼ ਉਦੋਂ ਦਿੱਤਾ ਗਿਆ, ਜਦੋਂ ਕਿ ਦੇਸ਼ਾਂ ਵਿਚਕਾਰ ਝਗੜਿਆਂ ਨੂੰ ਨਜਿੱਠਣ ਲਈ ਸੰਯੁਕਤ ਰਾਸ਼ਟਰ ਦੀ ਚੋਟੀ ਦੀ ਅਦਾਲਤ ਦੱਖਣੀ ਅਫਰੀਕਾ ਦੁਆਰਾ ਲਿਆਂਦੇ ਗਏ ਇੱਕ ਕੇਸ ਵਿੱਚ ਫੈਸਲਾ ਸੁਣਾ ਰਹੀ ਸੀ। ਅਦਾਲਤ ਨੇ ਇਜ਼ਰਾਈਲ ਨੂੰ ਹੁਕਮ ਦਿੱਤਾ ਕਿ ਉਹ ਕਿਸੇ ਵੀ ਅਜਿਹੀ ਕਾਰਵਾਈ ਤੋਂ ਪਰਹੇਜ਼ ਕਰੇ, ਜੋ ਨਸਲਕੁਸ਼ੀ ਕਨਵੈਨਸ਼ਨ ਦੇ ਅਧੀਨ ਆ ਸਕਦੀ ਹੈ ਅਤੇ ਇਹ ਯਕੀਨੀ ਬਣਾਉਣ ਲਈ ਕਿ ਉਸ ਦੀਆਂ ਫੌਜਾਂ ਗਾਜ਼ਾ ਵਿੱਚ ਨਸਲਕੁਸ਼ੀ ਦੀਆਂ ਕਾਰਵਾਈਆਂ ਨਾ ਕਰਨ। 17 ਵਿੱਚੋਂ ਘੱਟੋ-ਘੱਟ 15 ਜੱਜਾਂ ਦੇ ਬਹੁਮਤ ਨੇ ਅਖੌਤੀ ਅਸਥਾਈ ਉਪਾਵਾਂ ਨੂੰ ਲਾਗੂ ਕਰਨ ਦੇ ਹੱਕ ਵਿੱਚ ਵੋਟ ਦਿੱਤਾ, ਜਿਸ ਵਿੱਚ ਅਦਾਲਤ ਦੇ ਪ੍ਰਧਾਨ, ਸੰਯੁਕਤ ਰਾਜ ਅਮਰੀਕਾ ਦੇ ਜੋਨ ਡੋਨੋਘੂ ਵੀ ਸਾਮਲ ਹਨ। ਇਜ਼ਰਾਈਲ ਨੇ ਹਾਲਾਂਕਿ ਹੁਣ ਤੱਕ ਇਸ ਸੰਬੰਧ ਵਿੱਚ ਕੀਤੀ ਗਈ ਕਾਰਵਾਈ ਨੂੰ ਜਨਤਕ ਨਹੀਂ ਕੀਤਾ।

ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਨੇ ਰਫਾਹ 'ਤੇ ਹਮਲਾ ਕਰਨ ਦੇ ਇਜ਼ਰਾਈਲ ਦੇ ਫੈਸਲੇ 'ਤੇ ਨਾਰਾਜ਼ਗੀ ਜ਼ਾਹਰ ਕੀਤੀ ਹੈ ਅਤੇ ਫਲਸਤੀਨੀਆਂ ਨੂੰ ਸਮੂਹਿਕ ਸਜ਼ਾ ਦੇਣ ਦੀ ਨਿੰਦਾ ਕੀਤੀ ਹੈ। ਉਹਨਾ ਦੇ ਕਈ ਯਤਨਾਂ ਦੇ ਬਾਵਜੂਦ ਸੰਯੁਕਤ ਰਾਸ਼ਟਰ ਇਜ਼ਰਾਈਲ ਨੂੰ ਕਾਬੂ ਕਰਨ ਵਿੱਚ ਅਸਫਲ ਰਿਹਾ ਹੈ। ਬਹੁ-ਪੱਖੀ ਸੰਸਥਾਵਾਂ ਮੌਜੂਦਾ ਚੁਣੌਤੀਆਂ ਨਾਲ ਨਜਿੱਠਣ ਲਈ ਸਹੀ ਢੰਗ ਨਾਲ ਲੈਸ ਨਹੀਂ ਹਨ, ਜਿਵੇਂ ਕਿ ਸੁਰੱਖਿਆ ਪ੍ਰੀਸਦ ਦੁਆਰਾ ਚੱਲ ਰਹੇ ਸੰਘਰਸਾਂ 'ਤੇ ਕਾਰਵਾਈ ਕਰਨ ਦੀ ਅਸਮਰੱਥਾ ਦੁਆਰਾ ਪ੍ਰਦਰਸ਼ਿਤ ਹੋ ਰਿਹਾ ਹੈ। ਕੀ 20 ਗਰੁੱਪ ਜਿਸ ਦੀ ਕੁਰਸੀ ਹੁਣ ਬ੍ਰਾਜ਼ੀਲ ਕੋਲ ਹੈ, ਸਥਿਤੀ ਸੰਭਾਲ ਸਕੇਗਾ?

ਸੰਯੁਕਤ ਰਾਸ਼ਟਰ ਸੰਘ ਦੇ ਅਧੀਨ ਦੁਨੀਆ ਭਰ ਵਿੱਚ ਬਹੁਤ ਸਾਰੀਆਂ ਸ਼ਾਂਤੀ ਰੱਖਿਅਕ ਫੌਜਾਂ ਰਹੀਆਂ ਹਨ, ਪਰ ਹੁਣ ਉਹ ਨਹੀਂ ਦਿਖਦੀਆਂ।

ਭਾਰਤ ਇੱਕ ਵੱਡੇ ਦੇਸ਼ ਵਜੋਂ ਖੇਤਰ ਵਿੱਚ ਸ਼ਾਂਤੀ ਲਿਆਉਣ ਵਿੱਚ ਠੋਸ ਭੂਮਿਕਾ ਨਿਭਾ ਸਕਦਾ ਸੀ। ਆਈ ਸੀ ਜੇ ਵਿੱਚ ਪੇਸ਼ਕਾਰੀਆਂ ਵਿੱਚ ਭਾਰਤ ਦੀ ਸ਼ਮੂਲੀਅਤ ਨਾ ਹੋਣ ਨੇ ਕਈ ਸਵਾਲ ਖੜ੍ਹੇ ਕੀਤੇ ਹਨ। ਭਾਰਤ ਸਰਕਾਰ ਗੁੱਟ ਨਿਰਲੇਪ ਅੰਦੋਲਨ ਦੇ ਪ੍ਰਮੁੱਖ ਆਗੂ ਵਜੋਂ ਸ਼ਾਂਤੀ ਅਤੇ ਨਿਸ਼ਸ਼ਤਰੀਕਰਨ ਦੀ ਆਵਾਜ਼ ਬੁਲੰਦ ਕਰਦਾ ਰਿਹਾ ਹੈ ਅਤੇ ਹਮੇਸ਼ਾ ਫਲਸਤੀਨੀਆਂ ਦੇ ਨਾਲ ਖੜ੍ਹਿਆ ਹੈ। 7 ਤੋਂ 11 ਮਾਰਚ 1983 ਵਿੱਚ ਸੱਤਵੇਂ ਸੰਮੇਲਨ ਦੇ ਦਿੱਲੀ ਐਲਾਨਨਾਮੇ ਨੇ ਯੇਰੂਸ਼ਲਮ ਸਮੇਤ ਸਾਰੇ ਫਲਸਤੀਨੀ ਅਤੇ ਹੋਰ ਕਬਜ਼ੇ ਵਾਲੇ ਇਲਾਕਿਆਂ ਤੋਂ ਇਜ਼ਰਾਈਲ ਦੀ ਪੂਰੀ ਬਿਨਾਂ ਸ਼ਰਤ ਵਾਪਸੀ ਲਈ ਸਿੱਟੇ ਅਤੇ ਸਿਫਾਰਸ਼ਾਂ ਕੀਤੀਆਂ ਸਨ। ਇਜ਼ਰਾਈਲ ਨੂੰ ਫਲਸਤੀਨੀ ਲੋਕਾਂ ਵਿਰੁੱਧ ਅਪਰਾਧ ਕਰਨ ਲਈ ਮੁਕੱਦਮਾ ਚਲਾਉਣ ਲਈ ਇੱਕ ਯੁੱਧ ਅਪਰਾਧ ਟ੍ਰਿਬਿਊਨਲ ਬਣਾਉਣ ਲਈ ਵੀ ਕਿਹਾ, ਪਰ ਅਫਸੋਸ ਕੇ ਹੁਣ ਦੀ ਸਰਕਾਰ ਨੇ ਇਜ਼ਰਾਈਲ ਨਾਲ ਸਬੰਧਾਂ ਨੂੰ ਲੈ ਕੇ ਆਪਣੀ ਸਥਿਤੀ ਬਦਲ ਕੇ ਉਨ੍ਹਾਂ ਨਾਲ ਮਜ਼ਬੂਤ ਰੱਖਿਆ ਸੰਬੰਧ ਬਣਾਏ ਹਨ। ਭਾਰਤ ਨੇ ਕਾਰਵਾਈਆਂ ਕਰਨ ਲਈ ਇਜ਼ਰਾਈਲ ਨੂੰ ਅਡਾਨੀ ਗਰੁੱਪ ਵੱਲੋਂ ਬਣਾਏ ਡਰੋਨਾਂ ਦੀ ਸਪਲਾਈ ਕੀਤੀ ਗਈ ਹੈ। ਮੋਦੀ ਸਰਕਾਰ ਨੇ ਫਲਸਤੀਨੀਆਂ ਨੂੰ ਨੌਕਰੀਓਂ ਕੱਢ ਦਿੱਤੇ ਜਾਣ ਤੋਂ ਬਾਅਦ ਇਜ਼ਰਾਇਲੀ ਕੰਪਨੀਆਂ ਵਿੱਚ ਕੰਮ ਕਰਨ ਲਈ ਕਈ ਹਜ਼ਾਰ ਭਾਰਤੀ ਕਾਮਿਆਂ ਦੀ ਭਰਤੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਭਾਰਤ ਦੀਆਂ ਕਾਰਵਾਈਆਂ ਦੁਨੀਆ ਦੇ ਦੱਖਣ ਦੇ ਕਈ ਦੇਸ਼ਾਂ ਦੁਆਰਾ ਲਏ ਗਏ ਸਟੈਂਡ ਦੇ ਉਲਟ ਹਨ। ਭਾਰਤ ਨੂੰ ਸਾਂਤੀਪੂਰਨ ਨਿਆਂਪੂਰਨ ਵਿਸਵ ਵਿਵਸਥਾ ਲਈ ਸਾਂਤੀ ਪਸੰਦ ਵਿਕਾਸਸੀਲ ਦੇਸਾਂ ਦੇ ਨੇਤਾ ਵਜੋਂ ਮੁੜ ਉਭਰਨ ਲਈ ਅੱਗੇ ਆਉਣਾ ਚਾਹੀਦਾ ਹੈ।

# ਸੰਪਰਕ : 94170-00360

# ਮਹਾਨ ਚਿੱਤਰਕਾਰ ਦੀ ਯਾਦ 'ਚ ਬਣੀ ਆਰਟ ਗੈਲਰੀ 'ਚ ਡੀ ਐੱਸ ਪੀ ਦਫਤਰ

ਕਸ਼ਮੀਰ ਸਿੰਘ ਕਾਦੀਆਂ

ਚਿੱਤਰਕਾਰ ਸ਼ੋਭਾ ਸਿੰਘ ਜਿਸ ਨੇ ਕਦੀ ਕੁਦਰਤ ਦੇ ਰੰਗਾਂ ਨੂੰ ਆਪਣੀ ਚਿੱਤਰਕਾਰੀ ਨਾਲ ਆਪਣੀਆਂ ਪੇਂਟਿੰਗਾਂ ਤੇ ਗੁਰੂ ਸਾਹਿਬਾਨ ਦੇ ਚਿੱਤਰਾਂ 'ਚ ਨਿਖਾਰਿਆ ਸੀ ਤੇ ਸ਼ੋਭਾ ਖੱਟੀ ਸੀ। ਅੱਜ ਇਸ ਮਹਾਨ ਚਿੱਤਰਕਾਰ ਸ਼ੋਭਾ ਸਿੰਘ ਨੂੰ ਸਮਰਪਿਤ 'ਆਰਟ ਗੈਲਰੀ' ਸਮੇਂ ਦੀਆਂ ਸਰਕਾਰਾਂ ਦੀ ਅਣਦੇਖੀ ਕਾਰਨ ਆਪਣੀ ਫ਼ਿੱਕੀ ਪੈ ਰਹੀ ਪਛਾਣ ਕਾਰਨ ਤੇ ਦਰਦ ਭਰੀ ਦਾਸਤਾਨ ਬਿਆਨ ਕਰਦੀ ਨਜ਼ਰ ਆ ਰਹੀਂ ਹੈ। ਆਪਣੀ ਚਿੱਤਰਕਾਰੀ ਰਾਹੀਂ ਦੁਨੀਆ ਭਰ 'ਚ ਆਪਣੀ ਵਿਲੱਖਣ ਪਛਾਣ ਬਣਾਉਣ ਵਾਲੇ ਸ਼ੋਭਾ ਸਿੰਘ ਚਿੱਤਰਕਾਰ ਦਾ ਜਨਮ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਕਸਬਾ ਸ੍ਰੀ ਹਰਗੋਬਿੰਦਪੁਰ ਸਾਹਿਬ ਵਿਖੇ ਮਾਤਾ ਇੱਛਰਾਂ ਦੇਵੀ ਅਤੇ ਪਿਤਾ ਦੇਵਾ ਸਿੰਘ ਦੇ ਘਰ 29 ਨਵੰਬਰ 1901 ਨੂੰ ਹੋਇਆ। ਦੁਨੀਆ ਭਰ ਵਿੱਚ ਆਪਣੇ ਹੱਥਾਂ ਨਾਲ ਬਣਾਏ ਵੱਖ-ਵੱਖ ਚਿੱਤਰਾਂ ਤੋਂ ਇਲਾਵਾ ਗੁਰੂ ਸਾਹਿਬਾਨਾਂ ਦੇ ਚਿੱਤਰ ਬਣਾ ਕੇ ਪ੍ਰਸਿੱਧੀ ਖੱਟਣ ਵਾਲੇ ਇਸ ਮਹਾਨ ਚਿੱਤਰਕਾਰ ਦੀ ਜਨਮਭੂਮੀ 'ਤੇ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਇਸ ਸ਼ਹਿਰ ਵਿੱਚ ਇੱਕ ਯਾਦਗਾਰੀ ਗੇਟ ਤੋਂ ਇਲਾਵਾ ਹੋਰ ਕੋਈ ਵੀ ਯਾਦਗਾਰ ਵੇਖਣ ਨੂੰ ਨਹੀਂ ਮਿਲਦੀ।

ਇਸ ਚਿੱਤਰਕਾਰ ਦੀ ਯਾਦ ਵਿੱਚ ਉਨ੍ਹਾਂ ਦੇ ਨਾਂਅ ਤੇ ਸ਼ੋਭਾ ਸਿੰਘ ਆਰਟ ਗੈਲਰੀ ਦਾ ਨੀਂਹ ਪੱਥਰ 26 ਸਤੰਬਰ 1987 ਰੱਖਿਆ ਸੀ। ਆਰਟ ਗੈਲਰੀ 'ਚ ਬੇਸ਼ਕੀਮਤੀ ਚਿੱਤਰ ਜੋ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਸਨ, ਪਰ ਕੁਝ ਸਮੇਂ ਬਾਅਦ ਹੀ ਜਿਵੇਂ ਅੱਤਵਾਦ ਦੇ ਦੌਰ ਸਮੇਂ ਇਸ ਇਮਾਰਤ ਨੂੰ ਵੀ ਕਿਸੇ ਦੀ ਨਜ਼ਰ ਲੱਗ ਗਈ। ਬਸ ਫਿਰ ਕੀ ਸੀ, ਸੁਰੱਖਿਆ ਬਲਾਂ ਦੇ ਕਬਜ਼ੇ ਤੋਂ ਬਾਅਦ ਇਮਾਰਤ ਅੰਦਰ ਬੇਸ਼ ਕੀਮਤੀ ਚਿੱਤਰ ਅਤੇ ਕਿਤਾਬਾਂ ਸਾਂਭ-ਸੰਭਾਲ ਨਾ ਹੋਣ ਕਰਕੇ ਉੱਜੜ ਗਈਆਂ ਅਤੇ ਉਸ ਤੋਂ ਬਾਅਦ ਵੱਖ-ਵੱਖ ਵਿਭਾਗਾਂ ਦੁਆਰਾ ਸਮੇਂ-ਸਮੇਂ 'ਤੇ ਇਸ ਇਮਾਰਤ 'ਤੇ ਕਬਜ਼ਾ ਕਰੀ ਇਸ ਨੂੰ ਵਰਤਦੇ ਆ ਰਹੇ ਹਨ। ਕੁਝ ਕੁ ਸਵਾਰਥੀ ਲੋਕਾਂ ਵੱਲੋਂ ਕੁਝ ਸਮੇਂ ਬਾਅਦ ਹੀ ਇਸ ਮਹਾਨ ਆਰਟਿਸਟ ਦੁਆਰਾ ਬਣਾਏ ਚਿੱਤਰ ਜੋ ਇਸ ਆਰਟ ਗੈਲਰੀ ਵਿੱਚ ਸੁਸ਼ੋਭਿਤ ਸਨ ਅਤੇ ਇਸ ਆਰਟ ਗੈਲਰੀ ਨੂੰ ਦੂਰੋਂ-ਦੂਰੋਂ ਦੇਖਣ ਲਈ ਆਉਣ ਵਾਲੇ ਆਰਟਿਸਟ, ਕਲਾਕਾਰ, ਪ੍ਰੇਮੀਆਂ ਲਈ ਦੀਵਾਰਾਂ 'ਤੇ ਲੱਗੇ ਇਹ ਚਿੱਤਰ ਆਉਣ ਵਾਲੇ ਲੋਕਾਂ ਨੂੰ ਜਿੱਥੇ ਇਹ ਕੁਦਰਤ ਨਾਲ਼ ਜੋੜਦੇ ਸਨ, ਉਥੇ ਹੀ ਇਸ ਮਹਾਨ ਚਿੱਤਰਕਾਰ ਦੀ ਯਾਦ ਵੀ ਤਾਜ਼ਾ ਕਰਾਉਂਦੇ ਸਨ। ਇਸ ਵਿਸ਼ਵ ਪ੍ਰਸਿੱਧ ਚਿੱਤਰਕਾਰ ਦੀ ਯਾਦ ਨੂੰ ਸਮਰਪਿਤ ਇਸ ਆਰਟ ਗੈਲਰੀ ਅੰਦਰ ਲੱਗੇ ਚਿੱਤਰਾਂ ਨੂੰ ਚੋਰੀ ਕਰਕੇ ਜਿੱਥੇ ਉਸ ਦੀ ਯਾਦ ਨੂੰ ਮਿਟਾ ਦਿੱਤਾ, ਉਸ ਤੋਂ ਵੀ ਚਾਰ ਕਦਮ ਅੱਗੇ ਪੁੱਟਦਿਆਂ ਸਾਡੀਆਂ ਸਰਕਾਰਾਂ ਨੇ ਉਸ ਨੂੰ ਦੁਬਾਰਾ ਆਬਾਦ ਕਰਾਉਣਾ ਤਾਂ ਇੱਕ ਪਾਸੇ ਰਿਹਾ, ਉਸ ਜਗ੍ਹਾ 'ਤੇ ਪੁਲਸ ਮਹਿਕਮੇ ਦਾ ਕਬਜ਼ਾ ਕਰਾ ਕੇ ਉਥੇ ਡੀ ਐੱਸ ਪੀ ਦਫਤਰ ਬਣਾ ਲਿਆ ਹੈ, ਜੋ ਕਿ ਉਸ ਵਿਸ਼ਵ ਪ੍ਰਸਿੱਧ ਚਿੱਤਰਕਾਰ ਨਾਲ ਬੇਇਨਸਾਫ਼ੀ ਹੈ। ਇੱਥੇ ਵਰਨਣਯੋਗ ਹੈ ਕਿ ਇੱਥੇ ਬਹੁਤ ਸਾਰੇ ਲੋਕ ਹਨ, ਜੋ ਕਲਾਕਾਰਾਂ, ਲੇਖਕਾਂ, ਚਿੱਤਰਕਾਰਾਂ ਆਦਿ ਦੇ ਨਾਵਾਂ 'ਤੇ ਉਨ੍ਹਾਂ ਦੀਆਂ ਯਾਦਾਂ ਨੂੰ ਸੰਭਾਲ ਕੇ ਰੱਖਣ ਲਈ ਉਪਰਾਲੇ ਕਰ ਰਹੇ ਹਨ। ਇਸ ਦੇ ਨਾਲ-ਨਾਲ ਸਰਕਾਰਾਂ ਨੂੰ ਵੀ ਇਸ ਤਰ੍ਹਾਂ ਦੀਆਂ ਯਾਦਗਾਰਾਂ ਨੂੰ ਸੰਭਾਲਣ ਲਈ ਆਪਣੀਆਂ ਜ਼ਿੰਮੇਵਾਰੀਆਂ ਨੂੰ ਸਮਝਦੇ ਹੋਏ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਗੁਰਦਾਸਪੁਰ ਵਾਸੀਆਂ ਨੇ ਮੰਗ ਕੀਤੀ ਹੈ, ਜਿਸ ਤਰ੍ਹਾਂ ਬਟਾਲਾ ਸ਼ਹਿਰ ਵਿੱਚ ਪੰਜਾਬੀ ਦੇ ਨਾਮਵਰ ਮਰਹੂਮ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਦੀ ਯਾਦਗਾਰ ਕਾਇਮ ਕਰਕੇ ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਨੂੰ ਸੰਭਾਲਣ ਦਾ ਪਿਛਲੇ ਸਮੇਂ ਤੋਂ ਸਫ਼ਲ ਯਤਨ ਹੋਇਆ ਹੈ, ਇਸੇ ਤਰ੍ਹਾਂ ਵਿਸ਼ਵ ਪੱਧਰ 'ਤੇ ਰੰਗਾਂ ਦੀ ਇਬਾਰਤ ਲਿਖਣ ਵਾਲੇ ਚਿੱਤਰਕਾਰ ਸ਼ੋਭਾ ਸਿੰਘ ਦੇ ਨਾਂਅ 'ਤੇ ਬਣੀ ਆਰਟ ਗੈਲਰੀ ਨੂੰ ਮੁੜ ਸੁਰਜੀਤ ਕੀਤਾ ਜਾਵੇ।

ਇਸ ਸੰਬੰਧੀ ਜਦੋਂ ਲੋਕਾਂ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਭਗਵੰਤ ਮਾਨ ਸਰਕਾਰ ਤੋਂ ਮੰਗ ਕੀਤੀ ਕਿ ਸਰਕਾਰ ਦੀ ਨਜਾਇਜ਼ ਕਬਜ਼ੇ ਛੁਡਾਓ ਮੁਹਿੰਮ ਤਹਿਤ ਇਸ ਆਰਟ ਗੈਲਰੀ ਨੂੰ ਵੀ ਪੁਲਸ ਮਹਿਕਮੇ ਵੱਲੋਂ ਕੀਤਾ ਕਬਜ਼ਾ ਛੁਡਾ ਕੇ ਇਸ ਦੀ ਪੁਰਾਣੀ ਹੋਂਦ ਨੂੰ ਬਹਾਲ ਕੀਤਾ ਜਾਵੇ।

# ਸੰਪਰਕ : 78379-17054

# ਸਾਂਝੀ ਕਨਵੈਨਸ਼ਨ ਦਾ ਮਹੱਤਵ

ਗਿਆਨ ਸੈਦਪੁਰੀ

ਜਮਹੂਰੀ ਅਧਿਕਾਰ ਸਭਾ ਪੰਜਾਬ ਅਤੇ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਪਹਿਲ-ਕਦਮੀ ਨਾਲ ਆਪੋ-ਆਪਣੇ ਖੇਤਰ ਵਿੱਚ ਸਰਗਰਮ ਕਰੀਬ 40 ਜਥੇਬੰਦੀਆਂ ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿੱਚ 27 ਫਰਵਰੀ ਨੂੰ ਕੀਤੀ ਸਾਂਝੀ ਕਨਵੈਨਸ਼ਨ ਸੂਹੀ ਸਵੇਰ ਲਿਆਉਣ ਲਈ ਜ਼ੋਰਦਾਰ ਹੰਭਲਾ ਮਾਰਨ ਦਾ ਸਾਰਥਿਕ ਸੁਨੇਹਾ ਦੇਣ ਵਿੱਚ ਸਫਲ ਰਹੀ। ਪ੍ਰਬੰਧਕਾਂ ਦੀ ਆਸ ਨਾਲੋਂ ਲੋਕਾਂ ਦਾ ਵੱਧ ਹੁੰਗਾਰਾ, ਉਨ੍ਹਾਂ ਸਮਿਆਂ ਵਿੱਚ ਹੋਰ ਵੀ ਮਹੱਤਵਪੂਰਨ ਹੋ ਜਾਂਦਾ ਹੈ, ਜਦੋਂ ਹਾਕਮਾਂ ਵੱਲੋਂ ਜ਼ੁਬਾਨਬੰਦੀ ਲਈ ਹਰ ਹੀਲਾ ਵਰਤਿਆ ਜਾ ਰਿਹਾ ਹੋਵੇ। ਕਨਵੈਨਸ਼ਨ ਵਿੱਚ ਕਾਫਲੇ ਬੰਨ੍ਹ ਕੇ ਸ਼ਾਮਲ ਹੋਣ ਦਾ ਸੱਦਾ ਸਮਾਜ ਦੇ ਸੰਘਰਸ਼ੀਲ ਹਿੱਸਿਆਂ ਵੱਲੋਂ ਸਵੀਕਾਰ ਹੋਇਆ ਨਜ਼ਰ ਆਇਆ। ਇਹ ਕਨਵੈਨਸ਼ਨ 295 ਏ ਯੂ.ਏ.ਪੀ.ਏ ਅਤੇ ਜਮਹੂਰੀ ਹੱਕਾਂ ਦਾ ਗਲਾ ਘੁੱਟਣ ਵਾਲੇ ਹੋਰ ਕਾਲੇ ਕਾਨੂੰਨ ਵਾਪਸ ਕਰਾਉਣ ਲਈ ਸੱਦੀ ਗਈ ਸੀ।

ਇੱਥੇ ਇਹ ਗੱਲ ਦੱਸਣਯੋਗ ਹੈ ਕਿ 25 ਤੋਂ 27 ਜਨਵਰੀ ਤੱਕ ਪੰਜਾਬ ਵਿੱਚ ਸੁਰਜੀਤ ਦੌਧਰ, ਭੁਪਿੰਦਰ ਫੌਜੀ, ਸਾਇਨਾ, ਇਕਬਾਲ ਧਨੌਲਾ ਅਤੇ ਦਵਿੰਦਰ ਮਹਿੰਦੀਵਾਣੀ ਉੱਪਰ ਆਈ.ਪੀ.ਸੀ ਦੇ ਕਨਵੈਨਸ਼ਨ ਵਿੱਚ ਬੁਲਾਰਿਆਂ ਨੇ ਉਕਤ ਕੇਸਾਂ ਦੀ ਕਾਨੂੰਨੀ ਪਹਿਲੂ ਦੀ ਚੀਰਫਾੜ ਕਰਦਿਆਂ ਸਪੱਸ਼ਟ ਕੀਤਾ ਕਿ ਉਕਤ ਵਿਅਕਤੀਆਂ ਨੇ ਜੋ ਭਾਸ਼ਾ ਵਰਤੀ ਹੈ, ਉਹ ਕਿਸੇ ਵੀ ਤਰ੍ਹਾਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਨਹੀਂ ਹੈ। ਐਡਵੋਕੇਟ ਦਲਜੀਤ ਸਿੰਘ ਆਪਣੇ ਸੰਬੋਧਨ ਵਿੱਚ ਕਹਿੰਦੇ ਹਨ ਕਿ ਬੇਸ਼ੱਕ ਪੁਲਸ ਨੇ ਸਿਸਟਮ ਦੀ ਰਾਖੀ ਕਰਨੀ ਹੁੰਦੀ ਹੈ, ਪਰ ਇੱਥੇ ਤਾਂ ਪੁਲਸ ਹਰ ਵਕਤ ਮੌਕੇ ਦੇ ਹਾਕਮਾਂ ਦੀ ਸੇਵਾ ਵਿੱਚ ਹੀ ਰਹਿੰਦੀ ਹੈ। ਇਸ ਤੋਂ ਇਲਾਵਾ ਦੇਸ਼ ਨੂੰ 'ਧਰਮੀ ਦੇਸ਼' ਬਣਾਉਣ ਲਈ ਆਰ. ਐੱਸ. ਐੱਸ ਦੀਆਂ ਅਨੇਕ ਸ਼ਾਖਾਵਾਂ ਕੰਮ ਕਰ ਰਹੀਆਂ ਹਨ। ਅਜਿਹੇ ਸਮਿਆਂ 'ਚ ਸੁਚੇਤ ਹੋਣ ਦਾ ਮੌਕਾ ਹੁੰਦਾ ਹੈ। ਉਨ੍ਹਾਂ ਦੀ ਤਕਰੀਰ ਸੁਣ ਕੇ ਕਾਮਰੇਡ ਜਗਜੀਤ ਸਿੰਘ ਆਨੰਦ ਵੱਲੋਂ ਕਈ ਦਹਾਕੇ ਪਹਿਲਾਂ ਬੁਖਨਵਾਲਡ (ਜਰਮਨੀ) ਦੇ ਕੈਦੀ ਕੈਂਪ ਵਿੱਚ ਤਸ਼ੱਦਦ ਦਾ ਜਿਹੜਾ ਆਰਾ ਹਿਟਲਰ ਨੇ ਪਹਿਲਾਂ ਕਮਿਊਨਿਸਟਾਂ ਉੱਤੇ ਚਲਾਇਆ ਸੀ, ਹੌਲੀ-ਹੌਲੀ ਸੋਸ਼ਲਿਸਟਾਂ ਅਤੇ ਸੁਧਾਰਕਾਂ ਨੂੰ ਵੀ ਉਸੇ ਮਾਰ ਵਿੱਚ ਲੈ ਆਉਣ ਦਾ ਵਰਣਨ ਕਰਦਿਆਂ ਇੱਕ ਲੇਖ ਲਿਖਿਆ ਸੀ। ਉਹ ਲੇਖ ਇਸ ਵਾਰ ਦੇ 'ਹੁਣ' ਵਿੱਚ ਛਪਿਆ ਹੈ। ਲੇਖ ਦੇ ਅੰਤਲੇ ਹਿੱਸੇ ਵਿੱਚ ਉਹ ਲਿਖਦੇ ਹਨ, "ਬੁਖਨਵਾਲਡ" ਇੱਕ ਹਲੂਣਾ ਹੈ, ਇੱਕ ਝੰਜੋੜਾ ਹੈ, ਇੱਕ ਸੁਨੇਹਾ ਹੈ: ਫਾਸ਼ਿਜ਼ਮ ਦਾ ਖੁਰਾ ਖੋਜ ਮਿਟਾ ਦਿਓ। ਇਸ ਦਰਿੰਦਗੀ ਨੂੰ ਮੁੜ ਸਿਰ ਨਾ ਚੁੱਕਣ ਦਿਓ, ਪਰ ਭੁੱਲੋ ਨਾ, ਜਿੱਥੇ ਵੀ ਸਰਮਾਏ ਦੇ ਰਾਜ ਦਾ ਬੇੜਾ ਘੁੰਮਣ-ਘੇਰ ਵਿੱਚ ਫਸ ਜਾਂਦਾ ਹੈ, ਉੱਥੇ ਹੀ, ਜੇ ਲੋਕ ਚੁਕੰਨੇ ਤੇ ਤਿਆਰ-ਬ- ਤਿਆਰ ਨਾ ਹੋਣ, ਕੋਈ ਮੁਸੋਲਿਨੀ, ਕੋਈ ਹਿਟਲਰ, ਕੋਈ ਫਰਾਂਕੋ ਉਸ ਬੇੜੇ ਨੂੰ ਬੰਨ੍ਹੇ ਲਾਉਣ ਲਈ ਨਹੀਂ, ਜੱਗ ਵਿੱਚੋਂ ਭਲਿਆਂ ਦੀ ਅਲਖ ਮੁਕਾਉਣ ਲਈ ਉੱਠ ਖਲੋਂਦਾ ਹੈ। ਕੋਈ ਦੇਸ਼ ਇਸ ਖਤਰੇ ਤੋਂ ਬਾਹਰਾਂ ਨਹੀਂ, ਸਣੇ ਭਾਰਤ ਦੇ। ਪਿਛਾਖੜ ਦੀਆਂ ਤਾਕਤਾਂ ਧਰਮ ਦਾ, ਨਸਲ ਦਾ, ਪੁਰਾਤਨ ਸੱਭਿਆਚਾਰ ਦਾ ਵਾਸਤਾ ਪਾ ਉੱਠ ਖਲੋਂਦੀਆਂ ਹਨ।

ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਕਹਿੰਦੇ ਹਨ, 'ਜਜ਼ਬਾਤੀ ਹੋ ਕੇ ਸਿਰਫ ਨਾਹਰੇਬਾਜ਼ੀ ਨਾਲ ਨਹੀਂ ਸਰਨਾ, ਸਗੋਂ ਸੁਚੇਤ ਹੋ ਕੇ ਹਾਕਮ ਦੀ ਘੰਡੀ ਨੱਪਣੀ ਪੈਣੀ ਹੈ। ਜਮਹੂਰੀ ਅਧਿਕਾਰ ਸਭਾ ਦੇ ਆਗੂ ਪ੍ਰੋ: ਜਗਮੋਹਣ ਸਿੰਘ ਨੇ ਕਨਵੈਨਸ਼ਨ ਦੇ ਬੇਹੱਦ ਉਤਸ਼ਾਹੀ ਮਹੌਲ ਨੂੰ ਦੇਖਦਿਆਂ ਸੁਨੇਹਾ ਦਿੱਤਾ ਕਿ ਇਸ ਮਹੌਲ ਨੂੰ ਘਰਾਂ ਤੱਕ ਲੈ ਕੇ ਜਾਣਾ ਹੋਵੇਗਾ। ਉਨ੍ਹਾਂ ਕਿਹਾ ਕਿ ਅੱਜ ਦਾ ਉਤਸ਼ਾਹ 295- ਏ ਦੇ ਵਿਰੋਧ 'ਚ ਹੀ ਨਹੀਂ, ਸਗੋਂ ਸਮੁੱਚੇ ਫਾਸ਼ੀਵਾਦ ਤੰਤਰ ਵਿਰੁੱਧ ਵੀ ਹੈ। ਉਨ੍ਹਾਂ ਕਿਹਾ ਕਿ ਹਾਕਮ ਉਸ ਵੇਲੇ ਪਾਗਲਪਨ ਕਰਦੇ ਹਨ, ਜਦੋਂ ਉਨ੍ਹਾਂ ਨੂੰ ਲੋਕਾਂ ਦੇ ਏਕੇ ਤੋਂ ਡਰ ਲੱਗਦਾ ਹੈ ਤੇ ਉਹ ਧਰਮ ਤੇ ਜਾਤਾਂ ਦੇ ਸਹਾਰੇ ਦੰਗੇ-ਫਸਾਦ ਕਰਵਾਉਂਦੇ ਹਨ। ਪ੍ਰੋ: ਜਗਮੋਹਣ ਸਿੰਘ ਨੇ ਲੋਕਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਸਾਡਾ ਵਾਹ ਉਨ੍ਹਾਂ ਨਾਲ ਹੈ, ਜੋ ਚੂਹੇ ਦੀ ਪੂਜਾ ਕਰਦੇ ਹਨ, ਜੋ ਸਿਸਟਮ ਨੂੰ ਅੰਦਰੋਂ ਖੋਖਲਾ ਕਰ ਦਿੰਦਾ ਹੈ। ਇਸ ਤਰ੍ਹਾਂ ਇਹ ਕਨਵੈਨਸ਼ਨ ਲੋਕਾਂ ਨੂੰ ਸੁਚੇਤ ਰਹਿਣ ਦਾ ਸੁਨੇਹਾ ਦਿੰਦੀ ਨਜ਼ਰ ਆਈ।

ਤਰਕਸ਼ੀਲ ਸੁਸਾਇਟੀ ਪੰਜਾਬ ਦੇ ਆਗੂ ਮਾਸਟਰ ਰਜਿੰਦਰ ਭਦੌੜ ਨੇ ਹਾਕਮਾਂ ਵੱਲੋਂ ਧਰਮ ਦਾ ਸਹਾਰਾ ਲੈ ਕੇ ਫੈਲਾਏ ਜਾ ਰਹੇ ਭਰਮਜਾਲ ਤੋਂ ਸੁਚੇਤ ਰਹਿਣ ਦਾ ਸੰਦੇਸ਼ ਦਿੰਦਿਆਂ ਕਿਹਾ ਕਿ ਸੁਸਾਇਟੀ 40 ਸਾਲ ਤੋਂ ਕਹਿ ਰਹੀ ਹੈ ਕਿ ਮਾੜੇ ਹਾਲਾਤ ਪਿਛਲੇ ਕਰਮਾਂ ਕਰਕੇ ਜਾਂ ਕਿਸੇ ਦੈਵੀ ਸ਼ਕਤੀ ਦੇ ਗੁੱਸੇ ਕਾਰਨ ਨਹੀਂ, ਸਗੋਂ ਲੋਟੂ ਸਿਆਸੀ ਪ੍ਰਬੰਧ ਕਰਕੇ ਹਨ। ਸਾਡੇ ਸਮਿਆਂ 'ਚ ਸਿਆਸੀ ਪ੍ਰਬੰਧ ਧਰਮ ਦੇ ਠੇਕੇਦਾਰ ਕੋਲ ਹੈ। ਕਦੇ ਕਿਹਾ ਜਾਂਦਾ ਸੀ ਕਿ ਧਰਮ ਦੇ ਸਹਾਰੇ ਸਿਆਸਤ ਕੀਤੀ ਜਾ ਰਹੀ ਹੈ,ਪਰ ਹੁਣ ਤਾਂ ਧਰਮ 'ਤੇ ਸਵਾਰ ਹੋ ਕੇ ਸਿਆਸਤ ਹੋ ਰਹੀ ਹੈ। ਮੋਦੀ ਨੂੰ ਵਿਸ਼ਨੂ ਦਾ ਅਵਤਾਰ ਸਿੱਧ ਕੀਤਾ ਜਾ ਰਿਹਾ ਹੈ। ਅਸਲ ਵਿੱਚ ਮੋਦੀ ਦੀਆਂ ਨੀਤੀਆਂ ਫੇਲ੍ਹ ਹੋ ਗਈਆਂ ਹਨ। ਉਸ ਅਸਫਲਤਾ ਨੂੰ ਲੁਕਾਉਣ ਲਈ ਮੋਦੀ ਦੇ ਤਾਕਤਵਰ ਹੋਣ ਦਾ ਹਊਆ ਖੜਾ ਕੀਤਾ ਜਾ ਰਿਹਾ ਹੈ।



ਸੁਖਦੇਵ ਭੂੰਦੜੀ ਨੇ ਹਾਕਮਾਂ ਵੱਲੋਂ ਕਿਰਤੀ ਲੋਕਾਂ ਅੰਦਰ ਧਰਮ ਦੇ ਨਾਂਅ 'ਤੇ ਫੁੱਟ ਪਾਉਣ ਦੀ ਗੱਲ ਕਰਦਿਆਂ ਕਿਹਾ ਕਿ ਇਹ ਨੀਤੀ ਬੜੀ ਖਤਰਨਾਕ ਹੈ, ਇਸ ਤੋਂ ਸੁਚੇਤ ਰਹਿਣਾ ਜ਼ਰੂਰੀ ਹੈ। ਉਨ੍ਹਾਂ ਕਨਵੈਨਸ਼ਨ ਦੀ ਪ੍ਰਸੰਗਕਿਤਾ ਬਾਰੇ ਕਿਹਾ ਕਿ ਬੋਲਣ-ਲਿਖਣ ਦੀ ਪਾਬੰਦੀ ਦੀ ਫਿਕਰਮੰਦੀ ਲਈ ਇਹ ਉਪਰਾਲਾ ਸਹੀ ਸਮੇਂ 'ਤੇ ਹੋਇਆ ਹੈ।

ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਕਿਹਾ ਕਿ ਸਭ ਤਰ੍ਹਾਂ ਦੀ ਕਿਰਤ ਦੀ ਲੁੱਟ ਕਰਨ ਲਈ ਹਾਕਮਾਂ ਵੱਲੋਂ ਜਬਰ ਢਾਹਿਆ ਜਾ ਰਿਹਾ ਹੈ। ਸੰਘਰਸ਼ ਕਰਨ ਵਾਲਿਆਂ 'ਤੇ ਸਿੱਧੀਆਂ ਗੋਲੀਆਂ ਚਲਾਈਆਂ ਜਾ ਰਹੀਆਂ ਹਨ। ਕੋਈ ਵੀ ਕਾਨੂੰਨ ਇਸ ਦੀ ਆਗਿਆ ਨਹੀਂ ਦਿੰਦਾ।

ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਆਗੂ ਹਰਮੇਸ਼ ਮਾਲੜੀ ਨੇ ਕਿਹਾ ਕਿ ਜਦੋਂ ਮੋਦੀ ਜੀ ਵਿਗਿਆਨੀਆਂ ਦੀ ਕਾਨਫਰੰਸ ਵਿੱਚ 6 ਹਜ਼ਾਰ ਸਾਲ ਪਹਿਲਾਂ ਹੋਈ ਸਰਜਰੀ ਦੀ ਗੈਰ ਵਿਗਿਆਨਕ ਗੱਲ ਕਰਦਾ ਹੈ ਤਾਂ ਇਹ ਵੇਲਾ ਬੋਲਣ ਦਾ ਬਣਦਾ ਹੈ, ਚੁੱਪ ਰਹਿਣ ਦਾ ਨਹੀਂ ਹੈ।

ਡਾ. ਪ੍ਰਮਿੰਦਰ ਨੇ ਹਾਕਮਾਂ ਵੱਲੋਂ ਪੈਦਾ ਕੀਤੇ ਜਾ ਰਹੇ ਫਿਰਕੂ ਮਹੌਲ ਦੀ ਗੱਲ ਕਰਦਿਆਂ ਕਿਹਾ ਕਿ ਸਾਡਾ ਮੁਲਕ ਕਦੇ ਸਹਿਹੋਂਦ ਦਾ ਧਾਰਨੀ ਸੀ। ਸਹਿਹੋਂਦ ਨੂੰ ਪਹਿਲਾਂ ਅੰਗਰੇਜ਼ ਸਾਮਰਾਜੀਆਂ ਨੇ ਤੋੜੀਆਂ ਤੇ ਹੁਣ ਵਾਲੇ ਹਾਕਮਾਂ ਨੇ ਫਿਰਕੂ ਮਹੌਲ ਨੂੰ ਹੋਰ ਗਰਮ ਕਰਕੇ ਗੁਨਾਹ ਕੀਤਾ ਹੈ। ਕਨਵੈਨਸ਼ਨ ਦੀ ਸਾਰਥਿਕਤਾ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਅਸੀਂ ਜਿੱਥੇ 295-ਏ ਨੂੰ ਖਤਮ ਕਰਨ ਦੀ ਮੰਗ ਕਰ ਰਹੇ ਹਾਂ, ਉੱਥੇ ਜਮਹੂਰੀਅਤ ਨੂੰ ਮਜ਼ਬੂਤ ਕਰਨ ਲਈ ਕਦਮ ਪੁੱਟ ਰਹੇ ਹਾਂ।

ਵਰਗ ਚੇਤਨਾ ਮੰਚ ਦੇ ਯਸ਼ਪਾਲ, ਪੰਜਾਬ ਕਿਸਾਨ ਸਭਾ ਦੇ ਆਗੂ ਸੁਖਦਰਸ਼ਨ ਨੱਤ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਧਰਮਪਾਲ, ਪੰਜਾਬ ਸਟੂਡੈਂਟ ਯੂਨੀਅਨ ਵੱਲੋਂ ਗੁਰਵਿੰਦਰ ਸਿੰਘ, ਕ੍ਰਾਂਤੀਕਾਰੀ ਸੱਭਿਆਚਾਰਕ ਕੇਂਦਰ ਦੇ ਗੁਰਮੀਤ, ਰੇਲ ਕੋਚ ਫੈਕਟਰੀ ਇੰਪ. ਵੱਲੋਂ ਅਮਰੀਕ ਸਿੰਘ, ਸੁਖਪਾਲ ਸਿੰਘ ਖਿਆਲੀਵਾਲਾ, ਬਲਵੀਰ ਚੰਦ ਲੌਂਗੋਵਾਲ, ਨੌਜਵਾਨ ਭਾਰਤ ਸਭਾ ਦੇ ਆਗੂ ਮਾਨਵ, ਅਸ਼ੋਕ ਭਾਰਤੀ ਆਦਿ ਨੇ ਵੀ ਆਪਣੇ ਸੰਬੋਧਨਾਂ ਵਿੱਚ ਅਜਿਹੀਆਂ ਕਨਵੈਨਸ਼ਨਾਂ ਪਿੰਡ-ਪਿੰਡ ਕਰਨ ਦਾ ਸੁਨੇਹਾ ਦਿੱਤਾ। ਸਲੋਹ (ਇੰਗਲੈਂਡ) ਵੱਸਦੇ ਵਿਦਿਆਰਥੀ ਜੀਵਨ ਤੋਂ ਸੰਘਰਸ਼ ਦੇ ਪਾਂਧੀ ਰਹੇ 'ਕੌਮਾਂਤਰੀ ਚਰਚ' ਦੇ ਸੰਪਾਦਕ ਦਰਸ਼ਨ ਸਿੰਘ ਢਿੱਲੋਂ ਮੁਰਾਦਵਾਲਾ ਨੇ ਕਨਵੈਨਸ਼ਨ ਵਿੱਚ ਉਚੇਚ ਨਾਲ ਹਾਜ਼ਰੀ ਭਰੀ। ਉਨ੍ਹਾਂ ਦੀ ਟਿੱਪਣੀ ਵੀ ਕਨਵੈਨਸ਼ਨ ਦੀ ਮੱਹਤਤਾ ਨੂੰ ਦਰਸਾਉਂਦੀ ਹੈ, 'ਵਰਤਮਾਨ ਫਾਸ਼ਿਸ਼ਟ ਰੁਚੀ ਵਾਲੀ ਸਰਕਾਰ ਵਾਰ-ਵਾਰ ਵੱਖ ਵੱਖ ਪੱਧਰ 'ਤੇ ਜ਼ਿਆਦਤੀਆਂ ਕਰਕੇ ਚੂੰਢੀਆਂ ਵੱਢ ਕੇ ਵੇਖ ਰਹੀ ਹੈ ਕਿ ਲੋਕ ਰੋਹ ਕਿੰਨੇ ਕੁ ਪਾਣੀ ਵਿੱਚ ਹੈ, ਪਰ ਮੁਸੋਲਿਨੀ ਤੇ ਹਿਟਲਰ ਵਾਂਗ ਇਸ ਗੱਲ ਤੋਂ ਬੇਪ੍ਰਵਾਹ ਹੈ ਕਿ ਯੂਨੀਵਰਸਿਟੀਆਂ, ਖੇਤ ਖਲਿਆਣ, ਨਿੱਕੀਆਂ ਦੁਕਾਨਾਂ, ਮਜ਼ਦੂਰ ਕਿਸਾਨ, ਬੇਰੁਜ਼ਗਾਰ ਜਵਾਨੀ ਦਾ ਏਕਾ-ਹਿਟਲਰ, ਮੁਸੋਲਿਨੀ ਅਤੇ ਦੁਨੀਆ ਭਰ ਦੇ ਹੋਰ ਤਾਨਾਸ਼ਾਹ ਵਾਲਾ ਹਸ਼ਰ ਕਰਨ ਜਾ ਰਿਹਾ ਹੈ। ਨਰਭਿੰਦਰ ਨੇ ਮਤੇ ਪੇਸ ਕੀਤੇ। ਤਰਕਸ਼ੀਲ ਆਗੂ ਰਾਮ ਸਵਰਨ ਲੱਖੇਵਾਲੀ ਅਤੇ ਸੰਦੀਪ ਨੇ ਸਟੇਜ ਸੰਚਾਲਨ ਦੇ ਫਰਜ਼ ਨਿਭਾਏ।

ਕਨਵੈਨਸ਼ਨ ਦੇ ਸ਼ੁਰੂ ਵਿੱਚ ਧਰਮਿੰਦਰ ਮਸਾਣੀ, ਜੋਗਾ ਸਿੰਘ ਚੰਡੀਗੜ੍ਹ, ਕਸਤੂਰੀ ਲਾਲ, ਬੇਬੀ ਨਰਗਿਸ, ਹਰਬੰਸ ਘਣੀਆ ਅਤੇ ਹੇਮ ਰਾਜ ਬਰਨਾਲਾ ਨੇ ਗੀਤਾਂ ਰਾਹੀਂ ਇਨਕਲਾਬੀ ਰੰਗ ਭਰਿਆ। ਕਨਵੈਨਸ਼ਨ ਦੌਰਾਨ ਸ਼ੁਭਕਰਨ ਸਿੰਘ ਅਤੇ ਕਿਸਾਨੀ ਅੰਦੋਲਨ ਦੇ ਹੋਰ ਸ਼ਹੀਦਾਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਵੀ ਭੇਟ ਕੀਤੀ। ਕਨਵੈਨਸ਼ਨ ਉਪਰੰਤ ਲਾ- ਮਿਸਾਲ ਰੋਸ ਮਾਰਚ ਕਨਵੈਨਸ਼ਨ ਦੇ ਮੰਤਵ ਨੂੰ ਹੋਰ ਉਘਾੜ ਗਿਆ।

# ਸੰਪਰਕ : 98725-40447

2-MAR-PAGE-5.qxd 3/1/2024 10:38 PM Page 1



# ਵਕੀਲ ਹਸਨ ਦਾ ਮਕਾਨ ਢਾਹੁਣਾ ਅਣਮਨੁੱਖੀ, ਸਰਕਾਰ ਮੁਆਵਜ਼ਾ ਤੇ ਨਵਾਂ ਮਕਾਨ ਬਣਾ ਕੇ ਦੇਵੇ : ਸੀ ਪੀ ਆਈ

**ਲੁਧਿਆਣਾ (ਐੱਮ ਐੱਸ ਭਾਟੀਆ)**

ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਜ਼ਿਲ੍ਹਾ ਲੁਧਿਆਣਾ ਡੀ ਡੀ ਏ ਤੇ ਕੇਂਦਰ ਸਰਕਾਰ ਦੁਆਰਾ ਵਕੀਲ ਹਸਨ ਦੇ ਮਕਾਨ ਨੂੰ ਢਾਹੁਣ ਦੀ ਅਣਮਨੁੱਖੀ ਬਦਲਾਖੋਰੀ ਤੇ ਜ਼ਾਲਮ ਕਾਰਵਾਈ ਦੀ ਨਿੰਦਾ ਕਰਦੀ ਹੈ। 'ਰੈਟ ਹੋਲ' ਮਾਈਨਰ ਵਕੀਲ ਹਸਨ ਨੇ ਪਹਾੜੀ ਸੁਰੰਗ ਹੇਠ ਫਸੀਆਂ 41 ਕੀਮਤੀ ਜਾਨਾਂ ਨੂੰ ਬਚਾਉਣ ਲਈ ਟੀਮ ਦੀ ਅਗਵਾਈ ਕੀਤੀ ਸੀ। ਪਾਰਟੀ 28 ਫਰਵਰੀ ਨੂੰ ਦਿੱਲੀ ਵਿਕਾਸ ਅਥਾਰਟੀ (ਡੀਡੀਏ) ਦੇ ਨਿਰਦੇਸ਼ਾਂ 'ਤੇ ਅਖੌਤੀ ਅਣਅਧਿਕਾਰਤ ਕਬਜ਼ਿਆਂ ਦੇ ਆਧਾਰ 'ਤੇ ਬੁਲਡੋਜ਼ਰ ਅਪ੍ਰੇਸ਼ਨ ਰਾਹੀਂ ਦਿੱਲੀ ਦੇ ਉੱਤਰ-ਪੂਰਬੀ ਖੇਤਰ ਦੀ ਸ੍ਰੀ ਰਾਮ ਕਲੋਨੀ, ਖਜੂਰੀ ਖਾਸ ਵਿੱਚ ਵਕੀਲ ਹਸਨ ਦੀ ਰਿਹਾਇਸ਼ ਨੂੰ ਢਾਹੇ ਜਾਣ ਦੀ ਜ਼ੋਰਦਾਰ ਨਿਖੇਧੀ ਕਰਦੀ ਹੈ। ਸ੍ਰੀ ਵਕੀਲ ਹਸਨ ਉਹ ਮਸ਼ਹੂਰ ਚੂਹਾ-ਖੋਦਣ ਵਾਲਾ ਹੈ, ਜਿਸ ਦੀ ਬਹਾਦਰ ਅਗਵਾਈ ਹੇਠ ਚੂਹਿਆਂ ਦੀ ਖੁਦਾਈ ਕਰਨ ਵਾਲਿਆਂ ਦੀ ਟੀਮ ਨੇ ਉੱਤਰਾਖੰਡ ਦੇ ਉੱਤਰਕਾਸ਼ੀ ਵਿਖੇ ਨਿਰਮਾਣ ਅਧੀਨ ਸਿਲਕਿਆਰਾ ਸੁਰੰਗ ਦੇ ਢਹਿ ਜਾਣ ਕਾਰਨ ਫਸੇ ਹੋਏ 41 ਨਿਰਮਾਣ ਮਜ਼ਦੂਰਾਂ ਨੂੰ ਉਦੋਂ ਪੂਰੀਆਂ ਕੋਸ਼ਿਸ਼ਾਂ ਤੋਂ ਬਾਅਦ ਬਚਾਇਆ ਸੀ, ਜਦੋਂ ਸਾਰੀਆਂ ਆਧੁਨਿਕ ਮਸ਼ੀਨਾਂ ਰਾਹੀਂ ਉਨ੍ਹਾਂ ਨੂੰ ਬਚਾਉਣਾ ਪੂਰੀ ਤਰ੍ਹਾਂ ਅਸਫਲ ਰਿਹਾ।

ਵਕੀਲ ਹਸਨ ਤੇ ਉਨ੍ਹਾਂ ਦੀ ਟੀਮ ਨੇ ਕਈ ਦਿਨ ਇਕੱਠੇ ਹੋ ਕੇ ਬਹੁਤ ਮੁਸ਼ਕਲ ਨਾਲ ਪਹਾੜੀ ਚੱਟਾਨਾਂ ਵਿੱਚ ਹੱਥੀਂ ਖੁਦਾਈ ਕਰਕੇ ਬਚਾਅ ਕਾਰਜ ਕੀਤਾ ਤੇ ਹਰ ਪਲ ਆਪਣੀ ਜਾਨ ਨੂੰ ਗੰਭੀਰ ਖਤਰੇ ਵਿੱਚ ਪਾ ਦਿੱਤਾ ਅਤੇ ਅਜਿਹੀ ਬਹਾਦਰੀ, ਸਮਰਪਣ ਤੇ ਕੁਰਬਾਨੀਆਂ ਲਈ ਉਨ੍ਹਾਂ ਨੂੰ ਭਰਪੂਰ ਪ੍ਰਸ਼ੰਸਾ ਮਿਲੀ। ਦੇਸ਼ ਭਰ ਦੇ ਲੋਕਾਂ ਦੇ ਸਮੂਹ ਤੋਂ ਤੇ ਪੂਰੇ ਸਮਾਜ ਵਿੱਚ ਵਿਆਪਕ ਤੌਰ 'ਤੇ ਜਾਣੇ ਜਾਂਦੇ ਹਨ।

ਬੜੀ ਹੈਰਾਨੀ ਵਾਲੀ ਗੱਲ ਹੈ ਕਿ ਉਸ ਇਲਾਕੇ ਵਿੱਚ ਰਹਿੰਦੇ ਦੋ ਲੱਖ ਤੋਂ ਵੱਧ ਲੋਕਾਂ ਵਿੱਚੋਂ ਵਕੀਲ ਹਸਨ ਦੀ ਰਿਹਾਇਸ਼ ਜਿੱਥੇ ਉਹ ਪਿਛਲੇ ਬਾਰਾਂ ਸਾਲਾਂ ਤੋਂ ਦੋ ਨਾਬਾਲਗ ਬੱਚਿਆਂ ਤੇ ਆਪਣੇ ਪਰਿਵਾਰ ਸਮੇਤ ਰਹਿ ਰਿਹਾ ਹੈ, ਨੂੰ ਢਾਹੁਣ ਦਾ ਨਿਸ਼ਾਨਾ ਬਣਾਇਆ ਗਿਆ। ਕੇਂਦਰ ਸਰਕਾਰ ਦੁਆਰਾ ਚਲਾਏ ਜਾ ਰਹੇ ਡੀਡੀਏ ਦੁਆਰਾ ਕੋਈ ਵੀ ਅਗਾਊਂ ਨੋਟਿਸ ਲੈਫਟੀਨੈਂਟ ਗਵਰਨਰ, ਜੋ ਇਸ ਦੇ ਚੇਅਰਮੈਨ ਵਜੋਂ ਕੰਮ ਕਰਦੇ ਹਨ, ਵੱਲੋਂ ਨਹੀਂ ਦਿੱਤਾ ਗਿਆ।

ਗਰੀਬ ਕਿਰਤੀ ਲੋਕਾਂ ਨੂੰ ਉਨ੍ਹਾਂ ਦੇ ਘਰੋਂ ਉਖਾੜ ਸੁੱਟਣ ਦੀ ਨਿਖੇਧੀ ਕਰਦੇ ਹੋਏ, ਕੇਂਦਰ ਸਰਕਾਰ, ਡੀ ਡੀ ਏ ਤੇ ਐੱਲ ਜੀ, ਜੋ ਕਿ ਡੀ ਡੀ ਏ ਦੇ ਚੇਅਰਮੈਨ ਵੀ ਹਨ, ਤੋਂ ਮੰਗ ਕਰਦੇ ਹਨ ਕਿ ਵਕੀਲ ਹਸਨ ਦੇ ਖਿਲਾਫ ਅਜਿਹੇ ਇਕੱਲੇ ਨਿਸ਼ਾਨਾ ਤੇ ਬਦਲਾਖੋਰੀ ਵਾਲੀ ਕਾਰਵਾਈ ਦੇ ਪਿੱਛੇ ਕਾਰਨ ਤੇ ਉਦੇਸ਼ ਜਨਤਾ ਨੂੰ ਸਪੱਸ਼ਟ ਕਰਨ। ਉਸ ਨੂੰ ਆਪਣੇ ਪਰਿਵਾਰ ਸਮੇਤ ਸੜਕ 'ਤੇ ਬਾਹਰ ਕੱਢਣ ਤੇ ਅਜਿਹੀ ਬੇਰਹਿਮ ਅਣਮਨੁੱਖੀ ਕਾਰਵਾਈ ਦੀ ਜਵਾਬਦੇਹੀ ਵੀ ਤੈਅ ਕਰੋ। ਅਸੀਂ ਮੰਗ ਕਰਦੇ ਹਾਂ ਕਿ ਡੀਡੀਏ ਤੇ ਕੇਂਦਰ ਸਰਕਾਰ ਨੂੰ ਵੀ ਆਪਣੀ ਕਾਰਵਾਈ ਸੁਧਾਰਨੀ ਚਾਹੀਦੀ ਹੈ ਤੇ ਬਿਨਾਂ ਕਿਸੇ ਦੇਰੀ ਦੇ ਵਕੀਲ ਹਸਨ ਲਈ ਮੁਆਵਜ਼ੇ ਦੇ ਨਾਲ-ਨਾਲ ਰਿਹਾਇਸ਼ੀ ਮੁੜ ਵਸੇਬੇ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਬਿਆਨ ਜਾਰੀ ਕਰਨ ਵਾਲਿਆਂ ਵਿੱਚ ਜ਼ਿਲ੍ਹਾ ਸਕੱਤਰ ਕਾਮਰੇਡ ਡੀ ਪੀ ਮੌੜ, ਡਾਕਟਰ ਅਰੁਣ ਮਿੱਤਰਾ, ਚਮਕੌਰ ਸਿੰਘ, ਐੱਮ ਐੱਸ ਭਾਟੀਆ, ਰਮੇਸ਼ ਰਤਨ, ਡਾ. ਰਜਿੰਦਰ ਪਾਲ ਸਿੰਘ ਔਲਖ, ਵਿਜੇ ਕੁਮਾਰ, ਭਗਵਾਨ ਸਿੰਘ ਸੋਮਲ ਖੇੜੀ ਤੇ ਕੇਵਲ ਸਿੰਘ ਬਨਵੈਤ ਸ਼ਾਮਲ ਹਨ।

# ਸਰਕਾਰ ਆਊਟਸੋਰਸਿੰਗ ਵਰਕਰਾਂ ਨੂੰ ਰੈਗੂਲਰ ਕਰੇ : ਐਡਵੋਕੇਟ ਉੱਡਤ

## ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਆਊਟਸੋਰਸਿੰਗ ਵਰਕਰਜ਼ ਯੂਨੀਅਨ ਦੀ ਕਾਨਫਰੰਸ ਸੰਪੰਨ



**ਮਾਨਸਾ (ਆਤਮਾ ਸਿੰਘ ਪਮਾਰ)**

ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਆਊਟਸੋਰਸਿੰਗ ਵਰਕਰਜ਼ ਯੂਨੀਅਨ ਜ਼ਿਲ੍ਹਾ ਮਾਨਸਾ ਦੀ ਜਥੇਬੰਦਕ ਕਾਨਫਰੰਸ ਤਿੰਨ ਮੈਂਬਰੀ ਪ੍ਰਧਾਨਗੀ ਮੰਡਲ ਕ੍ਰਮਵਾਰ ਗੁਰਦੇਵ ਸਿੰਘ ਨਹਿੰਗ, ਪਵਨ ਕੁਮਾਰ ਤੇ ਸੱਤਪਾਲ ਸਿੰਘ ਮਾਨਸਾ ਦੀ ਪ੍ਰਧਾਨਗੀ ਹੇਠ ਸਫਲਤਾ ਪੂਰਵਕ ਸੰਪੰਨ ਹੋਈ। ਕਾਨਫਰੰਸ ਦੇ ਸ਼ੁਰੂਆਤ ਵਿੱਚ ਵਿੱਛੜੇ ਸਾਥੀਆਂ ਨੂੰ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ। ਕਾਨਫਰੰਸ ਦਾ ਉਦਘਾਟਨ ਕਰਦਿਆਂ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਦੇ ਸੂਬਾਈ ਆਗੂ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ ਨੇ ਕਿਹਾ ਕਿ ਸਮੇਂ ਦੇ ਹਾਕਮਾਂ ਨੇ ਨਵ-ਉਦਾਰਵਾਦੀ ਨੀਤੀਆਂ ਲਾਗੂ ਕਰਕੇ ਆਊਟਸੋਰਸਿੰਗ ਵਰਕਰਾਂ ਦੀ ਨੀਤੀ ਲਿਆਂਦੀ, ਜਿਸ ਦਾ ਮਕਸਦ ਵਰਕਰਾਂ ਦੀ ਆਰਥਿਕ ਲੁੱਟ-ਖਸੁੱਟ ਕਰਨ ਤੋਂ ਸਿਵਾ ਕੁਝ ਨਹੀਂ। ਉਨ੍ਹਾਂ ਕਿਹਾ ਕਿ ਵਰਕਰਾਂ ਨੂੰ ਜਥੇਬੰਦ ਹੋ ਕੇ ਆਪਣੀਆਂ ਬੁਨਿਆਦੀ ਮੰਗਾਂ ਮੰਨਵਾਉਣ ਲਈ ਸੰਘਰਸ਼ ਦਾ ਰਸਤਾ ਅਖਤਿਆਰ ਕਰਨਾ ਚਾਹੀਦਾ ਹੈ।

ਐਡਵੋਕੇਟ ਉੱਡਤ ਨੇ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਨੇ ਚੋਣਾਂ ਤੋਂ ਪਹਿਲਾਂ ਆਊਟਸੋਰਸਿੰਗ ਵਰਕਰਾਂ ਨੂੰ ਰੈਗੂਲਰ ਕਰਨ ਦੀ ਗਰੰਟੀ ਦਿੱਤੀ ਸੀ, ਜੋ ਦੋ ਸਾਲ ਬੀਤ ਜਾਣ ਦੇ ਬਾਵਜੂਦ ਪੂਰੀ ਨਹੀਂ ਕੀਤੀ। ਇਸ ਮੌਕੇ ਗੁਰਦੇਵ ਸਿੰਘ ਨਹਿੰਗ ਨੂੰ ਪ੍ਰਧਾਨ, ਪਵਨ ਕੁਮਾਰ ਸਕੱਤਰ, ਗੋਗੀ ਸਿੰਘ ਭੀਖੀ, ਸੰਜੂ ਕੁਮਾਰ ਮੀਤ ਪ੍ਰਧਾਨ, ਰਵਿੰਦਰ ਸਿੰਘ, ਰਾਜ ਸਿੰਘ ਸਰਦੂਲਗੜ੍ਹ ਮੀਤ ਸਕੱਤਰ, ਕੁਲਵਿੰਦਰ ਸਿੰਘ ਵਿੱਤ ਸਕੱਤਰ, ਸੋਨੀ ਬਰੇਟਾ, ਜੱਗਾ ਸਿੰਘ ਭੀਖੀ, ਰਾਜੇਸ਼ ਕੁਮਾਰ ਮਾਨਸਾ ਆਦਿ ਚੁਣੇ ਗਏ।

# ਦਸਵਾਂ ਪੀ ਏ ਯੂ ਪੈਨਸ਼ਨਰ ਤੇ ਇੰਪਲਾਈਜ਼ ਮੇਲਾ ਅੱਜ, ਤਿਆਰੀਆਂ ਮੁਕੰਮਲ

**ਲੁਧਿਆਣਾ (ਐੱਮ. ਐੱਸ. ਭਾਟੀਆ)**-ਸ਼ਨੀਵਾਰ ਨੂੰ ਹੋਣ ਵਾਲੇ ਦਸਵੇਂ ਪੀ.ਏ.ਯੂ. ਪੈਨਸ਼ਨਰ ਤੇ ਇੰਪਲਾਈਜ਼ ਮੇਲੇ ਦੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਹਨ। ਇਸ ਦੀ ਪ੍ਰਬੰਧਕੀ ਕਮੇਟੀ ਵੱਲੋਂ ਅੱਜ ਮੀਟਿੰਗ ਕਰਕੇ ਸਾਰੀਆਂ ਤਿਆਰੀਆਂ ਮੁਕੰਮਲ ਕੀਤੀਆਂ ਗਈਆਂ। ਕਮੇਟੀ ਦੇ ਚੇਅਰਮੈਨ ਚਰਨ ਸਿੰਘ ਗੁਰਮ ਨੇ ਦੱਸਿਆ ਕਿ ਇਹ ਮੇਲਾ ਸਵੇਰੇ 10.00 ਸ਼ੁਰੂ ਹੋਵੇਗਾ, ਜੋ ਦੁਪਹਿਰ 2.00 ਵਜੇ ਤੱਕ ਚੱਲੇਗਾ। ਇਸ ਵਿੱਚ ਗੀਤ ਸੰਗੀਤ, ਕਲਚਰਲ ਪ੍ਰੋਗਰਾਮ ਤੋਂ ਇਲਾਵਾ ਨਾਟਕ ਵੀ ਖੇਡਿਆ ਜਾਵੇਗਾ। ਇਸ ਮੇਲੇ ਦਾ ਉਦਘਾਟਨ ਪੀ.ਏ.ਯੂ. ਦੇ ਉੱਪ-ਕੁਲਪਤੀ ਡ. ਸਤਿਬੀਰ



ਸਿੰਘ ਗੋਸਲ ਵੱਲੋਂ ਕੀਤਾ ਜਾਵੇਗਾ। ਉਨ੍ਹਾਂ ਵੱਲੋਂ ਸਮੂਹ ਰਿਟਾਈਰੀਜ਼ ਤੇ ਮੁਲਾਜ਼ਮ ਸਾਥੀਆਂ ਨੂੰ ਇਸ ਮੇਲੇ ਵਿੱਚ ਪਹੁੰਚਣ ਦੀ ਬੇਨਤੀ ਕੀਤੀ ਗਈ। ਇਸ ਮੀਟਿੰਗ ਵਿੱਚ ਡੀ. ਪੀ. ਮੌੜ, ਜੇ. ਐੱਲ. ਨਾਰੰਗ, ਬਲਦੇਵ ਸਿੰਘ ਵਾਲੀਆ, ਮਨਮੋਹਨ ਸਿੰਘ, ਨਵਨੀਤ ਸ਼ਰਮਾ, ਦਲਜੀਤ ਸਿੰਘ, ਮੈਡਮ ਸਪਤਕਲਾ, ਮੈਡਮ ਮਨਜੀਤ ਕੌਰ, ਅਨਿਲ ਸਭਰਵਾਲ, ਜੇ. ਸੀ. ਬੁੱਧੀਰਾਜਾ, ਹਰਸਿਮਰਨ ਸਿੰਘ, ਬਰਿੰਦਰ ਸਿੰਘ, ਰੁਪਿੰਦਰ ਸਿੰਘ, ਸਤਨਾਮ ਸਿੰਘ, ਜੈਪਾਲ ਸਿੰਘ, ਟੇਕ ਸਿੰਘ, ਗੁਰਇਕਬਾਲ ਸਿੰਘ, ਸੁਖਵਿੰਦਰ ਸਿੰਘ, ਦਰਸ਼ਨ ਸਿੰਘ, ਰਾਜਪਾਲ ਵਰਮਾ, ਗੁਲਸ਼ਨ ਰਾਏ, ਦਾਨ ਸਿੰਘ, ਇਕਬਾਲ ਸਿੰਘ, ਭਰਪੂਰ ਸਿੰਘ ਆਦਿ ਸ਼ਾਮਲ ਹੋਏ।

# ਡਾ. ਸਰਬਜੀਤ ਸਿੰਘ, ਡਾ. ਪਾਲ ਕੌਰ ਤੇ ਡਾ. ਗੁਲਜ਼ਾਰ ਪੰਧੇਰ ਪੈਨਲ ਵੱਲੋਂ ਚੋਣ ਮੁਹਿੰਮ ਤੇਜ਼



**ਲੁਧਿਆਣਾ (ਐੱਮ ਐੱਸ ਭਾਟੀਆ)**

ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੀਆਂ ਚੋਣਾਂ, ਜੋ 3 ਮਾਰਚ ਨੂੰ ਪੰਜਾਬੀ ਭਵਨ ਵਿੱਚ ਸਵੇਰੇ 9 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ ਹੋ ਰਹੀਆਂ ਹਨ. ਦੀਆਂ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਜਨਰਲ ਸਕੱਤਰ ਲਈ ਚੋਣ ਵਿੱਚ ਉਮੀਦਵਾਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਦੱਸਿਆ ਕਿ ਉਨ੍ਹਾਂ ਦੀ ਸਮੁੱਚੀ ਟੀਮ ਜਿੱਥੇ ਫੋਨ ਕਰਕੇ ਤੇ ਜਿੱਥੇ ਫੋਨ ਸੂਚੀ ਵਿੱਚ ਨਹੀਂ ਹਨ, ਉੱਥੇ ਨਿੱਜੀ ਪਹੁੰਚ ਕਰਕੇ ਜਾਂ ਸੋਸ਼ਲ ਮੀਡੀਆ ਰਾਹੀਂ ਸਮੁੱਚੀ ਟੀਮ ਦੇ ਉਮੀਦਵਾਰ ਪੂਰੇ ਧੜੱਲੇ ਨਾਲ ਪ੍ਰਚਾਰ ਕਰ ਰਹੇ ਹਨ। ਡਾ. ਸੁਖਦੇਵ ਸਿੰਘ ਸਿਰਸਾ ਤੇ ਸਮੁੱਚੀ ਚੋਣ ਕਮੇਟੀ ਡਾ. ਅਨੂਪ ਸਿੰਘ, ਸੁਰਜੀਤ ਜੱਜ, ਰਤਨ ਸਿੰਘ ਢਿੱਲੋਂ, ਹਰਮੀਤ ਵਿਦਿਆਰਥੀ ਆਦਿ ਦੀ ਅਗਵਾਈ ਵਿੱਚ ਪੈਨਲ ਵਿਚਲੇ ਉਮੀਦਵਾਰਾਂ ਨੇ ਪੰਜਾਬ ਦੇ ਪ੍ਰਮੁੱਖ ਸ਼ਹਿਰਾਂ ਵਿੱਚ ਨਿੱਜੀ ਸੰਪਰਕ ਸਮੇਤ ਵੱਡੀਆਂ ਮੀਟਿੰਗਾਂ ਕਰਕੇ ਸਮੁੱਚੇ ਪੈਨਲ ਦੇ ਹੱਕ ਵਿੱਚ ਪ੍ਰਚਾਰ ਕੀਤਾ। ਹੁਣ ਲਗਾਤਾਰ ਲੁਧਿਆਣਾ ਵਿੱਚ ਪ੍ਰਚਾਰ ਕੀਤਾ ਜਾ ਰਿਹਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੇ ਗੁਰੂ ਅੰਗਦ ਦੇਵ ਵੈਟਰਨਰੀ ਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ ਲੁਧਿਆਣਾ ਸਮੇਤ ਵੱਖ ਵੱਖ ਕਾਲਜਾਂ ਦਾ ਚੱਕਰ ਲਗਾਇਆ ਜਾ ਰਿਹਾ ਹੈ। ਪ੍ਰਧਾਨਗੀ ਦੀ ਚੋਣ ਵਿੱਚ ਖੜੇ ਉਮੀਦਵਾਰ ਡਾ. ਸਰਬਜੀਤ ਸਿੰਘ ਨੇ ਦੱਸਿਆ ਕਿ ਇਸ ਸੰਪਰਕ ਮੁਹਿੰਮ ਦਾ ਮਤਲਵ ਜਿੱਥੇ ਵਿਦਵਾਨ ਮੈਂਬਰ ਸਾਹਿਬਾਨਾਂ ਤੋਂ ਫੀਡ ਬੈਕ ਲੈ ਕੇ ਜਿੱਤਣ ਤੋਂ ਬਆਦ ਕਾਰਜ ਸ਼ੈਲੀ ਦਾ ਰੋਡ ਮੈਪ ਬਣ ਰਿਹਾ ਹੈ, ਉਸ ਦੇ ਨਾਲ ਹੀ ਸਮੁੱਚੀ ਟੀਮ ਦਾ ਪ੍ਰਚਾਰ ਤੇ ਕੰਮ ਬੜੇ ਅਨੁਸ਼ਾਸਤ ਤਕੀਕੇ ਨਾਲ ਅੱਗੇ ਵਧ ਰਿਹਾ ਹੈ। ਇਸ ਨਾਲ ਬਾਕਾਇਦਾ ਵਿਓਂਤਬੰਦੀ ਕਰਕੇ ਜਿੱਤ ਦੀ ਪੱਕੀ ਆਸ ਬਣ ਰਹੀ ਹੈ ਤੇ ਜਿੱਤਣ ਤੋਂ ਬਾਅਦ ਯੋਯਨਾਬੰਦੀ ਤਿਆਰ ਹੋ ਰਹੀ ਹੈ। ]

ਲੁਧਿਆਣੇ ਦੀ ਮੁਹਿੰਮ ਵਿੱਚ ਡਾ. ਸੁਖਦੇਵ ਸਰਸਾ, ਡਾ. ਸਰਬਜੀਤ ਸਿੰਘ, ਡਾ.ਗੁਲਜਾਰ ਸਿੰਘ ਪੰਧੇਰ, ਡਾ. ਹਰੀ ਸਿੰਘ ਜਾਚਕ, ਗੁਰਸੇਵਕ ਸਿੰਘ ਢਿੱਲੋਂ, ਜਗਵਿੰਦਰ ਜੋਧਾ, ਸੁਰਜੀਤ ਜੱਜ ਸੁਰਿੰਦਰ ਕੈਲੇ, ਜਸਵੀਰ ਝੱਜ, ਹਰਬੰਸ ਮਾਲਵਾ, ਡਾ. ਬਲਵਿੰਦਰ ਔਲਖ, ਤਰਲੋਚਨ ਝਾਂਡੇ, ਡਾ. ਹਰਜੀਤ ਸਿੰਘ ਦਾਖਾ ਤੇ ਗੁਰਮੇਲ ਸਿੰਘ ਭੱਟੀ ਆਦਿ ਸ਼ਾਮਲ ਹੋਏ। ਅਕਾਦਮੀ ਦੇ ਸਾਬਕਾ ਪ੍ਰਧਾਨ ਡਾ. ਸੁਖਦੇਵ ਸਿੰਘ ਸਿਰਸਾ ਨੇ ਬਿਆਨ ਜਾਰੀ ਕਰਕੇ ਕਿਹਾ ਕਿ ਥਾਂ ਥਾਂ ਤੋਂ ਬਹੁਤ ਉਤਸ਼ਾਹ ਜਨਕ ਰਿਪੋਰਟ ਮਿਲ ਰਹੀ ਹੈ ਤੇ ਸਮੁੱਚੀ ਟੀਮ ਦੇ ਜਿੱਤਣ ਦੀ ਪੂਰੀ ਉਮੀਦ ਬੱਝਦੀ ਹੈ।

## ਕਾਤਰਾਂ

### ਮੈਂ ਕਾਂਗਰਸ ਹਾਈਕਮਾਨ ਦੇ ਸੰਪਰਕ 'ਚ ਹਾਂ : ਕੁਲਵੰਤ ਮਲੂਕਾ



**ਭਗਤਾ ਭਾਈ ਕਾ (ਰਾਜੀਵ ਗੋਇਲ)**-ਕਲੇਰ ਇੰਟਰਨੈਸ਼ਨਲ ਪਬਲਿਕ ਸਕੂਲ ਦੇ ਚੇਅਰਮੈਨ ਤੇ ਉੱਘੇ ਸਮਾਜਸੇਵੀ ਕੁਲਵੰਤ ਸਿੰਘ ਮਲੂਕਾ ਇੰਨੀ ਦਿਨੀ ਸਿਆਸਤ ਵਿੱਚ ਸਰਗਰਮ ਹਨ ਤੇ ਹਲਕੇ ਦੇ ਲੋਕਾਂ ਨਾਲ ਰਾਬਤੇ ਅਧੀਨ ਨਜ਼ਰ ਆ ਰਹੇ ਹਨ। ਆਉਂਦੀਆਂ ਵਿਧਾਨ ਸਭਾ ਚੋਣਾਂ ਵਿੱਚ ਚੋਣ ਲੜਨ ਨੂੰ ਲੈ ਕੇ ਸਵਾਲ ਪੁੱਛੇ ਜਾਣ 'ਤੇ ਮਲੂਕਾ ਨੇ ਕਿਹਾ ਕਿ ਉਹ ਕਾਂਗਰਸ ਹਾਈਕਮਾਨ ਦੇ ਸੰਪਰਕ ਵਿੱਚ ਹਨ ਤੇ ਜੇਕਰ ਪਾਰਟੀ ਨੇ ਉਨ੍ਹਾਂ ਨੂੰ ਮੌਕਾ ਦਿੱਤਾ ਤਾਂ ਉਹ ਚੋਣ ਜ਼ਰੂਰ ਲੜਨਗੇ ਤੇ ਹਲਕੇ ਦੇ ਲੋਕਾਂ ਦੀ ਜ਼ਰੂਰ ਸੇਵਾ ਕਰਨਗੇ। ਗਰੀਬ ਲੋਕਾਂ ਦੀ ਵਿੱਤੀ ਸਹਾਇਤਾ ਤੇ ਗਰੀਬ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਸਮੇਤ ਪਿੰਡਾਂ ਵਿੱਚ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਉਨ੍ਹਾਂ ਨੂੰ ਖੇਡਾਂ ਪ੍ਰਤੀ ਪ੍ਰੇਰਿਤ ਕਰਨਾ ਤੇ ਟੂਰਨਾਮੈਂਟ ਕਰਵਾਉਣ ਵਿੱਚ ਵਿੱਤੀ ਸਹਾਇਤਾ ਵਰਗੇ ਕਾਰਜ ਕਰਵਾਉਣ ਵਿੱਚ ਕੁਲਵੰਤ ਸਿੰਘ ਮਲੂਕਾ ਹਮੇਸ਼ਾ ਮੋਹਰੀ ਰਹੇ ਹਨ।

### ਮਰਹੂਮ ਪੱਤਰਕਾਰ ਸੁਨੀਲ ਕੰਧਾਰੀ ਦੀ ਯਾਦ 'ਚ ਅੱਖਾਂ ਦਾ ਚੈੱਕਅਪ ਕੈਂਪ ਭਲਕੇ

**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਸਵਰਗੀ ਪੱਤਰਕਾਰ ਸੁਨੀਲ ਕੰਧਾਰੀ ਦੀ ਮਿੱਠੀ ਯਾਦ ਵਿੱਚ ਭਾਰਤ ਵਿਕਾਸ ਪ੍ਰੀਸ਼ਦ ਸ਼ਾਖਾ ਗੁਰੂ ਹਰਸਹਾਏ ਵੱਲੋਂ ਪਹਿਲਾ ਮੈਗਾ ਮੈਡੀਕਲ ਮੁਫਤ ਚੈੱਕਅੱਪ ਕੈਂਪ 3 ਮਾਰਚ ਨੂੰ ਆਕਾਸ ਹਸਪਤਾਲ ਬਸਤੀ ਗੁਰੂ ਕਰਮ ਸਿੰਘ ਵਿਖੇ ਲਗਾਇਆ ਜਾ ਰਿਹਾ ਹੈ। ਇਸ ਕੈਂਪ ਵਿੱਚ ਅੱਖਾਂ ਦੀਆਂ ਬਿਮਾਰੀਆਂ ਦਾ ਚੈੱਕਅਪ ਕਰਨ ਲਈ ਡਾ. ਵਰਸਾ ਜਿੰਦਲ ਐੱਮ.ਬੀ.ਬੀ.ਐੱਸ, ਐੱਮ. ਐੱਸ. ਓਪਟੀਕਲ ਫਰੀਦਕੋਟ ਵਾਲੇ, ਦਿਮਾਗੀ ਬਿਮਾਰੀਆਂ ਦਾ ਇਲਾਜ ਕਰਨ ਲਈ ਡਾ. ਗੁਲਸ਼ਨ ਨਰੂਲਾ ਐੱਮ.ਬੀ.ਬੀ.ਐੱਸ ਐੱਮ ਡੀ ਤੇ ਫਿਜ਼ਿਓਥੈਰੇਪੀ ਦਾ ਇਲਾਜ ਕਰਨ ਲਈ ਡਾ. ਸਤਨਾਮ ਸਿੰਘ ਤੇ ਡਾ. ਦਵਿੰਦਰ ਸਿੰਘ ਦੁਆਰਾ ਚੈੱਕਅਪ ਕੀਤਾ ਜਾਵੇਗਾ। ਇਸ ਕੈਂਪ ਵਿੱਚ ਜ਼ਰੂਰਤਮੰਦ ਵਿਅਕਤੀਆਂ ਨੂੰ ਦਵਾਈਆਂ ਵੀ ਬਿਲਕੁਲ ਮੁਫਤ ਦਿੱਤੀਆਂ ਜਾਣਗੀਆਂ ਤੇ ਲੋੜੀਂਦੇ ਟੈਸਟ ਵੀ ਮੁਫਤ ਕੀਤੇ ਜਾਣਗੇ।

### ਕੰਪਿਊਟਰ ਅਧਿਆਪਕ ਫਰੰਟ ਦੀ ਡਿਪਟੀ ਸਪੀਕਰ ਨਾਲ ਮੀਟਿੰਗ

**ਜਗਰਾਉਂ (ਸੰਜੀਵ ਅਰੋੜਾ)**-ਕੰਪਿਊਟਰ ਅਧਿਆਪਕ ਫਰੰਟ ਪੰਜਾਬ ਦੀ ਮੀਟਿੰਗ ਸ੍ਰੀ ਜੈ ਕ੍ਰਿਸ਼ਨ ਸਿੰਘ ਰੋੜੀ ਡਿਪਟੀ ਸਪੀਕਰ ਪੰਜਾਬ ਸਰਕਾਰ ਨਾਲ ਸੂਬਾ ਪ੍ਰਧਾਨ ਰੁਪਿੰਦਰ ਸਿੰਘ ਚਾਹਲ ਦੀ ਅਗਵਾਈ ਹੇਠ ਹੋਈ। ਇਸ ਮੀਟਿੰਗ ਵਿੱਚ ਕੰਪਿਊਟਰ ਅਧਿਆਪਕਾਂ ਦੀਆਂ ਵਿਭਾਗੀ ਮੰਗਾਂ ਸੀ. ਐਸ. ਆਰ. ਤੇ ਛੇਵਾਂ ਪੇਅ ਕਮਿਸ਼ਨ ਸਬੰਧੀ ਵਿਸਥਾਰ ਨਾਲ ਚਰਚਾ ਕੀਤੀ ਗਈ। ਇਸ ਤੋਂ ਇਲਾਵਾ ਪਿਛਲੇ ਦਿਨਾਂ ਚ ਲਗਭਗ ਸੌ ਤੋਂ ਵੱਧ ਕੰਪਿਊਟਰ ਅਧਿਆਪਕ, ਜਿਨ੍ਹਾਂ ਦੀ ਮੌਤ ਹੋ ਚੁੱਕੀ ਹੈ, ਉਨ੍ਹਾਂ ਦੇ ਪਰਿਵਾਰਾਂ ਨੂੰ ਬਣਦੀ ਵਿੱਤੀ ਸਹਾਇਤਾ ਤੇ ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਸਬੰਧੀ ਪੱਖ ਜ਼ੋਰਦਾਰ ਢੰਗ ਨਾਲ ਪੇਸ਼ ਕੀਤਾ ਗਿਆ, ਜਿਸ 'ਤੇ ਸ੍ਰੀ ਰੋੜੀ ਨੇ ਕੰਪਿਊਟਰ ਅਧਿਆਪਕ ਫਰੰਟ ਦੇ ਵਫ਼ਦ ਨੂੰ ਇਹ ਵਿਸ਼ਵਾਸ ਦਵਾਇਆ ਕਿ ਆਉਣ ਵਾਲੇ ਸਮੇਂ ਵਿੱਚ ਉਹ ਸਬੰਧਤ ਵਿਭਾਗਾਂ ਨਾਲ ਗੱਲਬਾਤ ਕਰਕੇ ਕੰਪਿਊਟਰ ਅਧਿਆਪਕਾਂ ਦੀਆਂ ਚਿਰ ਤੋਂ ਲਟਕਦੀਆਂ ਮੰਗਾਂ ਦਾ ਹੱਲ ਜਲਦ ਕਰਵਾਉਣਗੇ। ਇਸ ਮੀਟਿੰਗ ਵਿੱਚ ਅਰਵਿੰਦਰ ਸਿੰਘ ਹਵੇਲੀ, ਕੰਪਿਊਟਰ ਅਧਿਆਪਕ ਪੁਸ਼ਪਾਲ ਸਿੰਘ ਗਰੇਵਾਲ ਤੇ ਚੇਤਨ ਭਾਰਗਵ ਹਾਜ਼ਰ ਸਨ।

### ਪ੍ਰਧਾਨ ਮੰਤਰੀ ਵਿਸ਼ਕਰਮਾ ਯੋਜਨਾ ਤਹਿਤ ਤੀਜਾ ਬੈਚ ਸ਼ੁਰੂ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)** ਡਿਪਟੀ ਕਮਿਸ਼ਨਰ ਡਾ. ਸੇਨੂ ਦੁੱਗਲ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸਰਕਾਰੀ ਆਈਟੀਆਈ ਵਿੱਚ ਜ਼ਿਲ੍ਹਾ ਉਦਯੋਗ ਕੇਂਦਰ ਫ਼ਾਜ਼ਿਲਕਾ ਦੇ ਸਹਿਯੋਗ ਨਾਲ ਪ੍ਰਿੰਸੀਪਲ ਅੰਗਰੇਜ਼ ਸਿੰਘ ਨੇ ਪ੍ਰਧਾਨ ਮੰਤਰੀ ਵਿਸ਼ਵਕਰਮਾ ਯੋਜਨਾ ਤਹਿਤ ਤੀਜੇ ਬੈਚ ਦੀ ਸਿਖਲਾਈ ਦੇਣੀ ਸ਼ੁਰੂ ਕਰਾਈ, ਜਿਸ ਵਿੱਚ ਟ੍ਰੇਨਿੰਗ ਲੈਣ ਵਾਲਿਆਂ ਨੇ ਵਧ-ਚੜ੍ਹ ਕੇ ਹਿੱਸਾ ਲਿਆ, ਜਿਸ ਵਿੱਚ ਪ੍ਰਧਾਨ ਮੰਤਰੀ ਵਿਸ਼ਕਰਮਾ ਯੋਜਨਾ ਤਹਿਤ ਸਿਖਲਾਈ ਦਿੱਤੀ ਜਾ ਰਹੀ ਹੈ। ਜਸਵਿੰਦਰ ਸਿੰਘ ਵੱਲੋਂ ਟ੍ਰੇਨਿੰਗ ਲੈਣ ਵਾਲੇ ਸਿਖਿਆਰਥੀਆਂ ਨੂੰ ਵਧੀਆ ਢੰਗ ਨਾਲ ਟ੍ਰੇਨਿੰਗ ਕਰਨ ਤੇ ਇਸ ਟ੍ਰੇਨਿੰਗ ਦੇ ਫ਼ਾਇਦਿਆਂ ਬਾਰੇ ਦੱਸਿਆ ਅਤੇ ਕਿਹਾ ਕਿ ਇਹ ਟ੍ਰੇਨਿੰਗ ਲੈ ਕੇ ਉਹ ਆਪਣਾ ਕੰਮ ਹੋਰ ਵਧੀਆ ਤਰੀਕੇ ਨਾਲ ਕਰ ਸਕਦੇ ਹਨ। ਉਨ੍ਹਾਂ ਪ੍ਰਿੰਸੀਪਲ ਅੰਗਰੇਜ਼ ਸਿੰਘ ਦਾ ਧੰਨਵਾਦ ਕੀਤਾ ਕਿ ਉਨ੍ਹਾਂ ਨੂੰ ਆਪਣੇ ਜ਼ਿਲ੍ਹੇ ਵਿੱਚ ਹੀ ਅਜਿਹੀ ਟ੍ਰੇਨਿੰਗ ਕਰਨ ਦਾ ਮੌਕਾ ਮਿਲਿਆ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਟ੍ਰੇਨਿੰਗ ਅਫ਼ਸਰ ਸ੍ਰੀਮਤੀ ਪੁਨੀਤਾ ਗੋਇਲ, ਟ੍ਰੇਨਿੰਗ ਅਫ਼ਸਰ ਸ੍ਰੀ ਮਦਨ ਲਾਲ, ਟ੍ਰੇਨਿੰਗ ਅਫ਼ਸਰ ਰਮੇਸ਼ ਕੁਮਾਰ, ਮਾਸਟਰ ਟ੍ਰੇਨਰ ਪਰਮਿੰਦਰ ਕੌਰ, ਟ੍ਰੇਨਿੰਗ ਅਫ਼ਸਰ ਹਰਕਰਨ ਸਿੰਘ, ਪ੍ਰੋਗਰਾਮ ਅਫ਼ਸਰ ਗੁਰਜੰਟ ਸਿੰਘ, ਰਣਜੀਤ ਸਿੰਘ ਰਾਣਾ ਮਿੱਡਾ ਤੇ ਅੰਮ੍ਰਿਤਪਾਲ ਸਮੇਤ ਸਮੂਹ ਸਟਾਫ਼ ਹਾਜ਼ਰ ਸੀ।

### ਨੈਸ਼ਨਲ ਪੱਧਰ ਦਾ ਸੈਮੀਨਾਰ 9 ਨੂੰ

ਮਲੋਟ, (ਗੁਰਮੀਤ ਸਿੰਘ ਮੱਕੜ) ਪਿੰਡ ਥੇਹੜੀ ਸਾਹਿਬ ਦੇ ਗੁਰੂ ਰਾਮਦਾਸ ਗਰੁੱਪ ਆਫ਼ ਕਾਲਜਸ ਵਿਖੇ 9 ਮਾਰਚ ਨੂੰ ਨੈਸ਼ਨਲ ਪੱਧਰ ਦੇ ਸੈਮੀਨਾਰ ਦਾ ਆਯੋਜਨ ਕੀਤਾ ਜਾ ਰਿਹਾ ਹੈ, ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਡਾ. ਸੁਨੀਲ ਬਾਂਸਲ ਐਸ.ਐਮ.ਓ. ਸਿਵਲ ਹਸਪਤਾਲ ਮਲੋਟ, ਸੁਸ਼ੀਲ ਬਾਂਸਲ ਪ੍ਰਧਾਨ ਪੰਜਾਬ ਸਟੇਟ ਫਾਰਮੇਸੀ ਕੌਂਸਲ ਮੋਹਾਲੀ ਤੇ ਡਾ. ਰਸ਼ਮੀ ਚਾਵਲਾ ਐਸ.ਐਮ.ਓ ਸਿਵਲ ਹਸਪਤਾਲ, ਗਿੱਦੜਬਾਹਾ ਸ਼ਿਰਕਤ ਕਰਨਗੇ। ਸੈਮੀਨਾਰ ਦੌਰਾਨ ਪਹੁੰਚ ਰਹੇ ਬੁਲਾਰੇ ਸ਼੍ਰੀ ਅਵੈਸ ਅੰਬਰ, ਡਾ. ਸੁਰੇਸ਼ ਕੁਮਾਰ, ਡਾ. ਪੁਨੀਤ ਬਾਂਸਲ ਤੇ ਡਾ. ਰਾਜੀਵ ਚਾਵਲਾ ਵੱਲੋਂ ਆਪਣੇ ਵਿਚਾਰ ਸਾਂਝੇ ਕੀਤੇ ਜਾਣਗੇ।

# ਸਾਥੀ ਕੁਲਵੰਤ ਸਿੰਘ ਕਿਸ਼ਨਗੜ੍ਹ ਦੀ ਸੇਵਾ ਮੁਕਤੀ ਮੌਕੇ ਸਨਮਾਨ ਸਮਾਰੋਹ

**ਬੁਢਲਾਡਾ (ਅਸ਼ੋਕ ਲਾਕੜਾ)**

ਲੋਕ ਘੋਲਾਂ ਦੇ ਜੁਝਾਰੂ ਸਾਥੀ ਕੁਲਵੰਤ ਸਿੰਘ ਕਿਸ਼ਨਗੜ੍ਹ ਖੇਤੀਬਾੜੀ ਸਹਿਕਾਰੀ ਸਭਾ ਵਿੱਚ 35 ਸਾਲ ਤੱਕ ਬੇਦਾਗ ਸੇਵਾ ਕਰਨ ਉਪਰੰਤ ਸੇਵਾਮੁਕਤ ਹੋਇਆ। ਇਸ ਦੌਰਾਨ ਬਤੌਰ ਸੇਲਜ਼ਮੈਨ ਅਤੇ ਸਕੱਤਰ ਦੀ ਜ਼ਿੰਮੇਵਾਰੀ ਬਹੁਤ ਹੀ ਇਮਾਨਦਾਰੀ ਤੇ ਜ਼ਿੰਮੇਵਾਰੀ ਨਾਲ ਨਿਭਾਈ। ਬਹੁਤ ਹੀ ਸਾਦਾ ਪ੍ਰਭਾਵਸ਼ਾਲੀ ਸਨਮਾਨ ਸਮਾਗਮ ਉਸ ਦੇ ਗ੍ਰਹਿ ਵਿਖੇ ਕਰਾਇਆ ਗਿਆ। ਸੈਂਕੜੇ ਦੀ ਤਾਦਾਦ ਵਿੱਚ ਭਾਕਿਯੂ ਏਕਤਾ (ਡਕੌਂਦਾ) ਦੇ ਆਗੂਆਂ ਵਰਕਰਾਂ, ਇਨਕਲਾਬੀ ਜਮਹੂਰੀ ਲਹਿਰ ਦੀਆਂ ਅਹਿਮ ਸ਼ਖ਼ਸੀਅਤਾਂ, ਸਹਿਕਾਰੀ ਸਭਾਵਾਂ ਦੀ ਜਥੇਬੰਦੀ, ਟੀਐਸਯੂ, ਡੀਟੀਐਫ, ਜਮਹੂਰੀ ਅਧਿਕਾਰ ਸਭਾ, ਇਲਾਕੇ ਭਰ ਦੀਆਂ ਸਮਾਜ ਸੇਵੀ ਸੰਸਥਾਵਾਂ, ਪੰਚਾਇਤਾਂ ਦੇ ਨੁਮਾਇੰਦਿਆਂ, ਰਿਸ਼ਤੇਦਾਰ ਸਾਕ ਸਬੰਧੀਆਂ ਨੇ ਸ਼ਮੂਲੀਅਤ ਕੀਤੀ।



ਸਨਮਾਨ ਸਮਾਰੋਹ ਦੀ ਸ਼ੁਰੂਆਤ ਭਾਕਿਯੂ ਏਕਤਾ (ਡਕੌਂਦਾ) ਦੇ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਅਕਲੀਆ ਵੱਲੋਂ ਸ਼ਬਦਾਂ ਦੇ ਮੋਤੀ ਦੇ ਰੂਪ ਵਿੱਚ ਉੱਕਰੇ ਹੋਏ ਮਾਣਮੱਤੇ, ਸਨਮਾਨ ਪੱਤਰ ਦੇ ਰੂਪ ਵਿੱਚ ਪੜ੍ਹਦਿਆਂ ਕੀਤੀ। ਇਨਕਲਾਬੀ ਕੇਂਦਰ ਪੰਜਾਬ ਦੇ ਪ੍ਰਧਾਨ ਸਾਥੀ ਨਰਾਇਣ ਦੱਤ ਨੇ ਪਰਵਾਰ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਕੁਲਵੰਤ ਕਿਸ਼ਨਗੜ੍ਹ ਨੂੰ ਲੋਕ ਸਰੋਕਾਰਾਂ ਦੀ ਗੁੜ੍ਹਤੀ ਪਰਵਾਰਕ ਪਿਛੋਕੜ ਤੇ ਚੜ੍ਹਦੀ ਉਮਰੇ ਵਿਦਿਆਰਥੀਆਂ ਦੀ ਇਨਕਲਾਬੀ ਜਥੇਬੰਦੀ ਪੰਜਾਬ ਸਟੂਡੈਂਟਸ ਯੂਨੀਅਨ ਤੋਂ ਲੱਗੀ, ਜਿਸਦਾ ਉਹ ਆਈ ਟੀ ਆਈ ਤੇ ਗੁਰੂ ਨਾਨਕ ਕਾਲਜ, ਬੁਢਲਾਡਾ ਵਿੱਚ ਪੜ੍ਹਦੇ ਸਮੇਂ ਸਰਗਰਮ ਕਾਰਕੁੰਨ ਸੀ। ਇਥੋਂ ਹਾਸਲ ਹੋਏ ਵਿਗਿਆਨਕ ਵਿਚਾਰਧਾਰਾ ਤੇ ਪ੍ਰੀਵਾਰ ਵਿੱਚੋਂ ਹਾਸਲ ਹੋਈ ਸੰਗਰਾਮਾਂ ਦੀ ਗੁੜ੍ਹਤੀ ਨੇ ਉਹ ਨੂੰ ਲੋਕ ਘੋਲਾਂ ਦਾ ਜੁਝਾਰੂ ਆਗੂ ਬਨਾਉਣ ਵਿੱਚ ਅਹਿਮ ਰੋਲ ਅਦਾ ਕੀਤਾ ਹੈ। ਮਾਤਾ ਗੋਬਿੰਦ ਕੌਰ ਦੀ ਕੁੱਖੋਂ ਪਿਤਾ ਜੋਗਿੰਦਰ ਸਿੰਘ ਧਾਲੀਵਾਲ ਦੇ ਘਰ ਜਨਮੇ ਪਿੰਡ ਕਿਸ਼ਨਗੜ੍ਹ ਜ਼ਿਲ੍ਹਾ ਬਠਿੰਡਾ (ਹੁਣ ਮਾਨਸਾ) ਪੈਪਸੂ ਮੁਜਾਰਾ ਲਹਿਰ ਦੀ ਰਾਜਧਾਨੀ ਵਜੋਂ ਜਾਣੀ ਜਾਂਦੀ ਕੁਲਵੰਤ ਦੀ ਜੰਮਣ ਭੋਇੰ ਵਿੱਚ ਉਹਦੇ ਪੁਰਖਿਆਂ ਵੱਲੋਂ ਲੜੀਆਂ ਗਈਆਂ ਲੜਾਈਆਂ ਤੇ ਕੀਤੀਆਂ ਕੁਰਬਾਨੀਆਂ ਦੀ ਵਿਰਾਸਤੀ ਲੋਅ ਕੁਲਵੰਤ ਨੂੰ ਵਿਰਸੇ ਵਿੱਚ ਮਿਲੀ। ਸਾਦਾ ਪਰ ਅਰਥ ਭਰਪੂਰ ਸਨਮਾਨ ਸਮਾਰੋਹ ਨੂੰ ਸੰਬੋਧਨ ਕਰਦਿਆਂ ਭਾਕਿਯੂ ਏਕਤਾ (ਡਕੌਂਦਾ) ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਰਾਮਪੁਰਾ ਨੇ ਕਿਹਾ ਕਿ ਇਨਕਲਾਬੀ ਵਿਰਾਸਤ ਨੂੰ ਸਾਥੀ ਕੁਲਵੰਤ ਨੇ ਘੁੱਟ ਕੇ ਹਿੱਕ ਨਾਲ ਲਾਇਆ ਅਤੇ ਪੂਰੇ ਜ਼ੋਰ-ਸ਼ੋਰ ਨਾਲ ਬੁਲੰਦ ਕੀਤਾ। ਸਾਥੀ ਰਣਜੀਤ ਲਹਿਰਾ ਨੇ ਕਿਹਾ ਕਿ ਇਸ ਅਹੁਦੇ ਦੀ ਸ਼ਾਨ ਸਲਾਮਤ ਰੱਖਣ ਲਈ ਕੁਲਵੰਤ ਕਿਸ਼ਨਗੜ੍ਹ ਨੇ ਪੰਜ ਵਾਰ ਜੇਲ੍ਹ ਯਾਤਰਾ ਕੀਤੀ ਹੈ। ਇਰਾਦਾ ਕਤਲ ਸਮੇਤ ਦਰਜਨ ਤੋਂ ਵਧੇਰੇ ਪੁਲਸ ਕੇਸਾਂ ਦਾ ਪੂਰੀ ਸਿਦਕਦਿਲੀ ਨਾਲ ਸਾਹਮਣਾ ਕੀਤਾ ਹੈ। ਨਾ ਸਿਰਫ਼ ਕੁਲਵੰਤ ਸਗੋਂ ਉਹਦੀ ਪਤਨੀ ਬੀਬੀ ਮਨਜੀਤ ਕੌਰ ਤੇ ਵੱਡੀ ਭਰਜਾਈ ਬੀਬੀ ਸੁਰਜੀਤ ਕੌਰ ਵੀ ਅਗਵਾਨੂੰ ਰੋਲ ਨਿਭਾਅ ਰਹੀਆਂ ਹਨ।

ਲੋਕ ਹਿੱਤਾਂ ਉੱਪਰ ਡਟ ਕੇ ਪਹਿਰਾ ਦੇਣ ਵਾਲੇ ਕਾਫ਼ਲਿਆਂ ਦੀ ਅਗਵਾਈ ਕਰਦਾ ਸਾਡਾ ਕੁਲਵੰਤ ਦੁਸ਼ਮਣਾਂ ਦੀ ਅੱਖ ਵਿੱਚ ਰੜਕਦਾ ਰੋੜ ਹੈ। ਸਾਥੀ ਕੁਲਵੰਤ ਲੋਕ ਮੁਕਤੀ ਦੇ ਨਿਸ਼ਾਨੇ, ਨਵਾਂ ਲੋਕ ਪੱਖੀ ਸਮਾਜ ਸਿਰਜਣ ਲਈ ਚੱਲ ਰਹੀ ਜਮਾਤੀ ਜੱਦੋਜਹਿਦ ਵਿੱਚ ਅਹਿਮ ਭੂਮਿਕਾ ਨਿਭਾ ਰਿਹਾ ਹੈ। ਸਾਥੀ ਕੁਲਵੰਤ ਕਿਸ਼ਨਗੜ੍ਹ ਦੇ ਅਦਾਰੇ ਸਹਿਕਾਰੀ ਸਭਾਵਾਂ ਯੂਨੀਅਨ ਆਗੂ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਉਹ ਆਪਣੇ ਸੁਝਵਾਨ, ਦ੍ਰਿੜ ਤੇ ਜੁਝਾਰੂ ਸਾਥੀ ਕੁਲਵੰਤ ਸਿੰਘ ਕਿਸ਼ਨਗੜ੍ਹ ਨੂੰ ਸਨਮਾਨਤ ਕਰਦਿਆਂ ਬੇਹੱਦ ਖੁਸ਼ੀ ਤੇ ਮਾਣ ਮਹਿਸੂਸ ਕਰ ਰਿਹਾ ਹੈ। ਬਹੁਤ ਸਾਰੀਆਂ ਸੰਸਥਾਵਾਂ ਨੇ ਸਨਮਾਨ ਚਿੰਨ੍ਹ ਦੇ ਕੇ ਕੁਲਵੰਤ ਕਿਸ਼ਨਗੜ੍ਹ ਤੇ ਉਸ ਦੀ ਜੀਵਨ ਸਾਥਣ ਮਨਜੀਤ ਕੌਰ ਦਾ ਸਨਮਾਨ ਕੀਤਾ।

# ਨਵੇਂ ਬਣੇ ਅੰਬੇਡਕਰ ਚੌਕ ਨੂੰ ਸ਼ਰਾਰਤੀਆਂ ਨੇ ਪਹੁੰਚਾਇਆ ਨੁਕਸਾਨ



**ਜਗਰਾਉਂ (ਸੰਜੀਵ ਅਰੋੜਾ)**

ਚੂੰਗੀ ਨੰਬਰ 5 'ਤੇ ਡਾ: ਬੀ. ਆਰ. ਅੰਬੇਡਕਰ ਚੌਕ ਤੇ ਬੁੱਤ ਬਣਾਇਆ ਗਿਆ ਹੈ, ਜਿਸ ਦਾ ਉਦਘਾਟਨ ਹਲਕਾ ਵਿਧਾਇਕ ਬੀਬੀ ਸਰਬਜੀਤ ਕੌਰ ਮਾਣੂੰਕੇ ਤੇ ਸਮੂਹ ਮਿਊਂਸਪਲ ਕਮੇਟੀ ਮੈਂਬਰਾਂ ਨੇ ਕੀਤਾ ਸੀ। ਦੇਖਣ ਵਿੱਚ ਆਇਆ ਹੈ ਕਿ ਪਿਛਲੇ ਪੰਜ ਦਿਨਾਂ ਵਿੱਚ ਦੋ ਵਾਰ ਕਿਸੇ ਸ਼ਰਾਰਤੀ ਵਿਅਕਤੀਆਂ ਨੇ ਚੌਕ ਦੀ ਚਾਰਦੀਵਾਰੀ ਨੂੰ ਗੱਡੀ ਜਾਂ ਕੋਈ ਹੋਰ ਸਾਧਨ ਮਾਰ ਕੇ ਬੁਰੀ ਤਰ੍ਹਾਂ ਤੋੜਿਆ ਗਿਆ ਹੈ, ਜਿਸ ਦਾ ਜਗਰਾਉਂ ਦੇ ਬਹੁਜਨ ਸਮਾਜ ਨੇ ਨੋਟਿਸ ਲਿਆ ਹੈ, ਕਿਉਂਕਿ ਸੰਵਿਧਾਨ ਨਿਰਮਾਤਾ, ਦੇਸ਼ ਦੇ ਪਹਿਲੇ ਕਾਨੂੰਨ ਮੰਤਰੀ ਤੇ ਭਾਰਤ ਰਤਨ ਬਾਬਾ ਸਾਹਿਬ ਡਾ: ਬੀ. ਆਰ. ਅੰਬੇਡਕਰ ਦੇ ਚੌਕ ਨੂੰ ਤੋੜਣ ਦੀ ਕੋਸ਼ਿਸ਼ ਨਾਲ ਸਮਾਜ ਦੀਆਂ ਭਾਵਨਾਵਾਂ ਨੂੰ ਡੂੰਘੀ ਠੇਸ ਪਹੁੰਚੀ ਹੈ। ਇਸ ਸਬੰਧੀ ਅੰਬੇਡਕਰ ਫੌਜ ਵੱਲੋਂ ਮੰਗ ਪੱਤਰ ਦੇ ਕੇ ਇਸ ਚੌਕ ਨੂੰ ਨੁਕਸਾਨ ਪਹੁੰਚਾਉਣ ਵਾਲੇ ਸ਼ਰਾਰਤੀ ਅਨਸਰਾਂ ਦਾ ਜਲਦ ਤੋਂ ਜਲਦ ਪਤਾ ਲਗਾ ਕੇ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ ਤੇ ਜੁਰਮਾਨਾ ਵੀ ਕੀਤਾ ਜਾਣ ਬਾਰੇ ਲਿਖਿਆ ਗਿਆ ਹੈ।

ਉਨ੍ਹਾ ਕਿਹਾ ਕਿ ਚੌਕ ਦੇ ਰੱਖ ਰਖਾਵ ਲਈ ਜ਼ਰੂਰੀ ਪ੍ਰਬੰਧ ਕੀਤੇ ਜਾਣ। ਇਸ ਮੌਕੇ ਪ੍ਰਧਾਨ ਅਮਰਜੀਤ ਸਿੰਘ ਚੀਮਾ, ਡਾ. ਜਸਵੀਰ ਸਿੰਘ, ਮਸਤਾਨ ਸਿੰਘ, ਅਮਨਦੀਪ ਸਿੰਘ ਗੁੜੇ, ਦਵਿੰਦਰ ਸਿੰਘ ਸਲੇਮਪੁਰੀ, ਰਛਪਾਲ ਸਿੰਘ ਗਾਲਿਬ, ਮਾ. ਸ਼ਿੰਗਾਰਾ ਸਿੰਘ, ਕਾਂਤਾ ਰਾਣੀ, ਰਾਜਿੰਦਰ ਸਿੰਘ ਧਾਲੀਵਾਲ, ਮੈਨੇਜਰ ਬਲਵਿੰਦਰ ਸਿੰਘ, ਸੁਰਿੰਦਰ ਸਿੰਘ, ਹਰਨੇਕ ਸਿੰਘ ਗੁਰੂ, ਅਮਰ ਨਾਥ ਕਲਿਆਣ, ਸਤੀਸ਼ ਕੁਮਾਰ ਪੱਪੂ, ਅਮਿਤ ਕੁਮਾਰ, ਡਾ. ਸੁਰਜੀਤ ਸਿੰਘ ਦੌਧਰ, ਡਾ. ਹਰਪ੍ਰੀਤ ਸਿੰਘ ਅਖਾੜਾ, ਤਰਸੇਮ ਸਿੰਘ ਅਲੀਗੜ੍ਹ, ਮਾ. ਸਤਨਾਮ ਸਿੰਘ ਹਠੂਰ ਤੇ ਸੂਬੇਦਾਰ ਸਾਧੂ ਸਿੰਘ ਆਦਿ ਹਾਜ਼ਰ ਸਨ।

# ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਧਾਰਮਿਕ ਸਮਾਗਮ ਭਲਕੇ

## ਗੁਰਦੁਆਰਾ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਖੇ ਅਖੰਡ ਪਾਠ ਅਰੰਭ



**ਨਾਭਾ (ਵਰਿੰਦਰ ਵਰਮਾ)**-ਯੂਥ ਕਲਚਰ ਐਂਡ ਵੈੱਲਫੇਅਰ ਕਲੱਬ ਨਾਭਾ ਵੱਲੋਂ ਆਜ਼ਾਦ ਵੈੱਲਫੇਅਰ ਐਂਡ ਸਪੋਰਟਸ ਕਲੱਬ ਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਜਸਵੀਰ ਸਿੰਘ ਜੱਸੀ ਸੋਹੀਆਂ ਵਾਲਾ ਦੀ ਅਗਵਾਈ ਹੇਠ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਕਰਵਾਏ ਜਾ ਰਹੇ 12ਵੇਂ ਧਾਰਮਿਕ ਸਮਾਗਮ ਸਬੰਧੀ ਅੱਜ ਗੁਰੂ ਤੇਗ ਬਹਾਦਰ ਨਗਰ ਚੌਧਰੀ ਮਾਜਰਾ ਰੋਡ ਨਾਭਾ ਵਿਖੇ ਆਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਜਸਵੀਰ ਸਿੰਘ ਜੱਸੀ ਸੋਹੀਆਂ ਵਾਲਾ ਨੇ ਦੱਸਿਆ ਕਿ 3 ਮਾਰਚ ਨੂੰ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਭਾਈ ਭਗਵੰਤ ਸਿੰਘ ਢੀਂਡਸਾ ਵਾਲੇ ਕਥਾ ਕੀਰਤਨ ਜ਼ਰੀਏ ਸੰਗਤਾਂ ਨੂੰ ਨਿਹਾਲ ਕਰਨਗੇ ਤੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਬਾਰੇ ਚਾਨਣਾ ਪਾਉਣਗੇ ਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਸਮਾਗਮ ਦੀ ਆਰੰਭਤਾ ਮੌਕੇ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਬਾਬਾ ਬਲਜਿੰਦਰ ਸਿੰਘ, ਕਲੱਬ ਦੇ ਸੀਨੀਅਰ ਮੀਤ ਪ੍ਰਧਾਨ ਪ੍ਰਗਟ ਸਿੰਘ ਗੈਬੀ, ਬਲਵੀਰ ਸਿੰਘ ਗਰੇਵਾਲ, ਗੁਰਦੀਪ ਸਿੰਘ ਦੀਪ, ਜਸਕਰਨਵੀਰ ਸਿੰਘ ਤੇਜੇ, ਹਰਜੀਤ ਸਿੰਘ ਹੈਪੀ, ਬਿਕਰਮਜੀਤ ਸਿੰਘ ਵਿੱਕੀ, ਹਰਦੀਪ ਸਿੰਘ ਸਹੋਤਾ, ਮਾ. ਦਰਸ਼ਨ ਸਿੰਘ, ਡਾ. ਰਾਮ ਚੰਦ, ਉੱਤਮ ਸਿੰਘ, ਦਲਬਾਰਾ ਸਿੰਘ ਟੋਡਰਵਾਲ, ਕਰਨ ਕੈਰੋਂ, ਹਰਪ੍ਰੀਤ ਸਿੰਘ ਚੌਹਾਨ, ਆਸੂਪ੍ਰੀਤ ਸਿੰਘ ਵਾਲੀਆ, ਭਗਵਾਨ ਸਿੰਘ, ਜੋਰਾ ਸਿੰਘ, ਜਗਤਾਰ ਸਿੰਘ ਆਦਿ ਤੇ ਹੋਰ ਸੰਗਤਾਂ ਮੌਜੂਦ ਸਨ।

# ਉੱਘੇ ਕਾਰੋਬਾਰੀ ਅਸ਼ਵਨੀ ਬਿੰਦਰਾ ਦਾ ਦੇਹਾਂਤ

## ਵਿਧਾਇਕ ਦਹੀਆ ਸਮੇਤ ਰਾਜਨੀਤਿਕ ਤੇ ਸਮਾਜਿਕ ਆਗੂਆਂ ਵੱਲੋਂ ਪਰਵਾਰ ਨਾਲ ਦੁੱਖ ਸਾਂਝਾ



**ਮਮਦੋਟ (ਜਸਬੀਰ ਸਿੰਘ ਕੰਬੋਜ, ਹਰਪਾਲ ਸੋਢੀ)**-ਕਸਬਾ ਮਮਦੋਟ ਦੇ ਆੜ੍ਹਤੀਏ ਤੇ ਉੱਘੇ ਕਾਰੋਬਾਰੀ ਅਸ਼ਵਨੀ ਕੁਮਾਰ ਬਿੰਦਰਾ ਦਾ ਬੀਤੇ ਦਿਨੀਂ ਸੰਖੇਪ ਬਿਮਾਰੀ ਤੋਂ ਬਾਅਦ ਦੇਹਾਂਤ ਹੋ ਗਿਆ। ਇਸ ਦੁੱਖ ਦੀ ਘੜੀ ਵਿੱਚ ਐਡਵੋਕੇਟ ਰਜਨੀਸ਼ ਦਹੀਆ ਐੱਮ ਐੱਲ ਏ ਹਲਕਾ ਫਿਰੋਜ਼ਪੁਰ ਦਿਹਾਤੀ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਬਲਰਾਜ ਸਿੰਘ ਸੰਧੂ, ਦਲਜੀਤ ਸਿੰਘ ਬਾਬਾ ਸੁਰਿੰਦਰ ਕੁਮਾਰ ਸੋਨੂ ਸੇਠੀ, ਬਲਵਿੰਦਰ ਸਿੰਘ ਲੱਡੂ ਹਜ਼ਾਰਾ, ਸੰਜੀਵ ਕੁਮਾਰ (ਚਿੰਟੂ) ਧਵਨ ਬਲਾਕ ਪ੍ਰਧਾਨ ਸ਼ਹਿਰੀ, ਉਪਿੰਦਰ ਸਿੰਘ ਸਿੱਧੀ ਪ੍ਰਧਾਨ ਨਗਰ ਪੰਚਾਇਤ ਮਮਦੋਟ, ਡਾਕਟਰ ਸੁਖਵਿੰਦਰ ਸਿੰਘ ਸੋਸ਼ਲ ਮੀਡੀਆ ਇੰਚਾਰਜ ਆਮ ਆਦਮੀ ਪਾਰਟੀ, ਡਾਕਟਰ ਦਲਜੀਤ ਸਿੰਘ ਜੋਸਨ, ਬਲਵਿੰਦਰ ਸਿੰਘ ਰਾਉਕੇ, ਬਲਵੀਰ ਸਿੰਘ ਫੱਤੇਵਾਲਾ ਤੇ ਜਸਬੀਰ ਸਿੰਘ ਚੇਅਰਮੈਨ ਐੱਸ ਐੱਮ ਸੀ ਵੱਲੋਂ ਅਸ਼ਵਨੀ ਕੁਮਾਰ ਬਿੰਦਰਾ ਦੇ ਪਰਿਵਾਰਕ ਮੈਂਬਰ ਕ੍ਰਿਸ਼ਨ ਬਿੰਦਰਾ, ਬੌਬੀ ਬਿੰਦਰਾ, ਜੱਜ ਬਿੰਦਰਾ, ਪ੍ਰਦੀਪ ਕੁਮਾਰ ਬਿੰਦਰਾ, ਰਕੇਸ਼ ਕੁਮਾਰ ਬਿੰਦਰਾ ਤੇ ਵਿਜੇ ਕੁਮਾਰ ਬਿੰਦਰਾ ਨਾਲ ਦੁੱਖ ਸਾਂਝਾ ਕਰਦਿਆਂ ਹਮਦਰਦੀ ਦਾ ਪ੍ਰਗਟਾਵਾ ਕੀਤਾ। ਇਸੇ ਤਰ੍ਹਾਂ ਕੁਲਦੀਪ ਸਿੰਘ ਲਹੋਰੀਆ ਪ੍ਰਧਾਨ ਆੜ੍ਹਤੀਆ ਯੂਨੀਅਨ ਮਮਦੋਟ, ਹਰਚਰਨ ਸਿੰਘ ਵੈਰੜ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਮਮਦੋਟ, ਗੁਰਬਚਨ ਸਿੰਘ ਖਾਰਾ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਮਮਦੋਟ, ਜੋਗਾ ਸਿੰਘ ਮੁਰਕ ਵਾਲਾ ਸਾਬਕਾ ਵਾਈਸ ਚੇਅਰਮੈਨ, ਬਲਾਕ ਸੰਮਤੀ ਮਮਦੋਟ, ਜਗਦੀਸ਼ ਕੁਮਾਰ (ਰਾਜੂ) ਚਾਵਲਾ, ਅਸ਼ੋਕ ਕੁਮਾਰ ਨਾਰੰਗ, ਪਵਨ ਕੁਮਾਰ ਦੁਗਲ, ਅਸ਼ੋਕ ਸਹਿਗਲ, ਹਰਦੇਵ ਪ੍ਰਕਾਸ਼ (ਨੀਟਾ) ਸੇਠੀ ਮੈਡੀਕਲ ਮਮਦੋਟ, ਹਰਭਜਨ ਸਿੰਘ ਜੋਧਪੁਰ, ਬਲਦੇਵ ਰਾਜ ਸਰਮਾ ਸਰਪ੍ਰਸਤ ਪ੍ਰੈੱਸ ਕਲੱਬ ਮਮਦੋਟ ਰਵਿੰਦਰ ਸਿੰਘ ਕਾਲਾ ਪ੍ਰਧਾਨ ਪ੍ਰੈੱਸ ਕਲੱਬ ਮਮਦੋਟ, ਗੁਰਪ੍ਰੀਤ ਸਿੰਘ ਸੰਧੂ ਸਮੇਤ ਵੱਡੀ ਗਿਣਤੀ ਵਿੱਚ ਵੱਖ-ਵੱਖ ਸਮਾਜਿਕ ਤੇ ਰਾਜਨੀਤਕ ਆਗੂਆਂ ਤੇ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਨੇ ਬਿੰਦਰਾ ਪਰਵਾਰ ਨਾਲ ਹਮਦਰਦੀ ਪ੍ਰਗਟ ਕਰਦੇ ਹੋਏ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ।

# ਵਿਧਾਇਕ ਸਰਾਰੀ ਨੇ ਵੱਖ-ਵੱਖ ਪਿੰਡਾਂ 'ਚ ਰੱਖੇ ਵਿਕਾਸ ਕਾਰਜਾਂ ਦੇ ਨੀਂਹ ਪੱਥਰ

## ਹਲਕੇ 'ਚ ਵੱਡੀ ਪੱਧਰ 'ਤੇ ਹੋਣਗੇ ਵਿਕਾਸ ਕਾਰਜ



**ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)**

ਮੁੱਖ ਮੰਤਰੀ ਭਗਵੰਤ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਰਾਜ ਵਿੱਚ ਵਿਕਾਸ ਕਾਰਜਾਂ ਨੂੰ ਵਿਸ਼ੇਸ਼ ਤਰਜੀਹ ਦੇ ਰਹੀ ਹੈ। ਇਸੇ ਲੜੀ ਤਹਿਤ ਗੁਰੂ ਹਰਸਹਾਏ ਦੇ ਵਿਧਾਇਕ ਫੌਜਾ ਸਿੰਘ ਸਰਾਰੀ ਨੇ ਹਲਕੇ ਦੇ ਪਿੰਡ ਨੱਥੂ ਚਿਸਤੀ, ਪੀਰੇ ਕੇ ਉਤਾੜ, ਬੋਦਲ ਪੀਰੇ ਕੇ, ਬਲੇਲ ਕੇ ਕਾਮਲ, ਮਿੱਡਾ, ਬਲੇਲ ਕੇ ਰਹੇਲਾ, ਬਲੇਲ ਕੇ ਉਤਾੜ, ਥਾਰਾ ਸਿੰਘ ਵਾਲਾ, ਦੁੱਲੇ ਕੇ ਗੈਰ-ਆਬਾਦ, ਸ਼ਮਸਦੀਨ ਚਿਸਤੀ, ਸ਼ੇਰ ਮੁਹੰਮਦ, ਰਾਣਾ ਪੰਜ ਗਰਾਈ, ਪੰਜੇ ਕੇ ਉਤਾੜ, ਵਾਸਲ ਮੋਹਨ ਕੇ, ਸੋਹਣਗੜ੍ਹ ਰੱਤੇਵਾਲਾ ਤੇ ਕੋਹਰ ਸਿੰਘ ਵਾਲਾ ਵਿਖੇ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖੇ। ਵਿਧਾਇਕ ਫੌਜਾ ਸਿੰਘ ਸਰਾਰੀ ਨੇ ਦੱਸਿਆ ਕਿ ਹਲਕੇ ਦੇ ਇਨ੍ਹਾਂ ਵੱਖ-ਵੱਖ ਪਿੰਡਾਂ ਦੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਕਰੋੜਾਂ ਰੁਪਏ ਦੀ ਗ੍ਰਾਂਟ ਨਾਲ ਸੂਬੇ ਦੇ ਵਿਕਾਸ ਕਾਰਜ ਕੀਤੇ ਜਾ ਰਹੇ ਹਨ। ਇਸ ਦੇ ਤਹਿਤ ਸਾਡੇ ਹਲਕੇ ਦੇ ਪਿੰਡਾਂ ਦੇ ਵਿਕਾਸ ਕਾਰਜ ਵੀ ਹੋਣਗੇ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿੰਡ ਦੀ ਸਾਫ ਸਫਾਈ ਤੋਂ ਇਲਾਵਾ ਪਿੰਡ ਦੀਆਂ ਗਲੀਆਂ, ਨਾਲੀਆਂ ਪੱਕੀਆਂ ਕਰਨ ਤੋਂ ਇਲਾਵਾ ਹੋਰ ਵਿਕਾਸ ਦੇ ਸਾਰੇ ਕੰਮ ਨੇਪਰੇ ਚਾੜ੍ਹੇ ਜਾਣਗੇ। ਉਨ੍ਹਾ ਕਿਹਾ ਕਿ ਸੂਬੇ ਦਾ ਕੋਈ ਵੀ ਪਿੰਡ ਵਿਕਾਸ ਪੱਖੋਂ ਵਾਂਝਾ ਨਹੀਂ ਰਹਿਣ ਦਿੱਤਾ ਜਾਵੇਗਾ। ਉਹ ਪਾਰਟੀਬਾਜ਼ੀ ਤੋਂ ਉੱਪਰ ਉੱਠ ਇਹ ਵਿਕਾਸ ਦੇ ਕੰਮ ਨੇਪਰੇ ਚਾੜ੍ਹਨ 'ਤੇ ਇਸ ਕੰਮ ਲਈ ਫੰਡਾਂ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਮਲਕੀਤ ਥਿੰਦ ਜ਼ਿਲ੍ਹਾ ਪ੍ਰਧਾਨ, ਬੂਟਾ ਮਿੱਡਾ ਬਲਾਕ ਪ੍ਰਧਾਨ, ਰਾਜ ਸਿੰਘ ਨੱਥੂ ਚਿਸਤੀ, ਮੁਖਤਿਆਰ ਸਿੰਘ, ਗੁਰਚਰਨ ਸਿੰਘ, ਸਵਰਨ ਸਿੰਘ, ਸੁਸ਼ੀਲ ਕੁਮਾਰੀ ਬੀ ਪੀ ਈ ਓ ਆਦਿ ਹਾਜ਼ਰ ਸਨ।

# ਬਹੁਜਨ ਸਮਾਜ ਪਾਰਟੀ ਲੰਬੀ ਦੀ ਮੀਟਿੰਗ 'ਚ ਲੋਕ ਸਭਾ ਚੋਣਾਂ ਨੂੰ ਲੈ ਕੇ ਵਿਚਾਰ-ਵਟਾਂਦਰਾ



**ਲੰਬੀ/ਮਲੋਟ (ਗੁਰਮੀਤ ਸਿੰਘ ਮੱਕੜ)**-ਬਹੁਜਨ ਸਮਾਜ ਪਾਰਟੀ ਲੰਬੀ ਦੀ ਮੀਟਿੰਗ ਮਾਨ ਰੋਡ ਮੈਰਿਜ ਪੈਲੇਸ ਲੰਬੀ ਵਿਖੇ ਜਥੇਦਾਰ ਅਮਰ ਸਿੰਘ ਖਾਲਸਾ ਵਣਵਾਲਾ ਅਨੂੰਕਾ ਇੰਚਾਰਜ ਵਿਧਾਨ ਸਭਾ ਲੰਬੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਮੁੱਖ ਮਹਿਮਾਨ ਸ੍ਰ. ਮੰਦਰ ਸਿੰਘ ਸਰਾਏ ਨਾਗਾ ਪ੍ਰਧਾਨ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ, ਚਿਮਨ ਲਾਲ ਬਾਗੜੀ ਸੀਨੀਅਰ ਮੀਤ ਪ੍ਰਧਾਨ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ, ਸ੍ਰ. ਅਤਵਿੰਦਰ ਸਿੰਘ ਚੌਹਾਨ ਪਰਜਾਪਤ ਜ਼ਿਲ੍ਹਾ ਜਰਨਲ ਸਕੱਤਰ ਸ੍ਰੀ ਮੁਕਤਸਰ ਸਾਹਿਬ, ਸ੍ਰ. ਹਰਪਾਲ ਸਿੰਘ ਚੰਨੂੰ ਕਨਵੀਨਰ ਜੱਟ ਭਾਈਚਾਰਾ ਕਮੇਟੀ ਵਿਧਾਨ ਸਭਾ ਲੰਬੀ ਆਦਿ ਆਗੂਆਂ ਨੇ ਸੰਬੋਧਨ ਕੀਤਾ। ਮੀਟਿੰਗ ਦੌਰਾਨ ਲੋਕ ਸਭਾ 2024 ਦੀਆਂ ਚੋਣਾਂ ਨੂੰ ਮੁੱਖ ਰੱਖਦੇ ਹੋਏ ਵਿਧਾਨ ਸਭਾ ਲੰਬੀ ਨੂੰ ਦੋ ਹਿੱਸਿਆਂ ਵਿੱਚ ਵੰਡ ਕੇ ਬੂਥਾ ਨੂੰ ਜ਼ੋਨਾਂ ਤੇ ਸੈਕਟਰ ਦੀ ਵੰਡ ਕਰਕੇ ਜ਼ਿਲ੍ਹਾ ਅਤੇ ਵਿਧਾਨ ਸਭਾ ਦੇ ਆਗੂਆਂ ਦੀਆਂ ਸਰਵ ਸਮਾਜ ਨਾਲ ਤਾਲਮੇਲ ਕਰਕੇ ਬਹੁਜਨ ਸਮਾਜ ਪਾਰਟੀ ਦੀ ਵਿਚਾਰ ਧਾਰਾ ਨੂੰ ਪ੍ਰਚਾਰ ਕਰਕੇ ਸੰਗਠਨ ਨੂੰ ਹੋਰ ਮਜ਼ਬੂਤ ਕਰਨ ਦੀ ਜ਼ਿੰਮੇਵਾਰੀ ਲਈ ਗਈ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਆਗੂਆਂ ਨੇ ਕਿਹਾ ਕਿ ਬਹੁਜਨ ਸਮਾਜ ਪਾਰਟੀ ਦੇਸ਼ ਵਿੱਚ ਲੋਕ ਸਭਾ ਦੀਆਂ ਚੋਣਾਂ ਇਕੱਲੇ ਆਪਣੇ ਦਮ ਖ਼ਮ ਤੇ ਸਰਵ ਸਮਾਜ ਇੱਕਜੁੱਟਤਾ ਦੇ ਸਹਿਯੋਗ ਨਾਲ ਲੜੇਗੀ। ਉਨ੍ਹਾਂ ਕਿਹਾ ਕਿ ਅੱਜ ਦੇਸ਼ ਵਿੱਚ ਬੀਜੇਪੀ ਤੇ ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਚੋਣਾਂ ਦੌਰਾਨ ਕੀਤੇ ਆਪਣੇ ਆਪਣੇ ਚੋਣ ਮੈਨੀਫੈਸਟੋ ਵਿੱਚ ਲੋਕਾਂ ਨਾਲ ਕੀਤੇ ਸਮੇਂ ਸਮੇਂ ਸਿਰ ਮੁਤਾਬਿਕ ਵਾਅਦਿਆਂ ਨੂੰ ਲਾਗੂ ਨਾ ਕਰਕੇ ਸੱਤਾਧਾਰੀ ਸਰਕਾਰ ਨੇ ਵਾਅਦਾ-ਖਿਲਾਫੀ ਕੀਤੀ ਹੈ। ਇਸ ਮੀਟਿੰਗ ਵਿੱਚ ਸ. ਅਮਰਜੀਤ ਸਿੰਘ ਧਾਲੀਵਾਲ ਕਨਵੀਨਰ, ਸ. ਰਣਧੀਰ ਸਿੰਘ ਧੀਰਾ ਲੰਬੀ, ਸ. ਬਲਦੇਵ ਸਿੰਘ ਕੱਖਾਂਵਾਲੀ, ਸ. ਸੁਖਦੇਵ ਸਿੰਘ ਤਰਮਾਲਾ, ਬਲਜਿੰਦਰ ਸਿੰਘ ਪੰਜਾਵਾ, ਸੁਰਜੀਤ ਸਿੰਘ ਪੰਜਾਵਾ, ਸ. ਰੂਪ ਸਿੰਘ ਚੰਨੂੰ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ।

# ਸਰਕਾਰੀ ਕਾਲਜ ਦਾ ਸਾਲਾਨਾ ਖੇਡ ਸਮਾਰੋਹ ਸ਼ਾਨੋ-ਸ਼ੌਕਤ ਨਾਲ ਸੰਪੰਨ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਰਕਾਰੀ ਕਾਲਜ ਸ੍ਰੀ ਮੁਕਤਸਰ ਸਾਹਿਬ ਵਿਖੇ ਪ੍ਰਿੰਸੀਪਲ ਡਾ. ਜਸਪ੍ਰੀਤ ਕੌਰ ਢਿੱਲੋਂ ਦੀ ਅਗਵਾਈ ਵਿੱਚ ਕਾਲਜ ਦਾ 65ਵਾਂ ਸਾਲਾਨਾ ਖੇਡ ਸਮਾਰੋਹ ਸ਼ਾਨੋ-ਸ਼ੌਕਤ ਨਾਲ ਸੰਪੰਨ ਹੋਇਆ, ਜਿਸ ਦਾ ਉਦਘਾਟਨ ਸ੍ਰ. ਜਗਦੀਪ ਸਿੰਘ ਕਾਕਾ ਬਰਾੜ ਐੱਮ.ਐੱਲ.ਏ. ਸ੍ਰੀ ਮੁਕਤਸਰ ਸਾਹਿਬ ਨੇ ਕੀਤਾ। ਇਸ ਮੌਕੇ ਉਨ੍ਹਾ ਖੇਡਾਂ ਦੇ ਮਹੱਤਵ ਬਾਰੇ ਦੱਸਦਿਆਂ ਕਿਹਾ ਕਿ ਨਰੋਈ ਸਿਹਤ ਦੇ ਨਿਰਮਾਣ ਵਿੱਚ ਖੇਡਾਂ ਦਾ ਵੱਡਮੁੱਲਾ ਯੋਗਦਾਨ ਹੁੰਦਾ ਹੈ। ਅਜੋਕੇ ਸਮੇਂ ਵਿੱਚ ਸਾਡੇ ਖਾਣ-ਪੀਣ ਤੇ ਜੀਵਨ ਸ਼ੈਲੀ ਵਿੱਚ ਆਈ ਤਬਦੀਲੀ ਕਾਰਨ ਵਿਦਿਆਰਥੀਆਂ ਦੀ ਸਿਹਤ ਵਿੱਚ ਗਿਰਾਵਟ ਆਈ ਹੈ। ਇਸ ਗੱਲ ਉੱਤੇ ਸਾਨੂੰ ਸਾਰਿਆਂ ਨੂੰ ਵਿਚਾਰ ਕਰਨਾ ਚਾਹੀਦਾ ਹੈ। ਕਾਲਜ ਪ੍ਰਿੰਸੀਪਲ ਡਾ. ਜਸਪ੍ਰੀਤ ਕੌਰ ਢਿੱਲੋਂ ਨੇ ਮੁੱਖ ਮਹਿਮਾਨ ਤੇ ਇਸ ਸਮਾਰੋਹ 'ਚ ਪਹੁੰਚੀਆਂ ਹੋਰਨਾਂ ਸ਼ਖ਼ਸੀਅਤਾਂ ਨੂੰ ਰਸਮੀ ਤੌਰ 'ਤੇ ਜੀ ਆਇਆਂ ਕਿਹਾ। ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਪ੍ਰਿੰਸੀਪਲ ਡਾ. ਢਿੱਲੋਂ ਨੇ ਕਿਹਾ ਕਿ ਖੇਡਾਂ ਸਾਡੇ ਜੀਵਨ ਦਾ ਅਹਿਮ ਅੰਗ ਹਨ। ਖੇਡਾਂ ਦੇ ਮਹੱਤਵ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੰਦੇ ਹੋਇਆਂ ਉਨ੍ਹਾਂ ਨੇ ਸਾਰੇ ਵਿਦਿਆਰਥੀਆਂ ਨੂੰ ਖੇਡਾਂ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ। ਖੇਡ ਸਮਾਰੋਹ ਦੇ ਆਗਾਜ਼ ਦੌਰਾਨ ਕਾਲਜ ਦੇ ਸਮੂਹ ਵਿਦਿਆਰਥੀਆਂ ਵੱਲੋਂ ਮਾਰਚ ਪਾਸਟ ਕੀਤਾ ਗਿਆ। ਕਾਲਜ ਦੀਆਂ ਅੰਤਰਰਾਸ਼ਟਰੀ ਤੇ ਰਾਸ਼ਟਰੀ ਪੱਧਰ ਦੇ ਖਿਡਾਰੀ ਆਰਜੂ, ਨਵਜੋਤ ਸਿੰਘ, ਉਦੈ ਕੱਕੜ ਨੇ ਮਸ਼ਾਲ ਪ੍ਰਚੰਡ ਕੀਤੀ ਤੇ ਕਿੱਕ ਬਾਕਸਿੰਗ 'ਚ ਰਾਸ਼ਟਰੀ ਪੱਧਰ 'ਤੇ ਖੇਡਣ ਵਾਲੀ ਵਿਦਿਆਰਥਣ ਆਰਜੂ ਨੇ ਵਿਦਿਆਰਥੀਆਂ ਨੂੰ ਸਹੀ ਖੇਡ ਭਾਵਨਾ ਨਾਲ ਖੇਡਣ ਦੀ ਸਹੁੰ ਚੁਕਾਈ। ਜਿਮਨਾਸਟਿਕ ਕੋਚ ਸ੍ਰੀਮਤੀ ਦੀਪੀ ਵੱਲੋਂ ਟ੍ਰੇਨਿੰਗ ਕਰ ਰਹੇ ਬੱਚਿਆਂ ਦੇ ਗਰੁੱਪ ਦਾ ਜਿਮਨਾਸਟਿਕ ਸ਼ੋਅ ਕਰਵਾਇਆ ਗਿਆ। ਇਸ ਖੇਡ ਸਮਾਰੋਹ 'ਚ 100 ਮੀ., 200 ਮੀ., 400 ਮੀ., 800 ਮੀ. ਤੇ 1500 ਮੀ. ਦੀ ਦੌੜ, ਗੋਲਾ ਸੁੱਟਣਾ, ਚੱਕਾ ਸੁੱਟਣਾ, ਲੰਬੀ ਛਾਲ, ਬੈਕ ਰੇਸ ਤੇ ਤਿੰਨ ਟੰਗੀ ਰੇਸ ਆਦਿ ਵੰਨਗੀ ਦੀਆਂ ਖੇਡਾਂ ਦੇ ਮੁਕਾਬਲੇ ਕਰਵਾਏ ਗਏ। ਸਾਰੇ ਵਿਦਿਆਰਥੀਆਂ ਨੇ ਇਨ੍ਹਾਂ ਖੇਡਾਂ ਵਿੱਚ ਵਧ-ਚੜ੍ਹ ਕੇ ਭਾਗ ਲਿਆ। ਇਸ ਮੌਕੇ ਕਿੱਕ ਬਾਕਸਿੰਗ ਵਿੱਚ ਰਾਸ਼ਟਰੀ ਪੱਧਰ 'ਤੇ ਖੇਡਣ ਵਾਲੀ ਵਿਦਿਆਰਥਣ ਆਰਜੂ, ਰਾਜ ਪੱਧਰ 'ਤੇ ਖੇਡਣ ਵਾਲੇ ਵਿਦਿਆਰਥੀ ਨਵਜੋਤ ਸਿੰਘ, ਇੰਟਰ ਕਾਲਜ ਜਿਮਨਾਸਟਿਕ ਵਿੱਚੋਂ ਬਰਾਊਂਜ਼ ਮੈਡਲ ਜਿੱਤਣ ਵਾਲੀ ਵਿਦਿਆਰਥਣ ਨਵਨੀਤ ਕੌਰ ਤੇ ਕ੍ਰਿਕਟ 'ਚ ਆਲ ਇੰਡੀਆ ਪੱਧਰ 'ਤੇ ਖੇਡਣ ਵਾਲੇ ਵਿਦਿਆਰਥੀ ਉਦੈ ਕੱਕੜ ਨੂੰ ਹਲਕਾ ਵਿਧਾਇਕ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ। ਮੈਰਿਟ ਦੇ ਆਧਾਰ 'ਤੇ ਕਰਨਬੀਰ ਸਿੰਘ ਬੀ.ਏ. ਭਾਗ ਪਹਿਲਾ ਨੂੰ ਲੜਕਿਆਂ 'ਚੋਂ ਤੇ ਸਿਮਰਜੀਤ ਕੌਰ ਬੀ. ਏ. ਭਾਗ ਪਹਿਲਾ ਦੀ ਵਿਦਿਆਰਥਣ ਨੂੰ ਲੜਕੀਆਂ 'ਚੋਂ ਬੈਸਟ ਐਥਲੀਟ ਚੁਣਿਆ ਗਿਆ। ਚੁਣੇ ਗਏ ਬੈਸਟ ਐਥਲੀਟਾਂ ਨੂੰ ਕਾਲਜ ਪ੍ਰਿੰਸੀਪਲ ਵੱਲੋਂ ਟਰਾਫੀਆਂ ਦੇ ਕੇ ਸਨਮਾਨਤ ਕੀਤਾ ਗਿਆ ਅਤੇ ਡਾ. ਹਰਦਵਿੰਦਰ ਸਿੰਘ ਬਰਾੜ, ਪ੍ਰੋ. ਨਵਦੀਪ ਸਿੰਘ ਗਿੱਲ ਤੇ ਪ੍ਰੋ. ਗੋਪਾਲ ਸਿੰਘ ਵੱਲੋਂ ਬੈਸਟ ਐਥਲੀਟਾਂ ਨੂੰ ਨਗਦ ਰਾਸ਼ੀ ਨਾਲ ਨਿਵਾਜਿਆ ਗਿਆ। ਪ੍ਰੋਗਰਾਮ ਦੇ ਅਖੀਰ ਵਿੱਚ ਵਾਈਸ ਪ੍ਰਿੰਸੀਪਲ ਡਾ. ਹਰਦਵਿੰਦਰ ਸਿੰਘ ਬਰਾੜ ਵੱਲੋਂ ਆਏ ਹੋਏ ਸਾਰੇ ਮਹਿਮਾਨਾਂ ਤੇ ਇਸ ਖੇਡ ਸਮਾਰੋਹ ਨੂੰ ਸਫਲ ਬਣਾਉਣ ਲਈ ਸਾਰੇ ਸਟਾਫ ਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਗਿਆ। ਮੁੱਖ ਮਹਿਮਾਨ ਸ੍ਰ. ਜਗਦੀਪ ਸਿੰਘ ਕਾਕਾ ਬਰਾੜ ਨੂੰ ਕਾਲਜ ਪ੍ਰਿੰਸੀਪਲ ਤੇ ਡਾ. ਹਰਦਵਿੰਦਰ ਸਿੰਘ ਬਰਾੜ, ਡਾ. ਰਾਜੇਸ਼ ਗੋਦਾਰਾ ਵੱਲੋਂ ਸਨਮਾਨ ਚਿੰਨ੍ਹ ਭੇਟ ਕੀਤਾ ਗਿਆ। ਇਸ ਦੇ ਨਾਲ ਹੀ ਸਰੀਰਕ ਸਿੱਖਿਆ ਵਿਭਾਗ ਵੱਲੋਂ ਕਾਲਜ ਪ੍ਰਿੰਸੀਪਲ ਡਾ. ਢਿੱਲੋਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਕਾਲਜ ਕੌਂਸਲ ਦੇ ਵਿਦਿਆਰਥੀਆਂ ਨੇ ਇਸ ਖੇਡ ਸਮਾਰੋਹ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ। ਇਸ ਮੌਕੇ ਸੁਖਜਿੰਦਰ ਸਿੰਘ ਬਬਲੂ ਬਰਾੜ ਪ੍ਰਧਾਨ ਟਰੱਕ ਯੂਨੀਅਨ, ਅਜਵਿੰਦਰ ਸਿੰਘ ਰਾਜੂ ਪੂਨੀਆ ਮੰਡੀ ਪੈਸਟੀਸਾਈਡ ਯੂਨੀਅਨ ਪ੍ਰਧਾਨ, ਉਪਕਾਰ ਸਿੰਘ, ਜਤਿੰਦਰ ਮਹੰਤ, ਬਲਜੀਤ ਸਿੰਘ, ਭੁੱਲਰ, ਸੁਖਪਾਲ ਸਿੰਘ ਪਾਲ, ਜਗਦੀਪ ਸਿੰਘ ਢਿੱਲੋਂ, ਬਲਰਾਜ ਸਿੰਘ ਭੁੱਲਰ ਅਰਜਨ ਕਾਸਲ, ਅਮਨ ਬਰਾੜ ਖੋਖਰ, ਇਕਬਾਲ ਸਿੰਘ ਬਰਾੜ, ਡਾ. ਮਨੀਸ਼ ਕੁਮਾਰ ਡਾਇਰੈਕਟਰ ਰਿਜਨਲ ਸੈਂਟਰ, ਸ੍ਰੀ ਮੁਕਤਸਰ ਸਾਹਿਬ, ਡਾ. ਜਸਵਿੰਦਰ ਸਿੰਘ ਢਿੱਲੋਂ, ਪ੍ਰੋ. ਕੁਲਵੰਤ ਸਰਮਾ (ਰਿਟਾ.), ਪ੍ਰੋ. ਕੁਲਵੰਤ ਬਰਾੜ (ਰਿਟਾ.), ਕਾਲਜ ਦਾ ਸਮੂਹ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।



# ਸੂਬਾ ਸਰਕਾਰ ਸਰਕਾਰੀ ਸਕੂਲਾਂ ਦੀ ਹਾਲਤ ਸੁਧਾਰਨ ਲਈ ਪੱਬਾਂ ਭਾਰ : ਵਿਧਾਇਕ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪਰਮਜੀਤ ਸਿੰਘ, ਪੂਜਾ)**-ਸੂਬਾ ਸਰਕਾਰ ਵੱਲੋਂ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦੀ ਹਾਲਤ ਸੁਧਾਰਨ ਲਈ ਗ੍ਰਾਂਟਾਂ ਦੇ ਗੱਫੇ ਦਿੱਤੇ ਜਾ ਰਹੇ ਹਨ। ਇਸੇ ਲੜੀ ਤਹਿਤ ਪਿੰਡ ਥਾਂਦੇਵਾਲਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੀ ਖਸਤਾ ਹਾਲਤ ਕੰਧ ਨੂੰ ਨਵੇਂ ਸਿਰੇ ਤੋਂ ਬਣਾਉਣ ਲਈ ਹਲਕਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਵੱਲੋਂ ਕੰਮ ਸ਼ੁਰੂ ਕਰਾਇਆ ਗਿਆ। ਇਸ ਮੌਕੇ ਆਮ ਆਦਮੀ ਪਾਰਟੀ ਦੇ ਅਹੁਦੇਦਾਰ ਤੇ ਵਰਕਰ ਅਤੇ ਸਕੂਲ ਸਟਾਫ਼ ਮੌਜੂਦ ਸੀ। ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਆਖਿਆ ਕਿ ਸੂਬਾ ਸਰਕਾਰ ਸਕੂਲਾਂ ਦੀ ਹਾਲਤ ਨੂੰ ਸੁਧਾਰਨ ਲਈ ਵਿਸ਼ੇਸ਼ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਕੂਲਾਂ ਦੀਆਂ ਚਾਰਦੀਵਾਰਾਂ, ਕਲਾਸਾਂ ਅਤੇ ਕਮਰਿਆਂ ਦੀ ਮੁਰੰਮਤ ਨੂੰ ਲੈ ਕੇ ਵੱਡੇ ਤੌਰ 'ਤੇ ਗ੍ਰਾਂਟਾਂ ਆ ਰਹੀਆਂ ਹਨ, ਜਿਸ ਨਾਲ ਸਰਕਾਰ ਦੀ ਤਸਵੀਰ ਬਦਲ ਰਹੀ ਹੈ। ਉਨ੍ਹਾਂ ਕਿਹਾ ਕਿ 5 ਲੱਖ 50 ਹਜ਼ਾਰ ਰੁਪਏ ਦੀ ਲਾਗਤ ਨਾਲ ਸਕੂਲ ਦੀ 110 ਮੀਟਰ ਕੰਧ ਬਣਾਈ ਜਾਵੇਗੀ। ਵਿਧਾਇਕ ਕਾਕਾ ਬਰਾੜ ਨੇ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਪਿੰਡ ਵਾਸੀ ਆਪਣੇ ਬੱਚੇ ਸਰਕਾਰੀ ਸਕੂਲਾਂ ਵਿੱਚ ਦਾਖ਼ਲ ਕਰਾਉਣ। ਸਕੂਲ ਪ੍ਰਿੰਸੀਪਲ ਮੈਡਮ ਹਰਵਿੰਦਰ ਕੌਰ ਢੀਂਗਰਾ ਨੇ ਵਿਧਾਇਕ ਕਾਕਾ ਬਰਾੜ ਤੇ ਸੂਬਾ ਸਰਕਾਰ ਦਾ ਧੰਨਵਾਦ ਕਰਦਿਆਂ ਆਖਿਆ ਕਿ ਪਿਛਲੀਆਂ ਸਰਕਾਰਾਂ ਦੇ ਮੁਕਾਬਲੇ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਕੂਲਾਂ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ, ਜਿਸ ਨਾਲ ਸਕੂਲਾਂ ਦੀ ਖਸਤਾ ਹਾਲਤ ਵਿੱਚ ਸੁਧਾਰ ਹੋ ਰਿਹਾ ਹੈ।

# 'ਬਾਇਓ ਮੈਡੀਕਲ ਖੋਜ 'ਚ ਰੁਕਾਵਟਾਂ ਦਾ ਹੱਲ' ਵਿਸ਼ੇ 'ਤੇ ਸੈਮੀਨਾਰ

**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਖੇ 'ਬਾਇਓ ਮੈਡੀਕਲ ਖੋਜ ਵਿੱਚ ਰੁਕਾਵਟਾਂ ਦਾ ਹੱਲ : ਆਪਟੀਕਲ ਟਿਸ਼ੂ ਕਲੀਅਰਿੰਗ ਅਤੇ ਸਪੇਸ਼ੀਅਲ ਮੋਲੇਕਿਊਲਰ ਮੈਪਿੰਗ ਰਾਹੀਂ ਇੱਕ ਯਾਤਰਾ ਬਾਰੇ ਵਿਸ਼ੇਸ਼ ਭਾਸ਼ਣ ਦਾ ਆਯੋਜਨ ਕੀਤਾ ਗਿਆ। ਇਸ ਮਹੱਤਵਪੂਰਨ ਭਾਸਣ ਵਿੱਚ ਜਰਮਨੀ ਦੇ ਹੈਲਮਹੋਲਟਜ ਜੈਂਟ੍ਰਮ ਮੁਨਚੇਨ ਤੋਂ ਡਾ. ਹਰਸ਼ਰਨ ਸਿੰਘ ਭਾਟੀਆ ਨੇ ਬਾਇਓਮੈਡੀਸਨ ਵਿੱਚ ਤਰੱਕੀ ਲਈ ਆਪਟੀਕਲ ਟਿਸ਼ੂ ਕਲੀਅਰਿੰਗ ਤੇ ਸਥਾਨਕ ਅਣੂ ਮੈਪਿੰਗ ਦੇ ਫਿਊਜਨ ਬਾਰੇ ਚਰਚਾ ਕੀਤੀ। ਰਿਸਰਚ ਡਿਵੈਲਪਮੈਂਟ ਸੈੱਲ ਵੱਲੋਂ ਆਯੋਜਤ ਸਮਾਗਮ ਦੀ ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ, ਡੀਨ ਰਿਸਰਚ ਨੇ ਸ਼ਲਾਘਾ ਕਰਦਿਆਂ ਡਾ. ਭਾਟੀਆ ਦੀ ਮਹਾਰਤ ਦੀ ਮਹੱਤਤਾ ਤੇ ਬਾਇਓਮੈਡੀਕਲ ਖੋਜ ਵਿੱਚ ਆਪਟੀਕਲ ਟਿਸ਼ੂ-ਕਲੀਅਰਿੰਗ ਤਕਨੀਕਾਂ ਦੇ ਕ੍ਰਾਂਤੀਕਾਰੀ ਪ੍ਰਭਾਵ 'ਤੇ ਵੀ ਚਾਨਣਾ ਪਾਇਆ।

ਉਨ੍ਹਾਂ ਅੰਤਰ-ਅਨੁਸ਼ਾਸਨੀ ਸਹਿਯੋਗ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਤੇ ਅਤਿ-ਆਧੁਨਿਕ ਖੋਜ ਲਈ ਅਨੁਕੂਲ ਵਾਤਾਵਰਣ ਨੂੰ ਉਤਸ਼ਾਹਤ ਕਰਨ ਲਈ ਯੂਨੀਵਰਸਿਟੀ ਦੀ ਵਚਨਬੱਧਤਾ ਨੂੰ ਉਜਾਗਰ ਕੀਤਾ। ਪ੍ਰੋ. ਬਿਲਿੰਗ ਦੇ ਸਵਾਗਤੀ ਭਾਸ਼ਣ ਨੇ ਸੰਵਾਦਾਂ ਦੀ ਸਹੂਲਤ ਲਈ ਸੰਸਥਾ ਦੇ ਸਮਰਪਣ ਨੂੰ ਰੇਖਾਂਕਿਤ ਕੀਤਾ, ਜੋ ਅਨੁਸ਼ਾਸਨੀ ਸੀਮਾਵਾਂ ਤੋਂ ਪਾਰ ਹੁੰਦੇ ਹਨ ਤੇ ਗਿਆਨ ਦੇ ਸਮੂਹਿਕ ਖੋਜ ਵਿੱਚ ਯੋਗਦਾਨ ਪਾਉਂਦੇ ਹਨ। ਡਾ. ਭਾਟੀਆ ਨੇ ਆਪਟੀਕਲ ਟਿਸ਼ੂ-ਕਲੀਅਰਿੰਗ ਤਕਨੀਕਾਂ ਦੇ ਪਰਿਵਰਤਨਸ਼ੀਲ ਪ੍ਰਭਾਵ ਬਾਰੇ ਵਿਚਾਰ-ਵਟਾਂਦਰਾ ਕੀਤਾ, ਜਿਸ ਨਾਲ ਵੱਡੇ ਟਿਸ਼ੂ ਵਾਲੀਆਂ ਦੀ ਡੂੰਘੀ ਇਮੇਜਿੰਗ ਬਿਨਾਂ ਮਿਹਨਤੀ ਸੈਕਸ਼ਨਿੰਗ ਕੀਤੀ ਜਾ ਸਕਦੀ ਹੈ। ਉਨ੍ਹਾਂ ਡਿਸਕੋ-ਐਮਐਸ ਪੇਸ਼ ਕੀਤਾ। ਇੱਕ ਵਿਧੀ ਜੋ ਆਪਟੀਕਲ ਕਲੀਅਰਿੰਗ, ਚਿੱਤਰ ਵਿਸ਼ਲੇਸ਼ਣ, ਰੋਬੋਟਿਕ-ਸਹਾਇਤਾ ਪ੍ਰਾਪਤ ਟਿਸ਼ੂ ਕੱਢਣ ਤੇ ਮਾਸ ਸਪੈਕਟ੍ਰੋਮੈਟਰੀ ਨੂੰ ਜੋੜਦੀ ਹੈ। ਇਹ ਕ੍ਰਾਂਤੀਕਾਰੀ ਪਹੁੰਚ ਅਸਪੱਸ਼ਟ ਨਮੂਨਿਆਂ ਤੋਂ ਵੱਖ-ਵੱਖ ਪ੍ਰੋਟੀਓਮ ਡੇਟਾ ਪ੍ਰਦਾਨ ਕਰਦੀ ਹੈ, ਵਿਆਪਕ 3 ਟਿਸ਼ੂ ਦੀ ਜਾਂਚ ਲਈ ਨਵੇਂ ਰਾਹ ਖੋਲ੍ਹਦੀ ਹੈ ਅਤੇ ਕੈਂਸਰ, ਪਾਚਕ ਨਿਊਂਸਕਤਾਵਾਂ ਤੇ ਨਿਊਰੋਡੀਜਨਰੇਸ਼ਨ ਵਰਗੀਆਂ ਗੁੰਝਲਦਾਰ ਬਿਮਾਰੀਆਂ ਲਈ ਡਾਇਗਨੌਸਟਿਕ ਤੇ ਇਲਾਜ ਦੀਆਂ ਸੰਭਾਵਨਾਵਾਂ ਦਾ ਪਰਦਾਫ਼ਾਸ਼ ਕਰਦੀ ਹੈ। ਰਾਸ਼ਟਰੀ ਵਿਗਿਆਨ ਦਿਵਸ ਦੇ ਨਾਲ ਮੇਲ ਖਾਂਦਾ ਇਹ ਸਮਾਗਮ ਪ੍ਰੋ. ਪ੍ਰਿਤਪਾਲ ਸਿੰਘ, ਵਾਈਸ ਚਾਂਸਲਰ ਦੁਆਰਾ ਸਲਾਹਿਆ ਗਿਆ।

ਉਨ੍ਹਾਂ ਇਸ ਪ੍ਰਭਾਵਸ਼ਾਲੀ ਭਾਸ਼ਣ ਦੇ ਆਯੋਜਨ ਲਈ ਰਿਸਰਚ ਡਿਵੈਲਪਮੈਂਟ ਸੈੱਲ ਦੇ ਯਤਨਾਂ ਦੀ ਸ਼ਲਾਘਾ ਕੀਤੀ। ਪ੍ਰੋ. ਸਿੰਘ ਨੇ ਵਿਗਿਆਨਕ ਜਾਗਰੂਕਤਾ ਨੂੰ ਉਤਸ਼ਾਹਤ ਕਰਨ ਅਤੇ ਵਿਸ਼ਵ ਪੱਧਰ 'ਤੇ ਯੋਗ ਅਤੇ ਸਮਾਜਿਕ ਤੌਰ 'ਤੇ ਜ਼ਿੰਮੇਵਾਰ ਪੇਸ਼ੇਵਰ ਪੈਦਾ ਕਰਨ ਦੇ ਯੂਨੀਵਰਸਿਟੀ ਦੇ ਮਿਸ਼ਨ ਨਾਲ ਇਸ ਦੀ ਇਕਸਾਰਤਾ ਨੂੰ ਉਤਸ਼ਾਹਤ ਕਰਨ ਵਿੱਚ ਸਮਾਗਮ ਦੀ ਭੂਮਿਕਾ 'ਤੇ ਜ਼ੋਰ ਦਿੱਤਾ।



# ਗੰਗਾ-ਸਤਲੁਜ ਐਕਸਪ੍ਰੈੱਸ 'ਚੋਂ ਫੌਜੀ ਦਾ ਬੈਗ ਚੋਰੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਗੰਗਾ-ਸਤਲੁਜ ਐਕਸਪ੍ਰੈੱਸ ਰੇਲ ਗੱਡੀ ਨੰਬਰ 13307 ਤੋਂ ਫ਼ਿਰੋਜ਼ਪੁਰ ਡਿਊਟੀ 'ਤੇ ਪਰਤ ਰਹੇ ਫੌਜੀ ਦਾ ਬੈਗ ਤੇ ਪਰਸ ਚੋਰੀ ਹੋ ਗਿਆ, ਜਿਸ 'ਚ 3 ਸਕਰੀਨ ਟੱਚ ਮੋਬਾਈਲ, 1 ਕੀ-ਪੈਡ ਮੋਬਾਈਲ, 18 ਹਜ਼ਾਰ ਰੁਪਏ ਦੀ ਨਕਦੀ, ਸੋਨੇ ਦੀ ਚੇਨ, ਆਧਾਰ ਕਾਰਡ, ਪੈਨ ਕਾਰਡ ਤੇ ਹੋਰ ਇੱਕ ਕੀਮਤੀ ਵਸਤੂ ਸੀ।ਜਵਾਨ ਨੇ ਆਪਣੇ ਭਰਾ ਰਾਹੀਂ ਗ੍ਰਹਿ ਵਿਭਾਗ ਦੇ ਪ੍ਰਮੁੱਖ ਸਕੱਤਰ ਨੂੰ ਸ਼ਿਕਾਇਤ ਦਰਜ ਕਰਵਾਈ ਹੈ, ਜਿਸ ਤੋਂ ਬਾਅਦ ਅੰਬਾਲਾ ਛਾਉਣੀ ਦੇ ਜੀਆਰਪੀ ਥਾਣੇ ਵਿੱਚ ਅਣਪਛਾਤੇ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ।ਭਾਰਤੀ ਫੌਜ ਦੇ ਜਵਾਨ ਅਜੇ ਕੁਮਾਰ ਵਾਸੀ ਪਿੰਡ ਮਹਿਦੀਗੰਜ ਜ਼ਿਲ੍ਹਾ ਵਾਰਾਣਸੀ (ਯੂ. ਪੀ.) ਨੇ ਦੱਸਿਆ ਕਿ ਉਹ ਇਨ੍ਹੀਂ ਦਿਨੀਂ ਪੰਜਾਬ ਦੇ ਫ਼ਿਰੋਜ਼ਪੁਰ ਵਿਖੇ ਤਾਇਨਾਤ ਹੈ।21 ਜਨਵਰੀ ਨੂੰ ਉਹ ਆਪਣੀ ਪਤਨੀ ਤੇ ਛੋਟੇ ਬੱਚੇ ਨਾਲ ਟਰੇਨ ਨੰਬਰ 13307 ਗੰਗਾ ਸਤਲੁਜ ਐਕਸਪ੍ਰੈੱਸ ਵਿੱਚ ਵਾਰਾਣਸੀ ਜੰਕਸ਼ਨ ਤੋਂ ਫ਼ਿਰੋਜ਼ਪੁਰ ਲਈ ਰਵਾਨਾ ਹੋਇਆ ਸੀ।ਸੀਟ ਨੰਬਰ 46 ਤੇ 48 ਟਰੇਨ ਵਿੱਚ ਉਸ ਦੇ ਏ ਸੀ ਕਲਾਸ-2 ਦੇ ਡੱਬੇ ਵਿੱਚ ਬੁੱਕ ਕੀਤੇ ਗਏ ਸਨ।ਜਵਾਨ ਨੇ ਦੱਸਿਆ ਕਿ ਜਦੋਂ ਟਰੇਨ ਮੁਰਾਦਾਬਾਦ ਤੋਂ ਅੰਬਾਲਾ ਪਹੁੰਚੀ ਤਾਂ ਰਾਤ ਕਰੀਬ 10 ਵਜੇ ਉਹ ਸੌਂ ਗਿਆ।ਇਸ ਦੌਰਾਨ ਕੋਈ ਅਣਪਛਾਤਾ ਚੋਰ ਉਸ ਦਾ ਬੈਗ ਤੇ ਪਰਸ ਲੈ ਗਿਆ।ਸਵੇਰੇ 4 ਵਜੇ ਜਦੋਂ ਉਹ ਉੱਠਿਆ ਤਾਂ ਦੇਖਿਆ ਕਿ ਉਸ ਦਾ ਸਾਰਾ ਸਾਮਾਨ ਗਾਇਬ ਸੀ।ਪ੍ਰਧਾਨ ਸਕੱਤਰ (ਗ੍ਰਹਿ ਮੰਤਰਾਲਾ) ਨੂੰ ਲਿਖਤੀ ਸ਼ਿਕਾਇਤ ਕਰਦੇ ਹੋਏ ਕਿਹਾ ਕਿ ਇਹ ਬਹੁਤ ਹੀ ਹੈਰਾਨੀ ਦੀ ਗੱਲ ਹੈ ਕਿ ਟਰੇਨ ਦਾ ਏ ਸੀ ਕੋਚ ਤੋਂ ਚੋਰੀ ਹੋ ਗਿਆ ਹੈ।ਸਾਮਾਨ ਚੋਰੀ ਹੋਣ ਤੋਂ ਬਾਅਦ ਉਹ ਕਾਫੀ ਡਰਿਆ ਹੋਇਆ ਸੀ।ਇਸ ਦੀ ਜਾਣਕਾਰੀ ਟਰੇਨ 'ਚ ਮੌਜੂਦ ਪੁਲਸ ਨੂੰ ਨਹੀਂ ਦੇ ਸਕੇ।ਉਸ ਨੇ ਆਪਣੇ ਭਰਾ ਸੰਜੇ ਕੁਮਾਰ ਸਿੰਘ, ਜ਼ਿਲ੍ਹਾ ਅਦਾਲਤ, ਵਾਰਾਣਸੀ ਦੇ ਵਕੀਲ ਨੂੰ ਫ਼ੋਨ ਕਰਕੇ ਦੱਸਿਆ।ਜਵਾਨ ਦੇ ਭਰਾ ਸੰਜੇ ਦੇ ਟਾਈਪਿਸਟ ਸ਼ਿਵ ਸਿੰਘ ਨੇ ਗ੍ਰਹਿ ਮੰਤਰਾਲੇ ਦੇ ਪ੍ਰਮੁੱਖ ਸਕੱਤਰ ਨੂੰ ਸ਼ਿਕਾਇਤ ਭੇਜੀ, ਜਿਸ ਤੋਂ ਬਾਅਦ ਉਹ ਅੰਬਾਲਾ ਕੈਂਟ ਜੀਆਰਪੀ ਥਾਣੇ ਪਹੁੰਚੀ।

# ਚਿੱਟਾ ਕੋਟ ਇੱਕ ਹੁਨਰਮੰਦ ਡਾਕਟਰ ਬਣਨ ਦੀ ਜ਼ਿੰਮੇਵਾਰੀ ਨੂੰ ਦਰਸਾਉਂਦਾ ਮੀਲ ਪੱਥਰ ਹੈ : ਡਾ. ਜ਼ੋਰਾ ਸਿੰਘ

**ਦੇਸ਼ ਭਗਤ ਡੈਂਟਲ ਕਾਲਜ ਤੇ ਹਸਪਤਾਲ 'ਚ ਬੀ ਡੀ ਐੱਸ ਦੇ ਪਹਿਲੇ ਪ੍ਰੋਫ਼ੈਸ਼ਨਲ ਬੈਚ ਲਈ ਵ੍ਹਾਈਟ ਕੋਟ ਸਮਾਰੋਹ**

**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ ਦੇ ਦੇਸ਼ ਭਗਤ ਡੈਂਟਲ ਕਾਲਜ ਤੇ ਹਸਪਤਾਲ ਨੇ ਬੀ ਡੀ ਐੱਸ-2023 ਦੇ ਪਹਿਲੇ ਪ੍ਰੋਫ਼ੈਸ਼ਨਲ ਬੈਚ ਦੇ ਨਵੇਂ ਵਿਦਿਆਰਥੀਆਂ ਲਈ ਵ੍ਹਾਈਟ ਕੋਟ ਸਮਾਰੋਹ ਕੀਤਾ। ਇਹ ਕਾਨਫਰੰਸ ਉਭਰਦੇ ਪੇਸ਼ੇਵਰ ਦੰਦਾਂ ਦੇ ਸਫਰ ਵਿੱਚ ਇੱਕ ਵਿਸ਼ੇਸ਼ ਮਹੱਤਵ ਰੱਖਦੀ ਹੈ। ਸਮਾਗਮ ਦਾ ਉਦਘਾਟਨ ਡੀਬੀਯੂ ਦੇ ਚਾਂਸਲਰ ਡਾ: ਜ਼ੋਰਾ ਸਿੰਘ ਤੇ ਪ੍ਰੋ-ਚਾਂਸਲਰ ਡਾ: ਤੇਜਿੰਦਰ ਕੌਰ ਨੇ ਕੀਤਾ। ਇਸ ਸਮਾਗਮ ਦੇ ਮੁੱਖ ਮਹਿਮਾਨ ਡਾ. ਸੰਤੋਸ਼ ਕੁਮਾਰੀ, ਸੀਨੀਅਰ ਖੇਤਰੀ ਨਿਰਦੇਸ਼ਕ, ਇਗਨੂ ਖੇਤਰੀ ਕੇਂਦਰ, ਖੰਨਾ ਸਨ। ਉਨ੍ਹਾਂ ਦੇ ਨਾਲ ਖੇਤਰੀ ਨਿਰਦੇਸ਼ਕ ਸ੍ਰੀਮਤੀ ਡਾ: ਮੰਜੂ ਗੋਇਲ ਤੇ ਇਗਨੂ ਦੇ ਸਹਾਇਕ ਖੇਤਰੀ ਨਿਰਦੇਸ਼ਕ ਡਾ: ਪ੍ਰਮੇਸ਼ ਚੰਦਰਾ ਹਾਜ਼ਰ ਸਨ। ਡੀ ਬੀ ਡੀ ਸੀ ਐੱਚ ਦੇ ਪ੍ਰਿੰਸੀਪਲ ਡਾ. ਉਨਤੀ ਪਿਟਾਲੇ ਨੇ ਮਹਿਮਾਨਾਂ ਦਾ ਸੁਆਗਤ ਕਰਦੇ ਹੋਏ ਵਾਈਟ ਕੋਟ ਸਮਾਰੋਹ ਦੀ ਮਹੱਤਤਾ ਬਾਰੇ ਚਾਨਣਾ ਪਾਇਆ। ਇਸ ਤੋਂ ਬਾਅਦ ਬੀ.ਡੀ.ਐੱਸ. ਫਸਟ ਪ੍ਰੋਫ਼ੈਸ਼ਨਲ ਬੈਚ 2023 ਦੇ ਸਾਰੇ ਵਿਦਿਆਰਥੀਆਂ ਨੂੰ ਮਹਿਮਾਨਾਂ ਵੱਲੋਂ ਚਿੱਟੇ ਕੋਟ ਪਹਿਨਾਏ ਗਏ।

ਚਾਂਸਲਰ ਡਾ: ਜ਼ੋਰਾ ਸਿੰਘ ਦੇ ਪ੍ਰੇਰਣਾਦਾਇਕ ਭਾਸ਼ਣ ਨੇ ਸਫੈਦ ਕੋਟ ਦੀ ਮਹੱਤਤਾ ਬਾਰੇ ਚਾਨਣਾ ਪਾਇਆ, ਜੋ ਕਿ ਜ਼ਿੰਮੇਵਾਰੀ ਨੂੰ ਦਰਸਾਉਂਦਾ ਹੈ ਤੇ ਇੱਕ ਹੁਨਰਮੰਦ ਡਾਕਟਰ ਬਣਨ ਦਾ ਮੀਲ ਪੱਥਰ ਹੈ। ਉਨ੍ਹਾ ਵਿਦਿਆਰਥੀਆਂ ਨੂੰ ਸਮਰਪਣ ਤੇ ਦੇਖਭਾਲ ਨਾਲ ਆਪਣੀ ਭੂਮਿਕਾ ਤੱਕ ਪਹੁੰਚ ਕਰਨ ਦੀ ਸਲਾਹ ਦਿੱਤੀ, ਉਨ੍ਹਾਂ ਨੂੰ ਵਿਕਾਸ ਤੇ ਮਾਨਵਤਾ ਦੀ ਸੇਵਾ 'ਚ ਨਿਰੰਤਰ ਲੱਗੇ ਰਹਿਣ ਲਈ ਕਿਹਾ। ਇਸ ਦੌਰਾਨ ਲੇਖ ਲਿਖਣ ਲਈ ਡਾ: ਸੁਖਪਾਲ ਕੌਰ ਤੇ ਡਾ: ਰਜਨੀਸ਼ ਨੂੰ ਸਨਮਾਨਤ ਕੀਤਾ ਗਿਆ, ਜਦਕਿ ਵਿਦਿਆਰਥੀ ਰੰਜਨ ਕੁਮਾਰ ਤੇ ਵਾਸੁਪਾਲੀ ਨਿਕਿਤਾ ਨੂੰ ਪਹਿਲਾ ਇਨਾਮ ਮਿਲਿਆ। ਪੋਸਟਰ ਮੇਕਿੰਗ ਲਈ ਵੱਖ-ਵੱਖ ਅੰਤਰ-ਸ਼੍ਰੇਣੀ ਮੁਕਾਬਲਿਆਂ ਦੇ ਜੇਤੂਆਂ ਨੂੰ ਵੀ ਸਨਮਾਨਤ ਕੀਤਾ ਗਿਆ। ਵਿਦਿਆਰਥੀ ਨਿਖਿਲ ਰਾਣਾ ਨੇ ਗੀਤਾਂ ਦੀ ਮਨਮੋਹਕ ਪੇਸ਼ਕਾਰੀ ਦਿੱਤੀ। ਕਾਲਜ ਦੇ ਵਾਈਸ ਪ੍ਰਿੰਸੀਪਲ ਡਾ: ਅਜੀਤਪਾਲ ਸਿੰਘ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ। ਇਸ ਤੋਂ ਪਹਿਲਾਂ ਡੀ.ਬੀ.ਡੀ.ਸੀ.ਐੱਚ. ਦੇ ਅੰਗ ਵਿਗਿਆਨ ਵਿਭਾਗ ਨੇ ਇੱਕ ਕੈਡੇਵਰਿਕ ਓਥ ਸਮਾਰੋਹ ਕੀਤਾ। ਵਿਦਿਆਰਥੀਆਂ ਨੇ ਵਿੱਦਿਅਕ ਉਦੇਸ਼ਾਂ ਲਈ ਆਪਣਾ ਸਰੀਰ ਦਾਨ ਕਰਨ ਵਾਲੇ ਵਿਅਕਤੀ ਨੂੰ ਸ਼ਰਧਾਂਜਲੀ ਭੇਟ ਕੀਤੀ।



## ਕਾਤਰਾਂ

### ਅੱਖਾਂ ਦਾ ਮੁਫ਼ਤ ਲੈਂਜ਼ ਕੈਂਪ 5 ਨੂੰ



**ਜੈਤੋ (ਸਤੀਸ਼ ਕੁਮਾਰ ਭੀਰੀ)**-ਮਾਤਾ ਅਮਰ ਕੌਰ ਵਿਵੇਕ ਚੈਰੀਟੇਬਲ ਸੁਸਾਇਟੀ ਰਜਿ: ਚੈਨਾਂ ਰੋਡ ਵਿਖੇ ਬਾਬਾ ਕਰਨੈਲ ਦਾਸ ਜੀ ਦੀ ਯਾਦ ਨੂੰ ਸਮਰਪਤ ਗ਼ਰੀਬ ਤੇ ਜ਼ਰੂਰਤਮੰਦ ਮਰੀਜ਼ਾਂ ਲਈ ਅੱਖਾਂ ਦਾ ਵਿਸ਼ਾਲ ਮੁਫ਼ਤ ਲੈਂਜ਼ ਕੈਂਪ 5 ਮਾਰਚ ਨੂੰ ਲਾਇਆ ਜਾ ਰਿਹਾ ਹੈ। ਕੈਂਪ ਦਾ ਰਸਮੀ ਉਦਘਾਟਨ ਵਿਵੇਕ ਮਿਸ਼ਨ ਚੈਰੀਟੇਬਲ ਟਰੱਸਟ ਦੇ ਚੀਫ਼ ਪੈਟਰਨ ਸਵਾਮੀ ਬ੍ਰਹਮ ਮੁਨੀ ਜੀ ਤੇ ਹਲਕੇ ਦੇ ਵਿਧਾਇਕ ਅਮੋਲਕ ਸਿੰਘ ਆਪਣੇ ਕਰ ਕਮਲਾਂ ਨਾਲ ਰੀਬਨ ਕੱਟ ਕੇ ਕਰਨਗੇ। ਮਾਤਾ ਅਮਰ ਕੌਰ ਵਿਵੇਕ ਚੈਰੀਟੇਬਲ ਸੁਸਾਇਟੀ ਦੇ ਪ੍ਰਧਾਨ ਸੰਤ ਰਿਸ਼ੀ ਰਾਮ ਜੀ ਨੇ ਕੈਂਪ ਸਬੰਧੀ ਦੱਸਿਆ ਕਿ ਇਸ ਕੈਂਪ ਵਿੱਚ ਅੱਖਾਂ ਦੇ ਅਪ੍ਰੇਸ਼ਨਾਂ ਦੇ ਮਾਹਿਰ ਡਾਕਟਰ ਦੀਪਕ ਗਰਗ, ਡਾ. ਮੈਡਮ ਮੋਨਿਕਾ ਬਲਿਆਨ ਤੇ ਡਾ. ਮੈਡਮ ਭੁਪਿੰਦਰ ਪਾਲ ਕੌਰ ਸਵੇਰੇ 9 ਤੋਂ 2 ਵਜੇ ਤੱਕ ਮਰੀਜ਼ਾਂ ਦੀਆਂ ਅੱਖਾਂ ਚੈੱਕ ਕਰਨਗੇ ਤੇ ਜ਼ਰੂਰਤਮੰਦ ਮਰੀਜ਼ਾਂ ਦੇ ਮੁਫ਼ਤ ਅਪ੍ਰੇਸ਼ਨ ਕੀਤੇ ਜਾਣਗੇ। ਸੰਤ ਰਿਸ਼ੀ ਰਾਮ ਜੀ ਨੇ ਦੱਸਿਆ ਕਿ ਜਿਨ੍ਹਾਂ ਮਰੀਜ਼ਾਂ ਨੂੰ ਸ਼ੂਗਰ, ਬਲੱਡ ਪ੍ਰੈਸ਼ਰ ਜਾਂ ਦਿਲ ਦਾ ਰੋਗ ਹੋਵੇਗਾ, ਉਨ੍ਹਾਂ ਨੂੰ ਸਿਰਫ਼ ਦਵਾਈ ਦਿੱਤੀ ਜਾਵੇਗੀ। ਕੈਂਪ ਦੌਰਾਨ ਮਰੀਜ਼ਾਂ ਲਈ ਰਹਿਣ-ਸਹਿਣ ਤੇ ਲੰਗਰ ਦਾ ਪ੍ਰਬੰਧ ਸੁਸਾਇਟੀ ਵੱਲੋਂ ਮੁਫ਼ਤ ਕੀਤਾ ਜਾ ਰਿਹਾ ਹੈ।

### ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਐਂਡ ਅਲਾਈਡ ਦੀ ਮੀਟਿੰਗ ਅੱਜ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਐਂਡ ਅਲਾਈਡ ਦੀ ਮਹੀਨਾਵਾਰ ਮੀਟਿੰਗ 2 ਮਾਰਚ ਨੂੰ 11 ਵਜੇ ਤੋਂ 1 ਵਜੇ ਤੱਕ ਪ੍ਰਧਾਨ ਗੁਰਬਚਨ ਸਿੰਘ ਦੀ ਅਗਵਾਈ ਹੇਠ ਹੋਵੇਗੀ। ਇਸ ਮੌਕੇ ਜਨਰਲ ਸਕੱਤਰ ਮੁਖਤਿਆਰ ਸਿੰਘ ਬੇਦੀ, ਮੀਤ ਪ੍ਰਧਾਨ ਚਿੰਤ ਰਾਮ ਨਾਹਰ ਅਤੇ ਸਕੱਤਰ ਜਸਵਿੰਦਰ ਸਿੰਘ ਨੇ ਸਾਰੇ ਸਾਥੀਆਂ ਨੂੰ ਬੇਨਤੀ ਕੀਤੀ ਕਿ ਸਾਰੇ ਸਾਥੀ ਸਮੇਂ ਸਿਰ ਪਹੁੰਚਣ ਤਾਂ ਜੁ ਪਿਛਲੇ ਸਮੇਂ ਤੋਂ ਲਟਕ ਰਹੀਆਂ ਮੰਗਾਂ ਜਿਵੇਂ 2016 ਤੋਂ ਪਹਿਲਾਂ ਰਿਟਾਇਰਡ ਹੋਏ ਪੈਨਸ਼ਨਰਾਂ ਦੇ ਕੇਸਾਂ ਨੂੰ 2.59 ਨਾਲ ਗੁਣਾਂ ਕਰਕੇ ਰਿਵਾਇਜ ਕਰਾਉਣਾ, ਪੁਰਾਣੇ ਡੈਥ ਕੇਸਾਂ ਨੂੰ ਕਲੀਅਰ ਕਰਾਉਣਾ, ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਾਉਣਾ, ਪੁਰਾਣੀ ਪੈਨਸ਼ਨ ਸਕੀਮ ਨੂੰ ਲਾਗੂ ਕਰਾਉਣਾ ਤੇ ਹੋਰ ਵੀ ਰਹਿੰਦੀਆਂ ਮੰਗਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ।

### ਵੈਟਰਨ ਐਥਲੈਟਿਕਸ ਚੈਂਪੀਅਨਸ਼ਿਪ ਭਲਕੇ



**ਜੈਤੋ (ਸਤੀਸ਼ ਕੁਮਾਰ ਭੀਰੀ)**-ਨਿਊ ਗੰਗਸਰ ਸਪੋਰਟਸ ਕਲੱਬ ਰਜਿ: ਵੱਲੋਂ ਕੀਤੇ ਜਾ ਰਹੇ ਵਿਸ਼ੇਸ਼ ਉਪਰਾਲੇ ਤਹਿਤ ਲਗਾਤਾਰ ਦੂਜੀ ਵਾਰ ਪੰਜਾਬ ਵੈਟਰਨ ਐਥਲੈਟਿਕਸ ਚੈਂਪੀਅਨਸ਼ਿਪ ਕਰਾਈ ਜਾ ਰਹੀ ਹੈ। ਸੰਸਥਾ ਦੇ ਜਨਰਲ ਸਕੱਤਰ ਦਵਿੰਦਰ ਬਾਬੂ ਤੇ ਪ੍ਰੈੱਸ ਸਕੱਤਰ ਗੁਰਮੀਤ ਪਾਲ ਸ਼ਰਮਾ ਨੇ ਦੱਸਿਆ ਕਿ ਇਸ ਚੈਂਪੀਅਨਸ਼ਿਪ ਵਿੱਚ 30 ਸਾਲ ਤੋਂ ਲੈ ਕੇ 90 ਸਾਲ ਤੱਕ ਦੇ ਐਥਲੀਟ ਭਾਗ ਲੈ ਸਕਦੇ ਹਨ। ਉਨ੍ਹਾਂ ਕਿਹਾ ਕਿ ਇਸ ਚੈਂਪੀਅਨਸ਼ਿਪ ਵਿੱਚ 5 ਕਿਲੋਮੀਟਰ ਵਾਕ ਰੇਸ, 5 ਕਿਲੋਮੀਟਰ ਰੇਸ, 1500 ਮੀਟਰ ਰੇਸ ਤੇ 800 ਮੀਟਰ ਰੇਸ ਆਦਿ ਪ੍ਰੋਗਰਾਮ ਕਰਾਏ ਜਾਣਗੇ। ਇਸ ਮੌਕੇ ਨਿਊ ਗੰਗਸਰ ਸਪੋਰਟਸ ਕਲੱਬ ਰਜਿ: ਦੇ ਸਰਪ੍ਰਸਤ ਸੰਤ ਬਾਬਾ ਰਿਸ਼ੀ ਰਾਮ, ਪ੍ਰਧਾਨ ਗੁਰਬੀਰ ਸਿੰਘ ਬਰਾੜ, ਕਨਵੀਨਰ ਜਸਵਿੰਦਰ ਸਿੰਘ, ਕਾਰਜਕਾਰੀ ਪ੍ਰਧਾਨ ਸੁਰਜੀਤ ਸਿੰਘ, ਜਨਰਲ ਸਕੱਤਰ ਦਵਿੰਦਰ ਬਾਬੂ, ਮੰਗਤ ਰਾਮ, ਅਮਰੀਕ ਸਿੰਘ, ਗੁਰਸਾਹਿਬ ਸਿੰਘ ਬਰਾੜ, ਪ੍ਰੈਸ ਸਕੱਤਰ ਗੁਰਮੀਤ ਪਾਲ ਸ਼ਰਮਾ, ਸੀਨੀਅਰ ਮੀਤ ਪ੍ਰਧਾਨ ਪਰਮਜੀਤ ਸਿੰਘ, ਗੁਰਵਿੰਦਰ ਸਿੰਘ ਬਰਾੜ, ਕੁਲਦੀਪ ਸਿੰਘ ਬਰਾੜ, ਨਿਰੰਜਨ ਸਿੰਘ, ਭੁਪਿੰਦਰ ਸਿੰਘ, ਪਰਵੀਨ ਸਿੰਗਲਾ ਤੇ ਰਾਕੇਸ ਭਲਵਾਨ ਆਦਿ ਹਾਜ਼ਰ ਸਨ।

# ਸਰਕਾਰ ਐੱਨ ਆਰ ਆਈਜ਼ ਦੀਆਂ ਜਾਇਦਾਦਾਂ ਤੇ ਜਾਨ-ਮਾਲ ਦੀ ਸੁਰੱਖਿਆ ਲਈ ਵਚਨਬੱਧ : ਧਾਲੀਵਾਲ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**

ਪੰਜਾਬ ਦੇ ਪਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਨਾਲ ਸਬੰਧਤ ਐੱਨ ਆਰ ਆਈਜ਼ ਦੀਆਂ ਸ਼ਿਕਾਇਤਾਂ ਤੇ ਮਸਲਿਆਂ ਨੂੰ ਲਗਾਤਾਰ ਹੱਲ ਕਰ ਰਹੀ ਹੈ ਤੇ ਉਨ੍ਹਾਂ ਦੀਆਂ ਜਾਇਦਾਦਾਂ ਤੇ ਜਾਨ-ਮਾਲ ਦੀ ਸੁਰੱਖਿਆ ਲਈ ਹਰ ਹੀਲੇ ਵਚਨਬੱਧ ਹੈ। ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇੜਲੇ ਪਿੰਡ ਲੱਡਾ ਵਿਖੇ ਸੂਬੇ ਦੇ ਅੱਠ ਜ਼ਿਲ੍ਹਿਆਂ ਨਾਲ ਸਬੰਧਤ ਐੱਨ ਆਰ ਆਈਜ਼ ਨਾਲ ਵਿਸ਼ੇਸ਼ ਮਿਲਣੀ ਕਰਨ ਇੱਥੇ ਪਹੁੰਚੇ ਹੋਏ ਸਨ।

ਇਸ ਮੌਕੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਅੱਜ ਦੀ ਐੱਨ ਆਰ ਆਈ ਮਿਲਣੀ 'ਚ ਸੰਗਰੂਰ ਦੇ ਨਾਲ-ਨਾਲ ਪਟਿਆਲਾ, ਫ਼ਤਿਹਗੜ੍ਹ ਸਾਹਿਬ, ਬਰਨਾਲਾ, ਮਾਲੇਰਕੋਟਲਾ, ਮਾਨਸਾ, ਲੁਧਿਆਣਾ ਤੇ ਬਠਿੰਡਾ ਨਾਲ ਸਬੰਧਤ ਪਰਵਾਸੀ ਪੰਜਾਬੀਆਂ ਦੀਆਂ 89 ਦਰਖਾਸਤਾਂ ਪ੍ਰਾਪਤ ਹੋਈਆਂ ਹਨ। ਉਨ੍ਹਾ ਦੱਸਿਆ ਕਿ ਅੱਜ ਪ੍ਰਾਪਤ ਹੋਈਆਂ ਦਰਖਾਸਤਾਂ ਵਿੱਚੋਂ ਬਹੁਤ ਸਾਰੀਆਂ ਦਾ ਨਿਪਟਾਰਾ ਮੌਕੇ 'ਤੇ ਕਰ ਦਿੱਤਾ ਗਿਆ ਹੈ ਅਤੇ ਜਿਹੜੀਆਂ ਦਰਖਾਸਤਾਂ ਲਈ ਜਾਂਚ ਜਾਂ ਰਿਕਾਰਡ ਵਾਚਣ ਦੀ ਲੋੜ ਹੈ, ਉਨ੍ਹਾਂ ਦਾ ਹੱਲ ਵੀ 31 ਮਾਰਚ ਤੱਕ ਕਰਵਾਉਣਾ ਯਕੀਨੀ ਬਣਾਇਆ ਜਾਵੇਗਾ, ਬਸ਼ਰਤੇ ਕਿ ਕੋਈ ਮਸਲਾ ਮਾਨਯੋਗ ਅਦਾਲਤਾਂ ਵਿੱਚ ਵਿਚਾਰ ਅਧੀਨ ਨਾ ਹੋਵੇ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਸਪੱਸ਼ਟ ਹਦਾਇਤਾਂ ਹਨ ਕਿ ਐੱਨ ਆਰ ਆਈਜ਼ ਦੇ ਵਾਪਸ ਜਾਣ ਤੋਂ ਪਹਿਲਾਂ-ਪਹਿਲਾਂ ਉਨ੍ਹਾਂ ਦੀਆਂ ਦਰਖਾਸਤਾਂ ਦਾ ਨਿਪਟਾਰਾ ਕਰਨਾ ਯਕੀਨੀ ਬਣਾਇਆ ਜਾਵੇ।

ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਦੁਨੀਆ ਭਰ ਵਿੱਚ ਵਸਦੇ ਪੰਜਾਬੀ ਐੱਨ ਆਰ ਆਈਜ਼ ਪੰਜਾਬ ਦੀ ਰੀੜ੍ਹ ਦੀ ਹੱਡੀ ਹਨ ਤੇ ਉਨ੍ਹਾਂ ਤੋਂ ਬਿਨਾਂ ਪੰਜਾਬ ਨੂੰ ਦੇਖਣਾ ਜਾਂ ਸੂਬੇ ਬਾਰੇ ਸੋਚਣਾ ਬਹੁਤ ਮੁਸ਼ਕਲ ਹੈ। ਉਨ੍ਹਾ ਅਪੀਲ ਕੀਤੀ ਕਿ ਐੱਨ ਆਰ ਆਈਜ਼ ਵੀ ਪੰਜਾਬ ਆ ਕੇ ਆਪਣੇ ਪਿੰਡਾਂ ਤੇ ਆਪਣੇ ਸ਼ਹਿਰਾਂ-ਕਸਬਿਆਂ ਦਾ ਸਰਵਪੱਖੀ ਵਿਕਾਸ ਯਕੀਨੀ ਬਣਾਉਣ ਲਈ ਸੂਬੇ ਵਿੱਚ ਨਿਵੇਸ਼ ਕਰਨ।

ਉਨ੍ਹਾ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਉਨ੍ਹਾਂ ਦੀ ਹਰ ਸੰਭਵ ਮਦਦ ਕਰਨੀ ਯਕੀਨੀ ਬਣਾਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿਧਾਇਕ ਸੰਗਰੂਰ ਨਰਿੰਦਰ ਕੌਰ ਭਰਾਜ, ਪ੍ਰਮੁੱਖ ਸਕੱਤਰ ਦਿਲੀਪ ਕੁਮਾਰ, ਸਕੱਤਰ ਕੰਵਲਪ੍ਰੀਤ ਬਰਾੜ, ਡਿਪਟੀ ਕਮਿਸ਼ਨਰ ਸੰਗਰੂਰ ਜਤਿੰਦਰ ਜੋਰਵਾਲ, ਡਿਪਟੀ ਕਮਿਸ਼ਨਰ ਮਾਨਸਾ ਪਰਮਵੀਰ ਸਿੰਘ, ਐੱਨ ਆਰ ਆਈ ਕਮਿਸ਼ਨ ਦੇ ਸੈਕਟਰੀ ਰਾਜਪਾਲ ਸਿੰਘ, ਚੇਅਰਮੈਨ ਗੁਰਮੇਲ ਸਿੰਘ ਘਰਾਚੋਂ, ਚੇਅਰਮੈਨ ਮਹਿੰਦਰ ਸਿੰਘ ਸਿੱਧੂ, ਚੇਅਰਮੈਨ ਦਲਵੀਰ ਸਿੰਘ ਢਿੱਲੋਂ, ਚੇਅਰਮੈਨ ਅਸ਼ੋਕ ਕੁਮਾਰ ਸਿੰਗਲਾ, ਚੇਅਰਮੈਨ ਜਸਵੀਰ ਸਿੰਘ ਕੁਦਨੀ, ਚੇਅਰਮੈਨ ਗੁਨਿੰਦਰਜੀਤ ਸਿੰਘ ਮਿੰਕੂ ਜਵੰਧਾ, ਚੇਅਰਮੈਨ ਅਵਤਾਰ ਸਿੰਘ ਈਲਵਾਲ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸੰਗਰੂਰ ਵਰਜੀਤ ਵਾਲੀਆ, ਸਬੰਧਤ ਜ਼ਿਲ੍ਹਿਆਂ ਦੇ ਅਧਿਕਾਰੀ ਤੇ ਵੱਡੀ ਗਿਣਤੀ 'ਚ ਐੱਨ ਆਰ ਆਈਜ਼ ਤੇ ਪਤਵੰਤੇ ਹਾਜ਼ਰ ਸਨ।



# ਵਿਧਾਇਕ ਅਸ਼ੋਕ ਪਰਾਸ਼ਰ ਵੱਲੋਂ 2 ਕਰੋੜ ਤੋਂ ਵੱਧ ਦੇ ਪ੍ਰੋਜੈਕਟਾਂ ਦਾ ਉਦਘਾਟਨ

**ਲੁਧਿਆਣਾ (ਰਾਜ ਸਿੰਗਲਾ)**

ਲੁਧਿਆਣਾ ਕੇਂਦਰੀ ਹਲਕੇ ਵਿੱਚ ਸੜਕਾਂ ਦੇ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਲਈ ਕੰਮ ਕਰਦੇ ਹੋਏ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਨੇ ਬੁੱਧਵਾਰ ਨੂੰ 2 ਕਰੋੜ ਰੁਪਏ ਤੋਂ ਵੱਧ ਦੇ ਵੱਖ-ਵੱਖ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ। ਇਨ੍ਹਾਂ ਪ੍ਰੋਜੈਕਟਾਂ ਵਿੱਚ ਗਿੱਲ ਰੋਡ ਤੋਂ ਪ੍ਰਤਾਪ ਚੌਕ ਨੂੰ ਜਾਣ ਵਾਲੀ ਓਵਰਲਾਕ ਰੋਡ ਦੇ ਪੁਨਰ ਨਿਰਮਾਣ ਦਾ ਪ੍ਰੋਜੈਕਟ ਤੇ ਗਿੱਲ ਰੋਡ 'ਤੇ ਲੋਹਾ ਬਾਜ਼ਾਰ 'ਚ ਸਰਵਿਸ ਲੇਨ 'ਤੇ ਇੰਟਰਲਾਕਿੰਗ ਟਾਈਲਾਂ ਲਗਾਉਣ ਦਾ ਪ੍ਰੋਜੈਕਟ ਸ਼ਾਮਲ ਹੈ। ਇਹ ਪ੍ਰੋਜੈਕਟ ਕ੍ਰਮਵਾਰ 1.23 ਕਰੋੜ ਤੇ 77.29 ਲੱਖ ਰੁਪਏ ਦੀ ਲਾਗਤ ਨਾਲ ਕਰਵਾਏ ਜਾ ਰਹੇ ਹਨ। ਵਿਧਾਇਕ ਪਰਾਸ਼ਰ ਨੇ ਇਲਾਕਾ ਨਿਵਾਸੀਆਂ, ਦੁਕਾਨਦਾਰਾਂ ਤੇ ਆਮ ਆਦਮੀ ਪਾਰਟੀ (ਆਪ) ਦੇ ਵਰਕਰਾਂ ਦੀ ਮੌਜੂਦਗੀ ਵਿੱਚ ਇਨ੍ਹਾਂ ਪ੍ਰੋਜੈਕਟ ਦਾ ਉਦਘਾਟਨ ਕੀਤਾ। ਨਗਰ ਨਿਗਮ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਉਹ ਕੰਮਾਂ ਦੀ ਗੁਣਵੱਤਾ 'ਤੇ ਨਜ਼ਰ ਰੱਖਣ ਤੇ ਪ੍ਰੋਜੈਕਟਾਂ ਨੂੰ ਨਿਰਧਾਰਤ ਸਮੇਂ 'ਚ ਮੁਕੰਮਲ ਕੀਤਾ ਜਾਵੇ। ਵਿਧਾਇਕ ਪਰਾਸ਼ਰ ਨੇ ਦੱਸਿਆ ਕਿ ਸੜਕ ਨਿਰਮਾਣ ਪ੍ਰਾਜੈਕਟਾਂ ਤੋਂ ਇਲਾਵਾ ਪਾਰਕਾਂ ਦੇ ਮੁੜ ਵਿਕਾਸ ਤੇ ਟਿਊਬਵੈੱਲ ਲਗਾ ਕੇ ਪੀਣ ਵਾਲੇ ਪਾਣੀ ਦੀ ਸਪਲਾਈ ਨੂੰ ਸੁਚਾਰੂ ਬਣਾਉਣ ਲਈ ਵੀ ਕਈ ਪ੍ਰਾਜੈਕਟ ਕਰਵਾਏ ਜਾ ਰਹੇ ਹਨ। ਯੋਜਨਾਬੰਦੀ ਦੇ ਪੜਾਅ 'ਤੇ ਵਸਨੀਕਾਂ ਤੋਂ ਫੀਡਬੈਕ ਲਈ ਜਾਂਦੀ ਹੈ, ਤਾਂ ਜੋ ਇਲਾਕਾ ਨਿਵਾਸੀਆਂ ਦੀਆਂ ਲੋੜਾਂ ਅਨੁਸਾਰ ਪ੍ਰੋਜੈਕਟਾਂ ਨੂੰ ਕਰਵਾਇਆ ਜਾ ਸਕੇ।



# ਪਾਰਟੀ 'ਚ ਨਵੇਂ ਚਿਹਰਿਆਂ ਦੀ ਸ਼ਮੂਲੀਅਤ ਆਪ ਆਗੂਆਂ ਲਈ ਬਣ ਸਕਦੀ ਐ ਖਤਰਾ !

**ਭਗਤਾ ਭਾਈ ਕਾ (ਰਾਜੀਵ ਗੋਇਲ)**-ਜਿਉਂ ਹੀ ਪੰਜ ਸਾਲ ਪੂਰੇ ਕਰ ਚੁੱਕੀਆਂ ਪੰਚਾਇਤਾਂ ਨੂੰ ਭੰਗ ਕਰਨ ਦਾ ਫੁਰਮਾਨ ਸੂਬਾ ਸਰਕਾਰ ਵੱਲੋਂ ਜਾਰੀ ਹੋਇਆ, ਤਿਉਂ ਹੀ ਅਹੁਦੇਦਾਰੀਆਂ/ਸਰਪੰਚ ਬਣਨ ਦੀ ਤਾਂਘ 'ਚ ਬੈਠੇ ਸਿਆਸੀ ਆਗੂਆਂ ਵੱਲੋਂ ਕੰਨ ਖੜੇ ਕਰ ਲਏ ਗਏ ਅਤੇ ਆਪਣੇ ਚਾਅ ਪੂਰੇ ਕਰਨ ਲਈ ਉਨ੍ਹਾਂ ਪਾਸ ਸਿਰਫ ਆਮ ਆਦਮੀ ਪਾਰਟੀ ਦਾ ਹੀ ਪਲੇਟਫਾਰਮ ਬਚਿਆ ਸੀ, ਕਿਉਂਕਿ ਪੁਰਾਣੀਆਂ ਪਾਰਟੀਆਂ 'ਚੋਂ ਨਾਰਾਜ਼ ਚੱਲ ਰਹੇ ਆਗੂਆਂ ਵੱਲੋਂ ਹੁਣ ਆਮ ਆਦਮੀ ਪਾਰਟੀ ਵੱਲ ਕੂਚ ਕੀਤਾ ਜਾ ਰਿਹਾ ਹੈ। ਬਹੁਤੇ ਆਗੂਆਂ ਵੱਲੋਂ ਤਾਂ ਅੰਦਰਖਾਤੇ ਬਹੁਤ ਸਮਾਂ ਪਹਿਲਾਂ ਹੀ ਸਮਝੌਤਾ ਕੀਤੇ ਜਾਣ ਦੇ ਚਰਚੇ ਸੁਣੇ ਜਾ ਚੁੱਕੇ ਹਨ, ਪਰ ਹੁਣ ਨਵੀਆਂ ਬਣਨ ਵਾਲੀਆਂ ਪੰਚਾਇਤਾਂ ਵਿੱਚ ਹਿੱਸਾ ਲੈਣ ਦੀ ਤਾਂਘ ਨੇ ਸਿਆਸੀ ਮਾਹੌਲ ਗਰਮਾ ਦਿੱਤਾ ਹੈ। ਭਾਵੇਂ ਹੀ ਇਨ੍ਹਾਂ ਦਲ ਬਦਲੂ ਆਗੂਆਂ ਦੇ ਚਲੇ ਜਾਣ ਸੰਬੰਧੀ ਪੁਰਾਣੀਆਂ ਪਾਰਟੀਆਂ ਦੇ ਨੇਤਾ ਕੁਝ ਜ਼ਿਆਦਾ ਪ੍ਰੇਸ਼ਾਨ ਨਹੀਂ ਹੋ ਰਹੇ, ਪਰ ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਇਹ ਸਭ ਪਰਤ ਆਉਣਗੇ। ਇਨ੍ਹਾਂ ਨਵੇਂ ਚਿਹਰਿਆਂ ਦੇ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣ ਨਾਲ ਪਾਰਟੀ ਦੇ ਪੁਰਾਣੇ ਆਗੂਆਂ ਨੂੰ ਭਵਿੱਖ 'ਚ ਖਤਰਾ ਜ਼ਰੂਰ ਪੈਦਾ ਹੋ ਸਕਦਾ ਹੈ, ਕਿਉਂਕਿ ਜਿਹੜੇ ਆਗੂ ਅਹੁਦੇਦਾਰੀਆਂ ਦੇ ਲਾਲਚੀ ਹੋਣਗੇ, ਉਹ ਪੁਰਾਣੇ ਪਾਰਟੀ ਵਰਕਰਾਂ ਦੇ ਮੂਹਰੇ ਰੋੜਾ ਜ਼ਰੂਰ ਬਣ ਸਕਦੇ ਹਨ। ਹੁਣ ਦੇਖਣਾ ਇਹ ਹੋਵੇਗਾ ਕਿ ਆਮ ਆਦਮੀ ਪਾਰਟੀ ਵਿੱਚ ਪੁਰਾਣੇ ਵਰਕਰਾਂ ਦੀ ਕੀ ਕਦਰ ਪੈਂਦੀ ਹੈ ਜਾਂ ਨਵਿਆਂ ਦੀ ?

# ਝਾੜ ਸਾਹਿਬ ਕਾਲਜ ਦੀਆਂ ਵਿਦਿਆਰਥਣਾਂ ਵੱਲੋਂ ਨਸ਼ਿਆਂ ਖਿਲਾਫ਼ ਜਾਗਰੂਕਤਾ ਰੈਲੀ

**ਮਾਛੀਵਾੜਾ ਸਾਹਿਬ/ਸਮਰਾਲਾ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ/ਸੁਰਜੀਤ ਸਿੰਘ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸਰਪ੍ਰਸਤੀ ਹੇਠ ਚੱਲ ਰਹੀ ਇਲਾਕੇ ਦੀ ਸਿਰਮੌਰ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ ਝਾੜ ਸਾਹਿਬ ਦੇ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੀ ਯੋਗ ਅਗਵਾਈ ਹੇਠ ਕਾਲਜ ਦੇ ਰੈੱਡ ਰੀਬਨ ਕਲੱਬ ਤੇ ਐੱਨ.ਐੱਸ.ਐੱਸ. ਯੂਨਿਟ ਦੇ ਇੰਚਾਰਜ ਪ੍ਰੋਫੈਸਰ ਜਸਵੀਰ ਕੌਰ, ਲੈਕਚਰਾਰ ਸੁਖਵਿੰਦਰ ਕੌਰ ਤੇ ਵਲੰਟੀਅਰ ਵੱਲੋਂ 'ਨਸ਼ਿਆਂ ਵਿਰੁੱਧ ਜਾਗਰੂਕਤਾ ਰੈਲੀ' ਕੱਢੀ ਗਈ। ਇਸ ਰੈਲੀ ਦਾ ਉਦੇਸ਼ ਲੋਕਾਂ ਨੂੰ ਨਸ਼ਿਆਂ ਦੇ ਸਰੀਰ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨਾ ਸੀ। ਇਸ ਰੈਲੀ ਵਿੱਚ ਵਿਦਿਆਰਥਣਾਂ ਵੱਲੋਂ ਤਖ਼ਤੀਆਂ ਉੱਤੇ ਨਸ਼ਿਆਂ ਵਿਰੁੱਧ ਲਿਖੇ ਗਏ ਸਲੋਗਨ ਤੇ ਪੋਸਟਰ ਹੱਥਾਂ ਵਿੱਚ ਫੜ ਕੇ ਸਲੋਗਨ ਉਚਾਰਦੇ ਹੋਏ ਲੋਕਾਂ ਨੂੰ ਜਾਗਰੂਕ ਕੀਤਾ। ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਵਿਦਿਆਰਥਣਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਨਸ਼ਿਆਂ ਦੀ ਲਾਹਨਤ ਖਿਲਾਫ਼ ਜਾਗਰੂਕਤਾ ਪੈਦਾ ਕਰਨ ਲਈ ਹਰੇਕ ਵਰਗ ਦੇ ਲੋਕਾਂ ਵੱਲੋਂ ਹੁੰਗਾਰਾ ਮਿਲਣਾ ਚਾਹੀਦਾ ਹੈ। ਇਸ ਰੈਲੀ ਦਾ ਮਕਸਦ ਨਸ਼ੇ ਤੋਂ ਮੁਕਤ ਜੀਵਨ ਦੀ ਮਹੱਤਤਾ ਬਾਰੇ ਨੌਜਵਾਨ ਪੀੜ੍ਹੀ ਨੂੰ ਜਾਗਰੂਕ ਕਰਨ ਦੇ ਨਾਲ-ਨਾਲ ਨਸ਼ਿਆਂ ਤੋਂ ਦੂਰ ਰਹਿਣ ਲਈ ਵੀ ਪ੍ਰੇਰਿਤ ਕਰਨਾ ਹੈ। ਉਨ੍ਹਾ ਕਿਹਾ ਕਿ ਅੱਜ ਦੀ ਇਹ ਰੈਲੀ ਇੱਕ ਚੰਗੇ ਤੇ ਸਿਹਤਮੰਦ ਸਮਾਜ ਦੀ ਸਿਰਜਣਾ ਕਰਨ ਵਿੱਚ ਸਾਰਥਿਕ ਸਿੱਧ ਹੋਵੇਗੀ। ਕਾਲਜ ਵਿਖੇ ਸਮੇਂ-ਸਮੇਂ 'ਤੇ ਵਿਦਿਆਰਥਣਾਂ ਨੂੰ ਸਮਾਜਿਕ ਕੁਰੀਤੀਆਂ ਤੋਂ ਜਾਣੂ ਕਰਵਾਉਣ ਹਿੱਤ ਲੈਕਚਰ ਵੀ ਕਰਵਾਏ ਜਾਂਦੇ ਹਨ। ਇਸ ਮੌਕੇ ਡਾ. ਸੁਨੀਤਾ ਕੋਸ਼ਲ, ਡਾ. ਮਹੀਪਿੰਦਰ ਕੌਰ, ਮੁਕੇਸ਼ ਸ਼ਰਮਾ, ਜਸਪਾਲ ਕੌਰ, ਸੁਖਵੀਰ ਸਿੰਘ, ਭਾਵਨਾ ਕੁਮਾਰੀ ਤੇ ਹਰਕਮਲ ਸਿੰਘ ਮੌਜੂਦ ਸਨ। ਕਾਲਜ ਦੀ ਲੋਕਲ ਮੈਨੇਜਿੰਗ ਕਮੇਟੀ ਵੱਲੋਂ ਵਿਦਿਆਰਥਣਾਂ ਦੇ ਜਾਗਰੂਕਤਾ ਰੈਲੀ ਕੱਢਣ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ।




# 65 ਪੇਟੀਆਂ ਅੰਗਰੇਜ਼ੀ ਸ਼ਰਾਬ ਤੇ 50 ਪੇਟੀਆਂ ਬੀਅਰ ਸਮੇਤ ਦੋ ਗ੍ਰਿਫ਼ਤਾਰ

**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਬਸੀ ਪਠਾਣਾਂ ਪੁਲਸ ਵੱਲੋਂ ਚੰਡੀਗੜ੍ਹ 'ਚ ਵਿਕਣਯੋਗ ਸ਼ਰਾਬ ਦੀਆਂ 65 ਪੇਟੀਆਂ ਅਤੇ ਬੀਅਰ ਦੀਆਂ 50 ਪੇਟੀਆਂ ਸਣੇ ਦੋ ਕੈਂਟਰ ਸਵਾਰ ਵਿਅਕਤੀਆਂ ਨੂੰ ਕਾਬੂ ਕੀਤੇ ਜਾਣ ਦਾ ਸਮਾਚਾਰ ਹੈ। ਡੀ.ਐਸ.ਪੀ. ਬਸੀ ਪਠਾਣਾਂ ਮੋਹਿਤ ਸਿੰਗਲਾ ਨੇ ਦੱਸਿਆ ਕਿ ਜ਼ਿਲ੍ਹਾ ਪੁਲਸ ਮੁਖੀ ਡਾ. ਰਵਜੋਤ ਗਰੇਵਾਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਤਹਿਤ ਥਾਣਾ ਬਸੀ ਪਠਾਣਾਂ ਦੇ ਐਸ.ਐਚ.ਓ. ਨਰਪਿੰਦਰ ਪਾਲ ਸਿੰਘ ਦੀ ਨਿਗਰਾਨੀ ਹੇਠ ਪੁਲਸ ਪਾਰਟੀ ਵੱਲੋਂ ਬਸੀ ਪਠਾਣਾਂ ਦੇ ਸ਼ਹੀਦਗੜ੍ਹ ਟੀ-ਪੁਆਇੰਟ ਨਜ਼ਦੀਕ ਨਾਕਾਬੰਦੀ ਕਰਕੇ ਚੈਕਿੰਗ ਕੀਤੀ ਜਾ ਰਹੀ ਸੀ ਤਾਂ ਸ਼ਹੀਦਗੜ੍ਹ ਵੱਲੋਂ ਆ ਰਹੇ ਆਈਸ਼ਰ ਕੈਂਟਰ ਨੰਬਰ -63-2604 ਨੂੰ ਚੈਕਿੰਗ ਲਈ ਰੋਕਿਆ ਗਿਆ, ਜਿਸ ਦੀ ਤਲਾਸ਼ੀ ਦੌਰਾਨ ਕੈਂਟਰ 'ਚੋਂ ਚੰਡੀਗੜ੍ਹ 'ਚ ਵਿਕਣਯੋਗ ਰੋਇਲ ਸਟੈਗ ਸ਼ਰਾਬ ਦੀਆਂ 50 ਪੇਟੀਆਂ, ਇੰਪੀਰੀਅਲ ਬਲੂ ਸ਼ਰਾਬ ਦੀਆਂ 15 ਪੇਟੀਆਂ ਅਤੇ 50 ਪੇਟੀਆਂ ਬੀਅਰ ਬਰਾਮਦ ਹੋਈ। ਉਨ੍ਹਾਂ ਦੱਸਿਆ ਕਿ ਕੈਂਟਰ ਚਾਲਕ ਰਾਜੇਸ਼ ਠਾਕੁਰ ਤੇ ਜਗਦੀਸ਼ ਕੁਮਾਰ ਚੌਹਾਨ ਵਾਸੀਆਨ ਹਿਮਾਚਲ ਪ੍ਰਦੇਸ਼ ਨੂੰ ਥਾਣਾ ਬਸੀ ਪਠਾਣਾਂ ਵਿਖੇ ਅ/ਧ 61, 78 (2)/1/14 ਆਬਕਾਰੀ ਐਕਟ ਤਹਿਤ ਦਰਜ ਕੀਤੇ ਗਏ ਮੁਕੱਦਮੇ 'ਚ ਗ੍ਰਿਫ਼ਤਾਰ ਕਰਕੇ ਅਦਾਲਤ 'ਚ ਪੇਸ਼ ਕੀਤਾ ਗਿਆ, ਜਿਨ੍ਹਾਂ ਨੂੰ ਅਦਾਲਤ ਵੱਲੋਂ ਤਿੰਨ ਦਿਨ ਦੇ ਪੁਲਿਸ ਰਿਮਾਂਡ 'ਤੇ ਭੇਜਿਆ ਗਿਆ ਹੈ ਤੇ ਮਾਮਲੇ ਦੀ ਤਫ਼ਤੀਸ਼ ਜਾਰੀ ਹੈ।



# ਡਾ. ਸਕਰੌਦੀ ਵੱਲੋਂ ਪੁਸਤਕ 'ਗੁਨਾਹਗਾਰ ਕੌਣ' ਤ੍ਰਿਲੋਚਨ ਚੀਮਾ ਨੂੰ ਭੇਟ

**ਸੰਗਰੂਰ (ਪ੍ਰਵੀਨ ਸਿੰਘ)**

ਡਾ. ਇਕਬਾਲ ਸਿੰਘ ਸਕਰੌਦੀ ਨੇ ਆਪਣੀ ਨਵ-ਪ੍ਰਕਾਸ਼ਤ ਕਹਾਣੀਆਂ ਦੀ ਪੁਸਤਕ 'ਗੁਨਾਹਗਾਰ ਕੌਣ' ਦੀ ਕਾਪੀ ਪਿੰਗਲਵਾੜਾ ਸੰਸਥਾ, ਧੂਰੀ ਰੋਡ ਸੰਗਰੂਰ ਦੀ ਲਾਇਬ੍ਰੇਰੀ ਲਈ ਸੰਸਥਾ ਦੇ ਮੁੱਖ ਪ੍ਰਬੰਧਕ ਤ੍ਰਿਲੋਚਨ ਸਿੰਘ ਚੀਮਾ ਨੂੰ ਭੇਟ ਕੀਤੀ। ਇਸ ਮੌਕੇ ਸਹਾਇਕ ਪ੍ਰਬੰਧਕ ਹਰਜੀਤ ਸਿੰਘ ਅਰੋੜਾ ਨੇ ਦੱਸਿਆ ਕਿ 'ਗੁਨਾਹਗਾਰ ਕੌਣ' ਕਹਾਣੀ ਸੰਗ੍ਰਹਿ ਵਿੱਚ ਚੌਵੀ ਕਹਾਣੀਆਂ ਸ਼ਾਮਲ ਕੀਤੀਆਂ ਗਈਆਂ ਹਨ। ਸਕਰੌਦੀ ਦੀਆਂ ਕਹਾਣੀਆਂ ਵਿੱਚ ਮਾਂ, ਸਿੱਖਿਆ, ਰਿਸ਼ਤੇ, ਵਫ਼ਾ-ਬੇਵਫ਼ਾ, ਬੱਚੇ, ਮਾਸੂਮੀਅਤ, ਅਧਿਆਪਕ, ਮੋਹ, ਮੁਹੱਬਤ, ਮਮਤਾ, ਭੁੱਖਾਂ, ਤ੍ਰੇਹਾਂ, ਵਰਜਨਾਵਾਂ, ਸਿਆਣਪਾਂ ਤੇ ਅੱਖਾਂ ਵਿੱਚੋਂ ਵਹਿੰਦੇ ਹੰਝੂਆਂ ਦੀ ਸਿੱਲ੍ਹ ਦਾ ਅਨੁਵਾਦ ਕੀਤਾ ਮਿਲਦਾ ਹੈ। ਕਹਾਣੀਕਾਰ ਸਿੱਧੇ ਸਾਦੇ ਢੰਗ ਨਾਲ ਕਹਾਣੀ ਸ਼ੁਰੂ ਕਰਕੇ ਅੰਤ ਵਿੱਚ ਐਸਾ ਟਵਿਸਟ ਦਿੰਦਾ ਹੈ ਕਿ ਕਹਾਣੀ ਦਾ ਕੇਂਦਰੀ ਨੁਕਤਾ ਉੱਭਰ ਕੇ ਪੜ੍ਹਤਕਾਰ ਅੱਗੇ ਆ ਖੜਦਾ ਹੈ। ਸੁਰਿੰਦਰਪਾਲ ਸਿੰਘ ਸਿਦਕੀ ਨੇ ਕਿਹਾ ਕਿ ਡਾ. ਇਕਬਾਲ ਦੀਆਂ ਕਹਾਣੀਆਂ ਕਿਸ਼ੋਰ ਉਮਰ ਦੇ ਲੜਕੇ ਲੜਕੀਆਂ ਦੀਆਂ ਸਰੀਰਕ, ਮਾਨਸਿਕ, ਭਾਵਨਾਤਮਕ ਤੇ ਵਿਵਹਾਰਕ ਤਬਦੀਲੀਆਂ ਨੂੰ ਬਾਖੂਬੀ ਢੰਗ ਨਾਲ ਪੇਸ਼ ਕਰਦੀਆਂ ਹਨ। ਇਸ ਮੌਕੇ ਤ੍ਰਿਲੋਚਨ ਸਿੰਘ ਚੀਮਾ ਨੇ ਕਿਹਾ ਕਿ ਡਾ. ਇਕਬਾਲ ਸਿੰਘ ਸਿੱਖਿਆ ਵਿਭਾਗ ਪੰਜਾਬ ਵਿੱਚੋਂ ਇੱਕ ਅਧਿਕਾਰੀ ਦੇ ਤੌਰ 'ਤੇ ਸੇਵਾ ਮੁਕਤ ਹੋਏ ਹਨ। ਉਨ੍ਹਾ ਆਪਣੇ ਜੀਵਨ ਦੇ ਲੰਮੇਰੇ ਅਨੁਭਵ ਨੂੰ ਇਨ੍ਹਾਂ ਕਹਾਣੀਆਂ ਦੇ ਵਿਸ਼ੇ ਬਣਾਇਆ ਹੈ। ਮੈਂ ਆਸ ਕਰਦਾ ਹਾਂ ਕਿ ਉਹ ਆਪਣੇ ਸਾਹਿਤਕ ਸਫਰ ਨੂੰ ਨਿਰੰਤਰ ਜਾਰੀ ਰੱਖਦੇ ਹੋਏ ਲੋਕ ਸੇਵਾ ਦੇ ਖੇਤਰ ਵਿੱਚ ਵੀ ਆਪਣਾ ਯੋਗਦਾਨ ਪਾਉਣਗੇ।

ਇਸ ਮੌਕੇ ਹੈੱਡਮਾਸਟਰ ਮੁਖਤਿਆਰ ਸਿੰਘ, ਪ੍ਰਿੰਸੀਪਲ ਬਲਵੰਤ ਸਿੰਘ, ਡਾ. ਬਲਦੇਵ ਸਿੰਘ, ਜਗਜੀਵਨ ਸਿੰਘ ਕੈਨੇਡਾ, ਬੀਬੀ ਰਵਨੀਤ ਕੌਰ ਆਦਿ ਹਾਜ਼ਰ ਸਨ।



# ਮਾਤਾ ਸਾਹਿਬ ਕੌਰ ਖਾਲਸਾ ਕਾਲਜ ਵਿਖੇ ਸਾਲਾਨਾ ਖੇਡ ਸਮਾਗਮ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਵਾਲੀ ਤੇ ਪ੍ਰਿੰਸੀਪਲ ਡਾ. ਗੋਬਿੰਦ ਸਿੰਘ ਦੀ ਅਗਵਾਈ ਹੇਠ ਚੱਲ ਰਹੀ ਇਸ ਇਲਾਕੇ ਦੀ ਸਿਰਮੌਰ ਸੰਸਥਾ ਮਾਤਾ ਸਾਹਿਬ ਕੌਰ ਖਾਲਸਾ ਕਾਲਜ ਤਲਵੰਡੀ ਭਾਈ ਵਿਖੇ 13ਵਾਂ ਸਾਲਾਨਾ ਖੇਡ ਸਮਾਰੋਹ ਕਰਵਾਇਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਜੋਗਿੰਦਰ ਸਿੰਘ ਜਿੰਦੂ ਸਾਬਕਾ ਐੱਮ ਐੱਲ ਏ (ਫਿਰੋਜ਼ਪੁਰ ਦਿਹਾਤੀ) ਉਚੇਚੇ ਤੌਰ 'ਤੇ ਪਹੁੰਚੇ।ਇਨ੍ਹਾਂ ਦੇ ਨਾਲ ਗੁਰਮੀਤ ਸਿੰਘ ਬੂਹ (ਇੰਚਾਰਜ ਵਿੱਦਿਆ ਤੇ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਦਰਸ਼ਨ ਸਿੰਘ ਸ਼ੇਰ ਖਾਂ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਕੁਲਵੰਤ ਸਿੰਘ ਕਲਸੀ (ਪ੍ਰਿੰਸੀਪਲ ਭੁਪਿੰਦਰਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ) ਤੇ ਕੁਲਵੰਤ ਸਿੰਘ (ਮੈਨੇਜਰ, ਗੁਰਦੁਆਰਾ ਗੁਰੂਸਰ ਸ੍ਰੀ ਜਾਮਨੀ ਸਾਹਿਬ) ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਹਾਜ਼ਰ ਹੋਏ।ਜਥੇ. ਸਤਪਾਲ ਸਿੰਘ ਤਲਵੰਡੀ (ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ) ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ।ਪ੍ਰਿੰਸੀਪਲ ਨੇ ਦੱਸਿਆ ਕਿ ਇਸ ਖੇਡ ਸਮਾਰੋਹ ਦੀ ਸ਼ੁਰੂਆਤ ਵਿਦਿਆਰਥੀਆਂ ਨੇ ਸ਼ਬਦ ਗਾਇਨ ਨਾਲ ਕੀਤੀ ਤੇ ਮੁੱਖ ਮਹਿਮਾਨ ਦੁਆਰਾ ਝੰਡਾ ਚੜ੍ਹਾਉਣ ਦੀ ਰਸਮ ਅਦਾ ਕੀਤੀ ਗਈ।ਕਾਲਜ ਦੇ ਵਿਦਿਆਰਥੀਆਂ ਦੇ ਚਾਰ ਹਾਊਸ ਬਣਾਏ ਗਏ, ਜਿਨ੍ਹਾਂ ਨੇ ਮਾਰਚ ਪਾਸਟ ਦੀ ਰਸਮ ਰਾਹੀਂ ਮੁੱਖ ਮਹਿਮਾਨ ਤੇ ਕਾਲਜ ਦੇ ਝੰਡੇ ਨੂੰ ਸਲਾਮੀ ਦਿੱਤੀ।ਮਸ਼ਾਲ ਜਗਾਉਣ ਉਪਰੰਤ ਸਹੁੰ ਚੁੱਕਣ ਦੀ ਰਸਮ ਅਦਾ ਕੀਤੀ ਗਈ।ਇਸ ਸਮਾਰੋਹ ਵਿੱਚ 100 ਮੀਟਰ ਤੇ 200 ਮੀਟਰ, 400 ਮੀਟਰ ਤੇ ਰੀਲੇਅ ਦੌੜਾਂ ਕਰਵਾਈਆਂ ਗਈਆਂ।ਇਸ ਦੇ ਨਾਲ ਹੀ ਸ਼ਾਟਪੁੱਟ, ਜੈਵਲਿਨ ਥਰੋਅ ਤੇ ਡਿਸਕਸ ਥਰੋਅ ਦੇ ਮੁਕਾਬਲੇ ਵੀ ਕਰਵਾਏ ਗਏ।ਇਸ ਤੋਂ ਇਲਾਵਾ ਪ੍ਰੋਫੈਸਰ ਦੀ ਮਿਊਜ਼ੀਕਲ ਚੇਅਰ ਤੇ ਥ੍ਰੀ ਲੈਗ ਰੇਸ ਵੀ ਕਰਵਾਈ ਗਈ।ਇਨ੍ਹਾਂ ਮੁਕਾਬਲਿਆਂ ਤੋਂ ਇਲਾਵਾ ਵਿਰਾਸਤੀ ਖੇਡਾਂ ਵੀ ਕਰਵਾਈਆਂ ਗਈਆਂ।ਸੰਸਥਾ ਦੀਆਂ ਖਿਡਾਰਣਾਂ ਮਨਦੀਪ ਕੌਰ (ਬੀ ਏ ਭਾਗ ਤੀਜਾ) ਤੇ ਰੇਸ਼ਮਾ (ਬੀ ਏ ਭਾਗ ਦੂਜਾ) ਵਧੀਆ ਖਿਡਾਰਣਾਂ ਤੇ ਲਵਪ੍ਰੀਤ ਸਿੰਘ (ਬੀ ਏ ਭਾਗ ਦੂਜਾ) ਵਧੀਆ ਖਿਡਾਰੀ ਐਲਾਨੇ ਗਏ।ਬੈਸਟ ਹਾਊਸ ਮਾਤਾ ਗੰਗਾ ਜੀ ਹਾਊਸ ਐਲਾਨਿਆ ਗਿਆ।ਅਖੀਰ ਵਿੱਚ ਪ੍ਰਿੰਸੀਪਲ ਵੱਲੋਂ ਝੰਡਾ ਉਤਾਰਨ ਦੀ ਰਸਮ, ਜਿਨ੍ਹਾਂ ਦੀ ਅਗਵਾਈ ਪ੍ਰੋਫੈਸਰ ਗੁੰਜਨ ਤੇ ਪ੍ਰੋਫੈਸਰ ਰਾਜਵਿੰਦਰ ਕੌਰ ਦੁਆਰਾ ਕੀਤੀ ਗਈ।ਇਸ ਮੌਕੇ ਇਸ ਇਲਾਕੇ ਦੀਆਂ ਨਾਮਵਰ ਹਸਤੀਆਂ ਮਾਸਟਰ ਨਾਇਬ ਸਿੰਘ ਬਰਾੜ, ਸੰਤੋਖ ਸਿੰਘ ਘੜਿਆਲ, ਬਲਵੰਤ ਸਿੰਘ ਭੰਗਰਾ, ਬੰਤ ਸਿੰਘ ਕਲਸੀ, ਮਾਸਟਰ ਬੂਟਾ ਰਾਮ, ਸੁਰਜੀਤ ਸਿੰਘ ਬਜਾਜ, ਗੁਰਦੀਪ ਸਿੰਘ ਕਮਰਾ, ਸੁਖਵਿੰਦਰ ਸਿੰਘ ਕਲਸੀ, ਇੰਦਰਜੀਤ ਸਿੰਘ ਕਲਸੀ, ਸੰਜੀਵ ਕੁਮਾਰ ਕਾਲਾ, ਗੁਰਵੰਤ ਸਿੰਘ (ਰਿਕਾਰਡਕੀਪਰ, ਗੁਰਦੁਆਰਾ ਗੁਰੂਸਰ ਸ੍ਰੀ ਜਾਮਨੀ ਸਾਹਿਬ) ਹਾਜ਼ਰ ਸਨ।



# ਬਾਬਾ ਮੋਨੀ ਜੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਵਿਖੇ ਐਥਲੈਟਿਕ ਮੀਟ ਕਰਾਈ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**

ਬਾਬਾ ਮੋਨੀ ਜੀ ਮਹਾਰਾਜ ਗਰੁੱਪ ਆਫ ਇੰਸਟੀਚਿਊਸ਼ਨਜ਼ ਲਹਿਰਾ ਮੁਹੱਬਤ ਵਿਖੇ ਸਾਲਾਨਾ ਐਥਲੈਟਿਕ ਮੀਟ ਕਰਵਾਈ ਗਈ। ਸ਼ੁਰੂਆਤ ਵੱਖ-ਵੱਖ ਹਾਊਸਾਂ ਦੁਆਰਾ ਮਾਰਚ ਪਾਸਟ ਤੇ ਮਸ਼ਾਲ ਜਲਾਉਣ ਦੀ ਰਸਮ ਨਾਲ ਹੋਈ। ਮੰਚ ਸੰਚਾਲਨ ਦੀ ਭੂਮਿਕਾ ਪ੍ਰੋ. ਸੁਖਦੀਪ ਕੌਰ ਤੇ ਪ੍ਰੋ. ਰੁਚਿਕਾ ਨੇ ਨਿਭਾਈ। ਲੜਕੀਆਂ ਦੀ 100 ਮੀ: ਦੌੜ 'ਚ ਸਿਮਰਜੀਤ ਕੌਰ (ਬੀ.ਐੱਡ ਭਾਗ-2) ਨੇ ਪਹਿਲਾ, ਸਵਰਨਜੀਤ ਕੌਰ (ਬੀ ਏ ਭਾਗ-1) ਨੇ ਦੂਜਾ ਤੇ ਰਾਜਵੀਰ ਕੌਰ (ਬੀ ਏ ਭਾਗ-1) ਨੇ ਤੀਜਾ, ਲੜਕਿਆਂ 'ਚੋਂ ਮੁਹੰਮਦ ਅਮਾਰ ਬਿਨ (ਬੀ. ਐੱਸ. ਸੀ ਨਰਸਿੰਗ ਭਾਗ-3) ਨੇ ਪਹਿਲਾ, ਦੀਪਕ (ਬੀ. ਐੱਸ. ਸੀ. ਨਰਸਿੰਗ ਭਾਗ-2) ਨੇ ਦੂਜਾ ਤੇ ਦੀਦਾਰ ਸਿੰਘ (ਬੀ. ਐੱਡ ਭਾਗ-2) ਨੇ ਤੀਜਾ, ਲੜਕੀਆਂ ਲੰਮੀ ਛਾਲ 'ਚ ਸਿਮਰਜੀਤ ਕੌਰ (ਬੀ. ਐੱਡ ਭਾਗ-2) ਨੇ ਪਹਿਲਾ, ਰਾਜਵੀਰ ਕੌਰ (ਬੀ. ਏ ਭਾਗ-1) ਨੇ ਦੂਜਾ ਤੇ ਅੰਜਲੀ ਸ਼ਰਮਾ (ਬੀ. ਏ ਭਾਗ-3) ਨੇ ਤੀਜਾ, ਲੜਕਿਆਂ 'ਚ ਖਾਲਿਦ ਬਸ਼ੀਰ (ਬੀ. ਐੱਸ. ਸੀ ਨਰਸਿੰਗ ਭਾਗ-2) ਨੇ ਪਹਿਲਾ, ਦੀਪਕ ਕੁਮਾਰ (ਬੀ. ਐੱਸ. ਸੀ ਨਰਸਿੰਗ ਭਾਗ-2) ਨੇ ਦੂਜਾ ਤੇ ਦੀਦਾਰ ਸਿੰਘ (ਬੀ. ਐੱਡ ਭਾਗ-2) ਨੇ ਤੀਜਾ, ਲੜਕੀਆਂ 'ਸ਼ਾਟ ਪੁੱਟ' 'ਚ ਬਾਵਿਆ (ਬੀ ਐੱਸ ਸੀ ਨਰਸਿੰਗ ਭਾਗ-1) ਨੇ ਪਹਿਲਾ, ਸੰਦੀਪ ਕੌਰ (ਬੀ. ਏ ਭਾਗ-3) ਨੇ ਦੂਜਾ ਤੇ ਅੰਜਲੀ ਸ਼ਰਮਾ (ਬੀ ਏ ਭਾਗ-3) ਨੇ ਤੀਜਾ, ਲੜਕਿਆਂ 'ਚ ਦੀਦਾਰ ਸਿੰਘ (ਬੀ. ਐੱਡ ਭਾਗ-2) ਨੇ ਪਹਿਲਾ, ਗੁਰਵੀਰ ਸਿੰਘ (ਬੀ. ਐੱਡ ਭਾਗ-2) ਨੇ ਦੂਜਾ ਅਤੇ ਆਬਿਦ ਇਕਬਾਲ (ਬੀ. ਐੱਸ. ਸੀ ਨਰਸਿੰਗ ਭਾਗ-2) ਨੇ ਤੀਜਾ, ਲੜਕੇ 800 ਮੀ: ਦੌੜ 'ਚ ਆਦਿਲ ਅਹਿਮਦ ਸ਼ੇਖ (ਬੀ. ਐੱਸ. ਸੀ ਨਰਸਿੰਗ ਭਾਗ-2) ਨੇ ਪਹਿਲਾ, ਦੀਦਾਰ ਸਿੰਘ (ਬੀ. ਐੱਡ ਭਾਗ-2) ਨੇ ਦੂਜਾ ਤੇ ਆਬਿਦ ਇਕਬਾਲ (ਬੀ. ਐੱਸ. ਸੀ ਨਰਸਿੰਗ ਭਾਗ-2) ਨੇ ਤੀਜਾ, ਲੜਕੇ 200 ਮੀ: ਦੌੜ 'ਚ ਦੀਦਾਰ ਸਿੰਘ (ਬੀ. ਐੱਡ ਭਾਗ-2) ਨੇ ਪਹਿਲਾ, ਆਦਿਲ ਅਹਿਮਦ (ਬੀ. ਐੱਸ. ਸੀ ਨਰਸਿੰਗ ਭਾਗ-2) ਨੇ ਦੂਜਾ ਤੇ ਦੀਪਕ ਕੁਮਾਰ (ਬੀ. ਐੱਸ. ਸੀ ਨਰਸਿੰਗ ਭਾਗ-2) ਨੇ ਤੀਜਾ, ਲੜਕੀਆਂ 'ਚ ਰਮਨਦੀਪ ਕੌਰ (ਬੀ. ਸੀ. ਏ ਭਾਗ-3) ਨੇ ਪਹਿਲਾ, ਕਰਮਜੀਤ ਕੌਰ (ਬੀ. ਏ ਭਾਗ-2) ਨੇ ਦੂਜਾ ਤੇ ਅੰਜਲੀ ਸ਼ਰਮਾ (ਬੀ. ਏ ਭਾਗ-3) ਨੇ ਤੀਜਾ, ਸੈਕ ਰੇਸ ਲੜਕੀਆਂ 'ਚ ਸਿਮਰਜੀਤ ਕੌਰ (ਬੀ. ਐੱਡ ਭਾਗ-2) ਨੇ ਪਹਿਲਾ, ਸੰਦੀਪ ਕੌਰ (ਬੀ. ਏ ਭਾਗ-3) ਨੇ ਤੀਜਾ ਤੇ ਅੰਜਲੀ ਸ਼ਰਮਾ (ਬੀ ਏ ਭਾਗ-3) ਨੇ ਤੀਜਾ, ਬੈਕ ਰੇਸ ਲੜਕਿਆਂ 'ਚ ਦੀਦਾਰ ਸਿੰਘ (ਬੀ. ਐੱਡ ਭਾਗ-2) ਨੇ ਪਹਿਲਾ, ਇਮਰਾਨ ਨਾਜ਼ਿਰ (ਬੀ. ਐੱਸ. ਸੀ ਨਰਸਿੰਗ ਭਾਗ-2) ਨੇ ਦੂਜਾ ਤੇ ਆਕਿਫ਼ ਹੁਸੈਨ (ਬੀ. ਐੱਸ. ਸੀ ਨਰਸਿੰਗ ਭਾਗ-3) ਨੇ ਤੀਜਾ, ਲੜਕੀਆਂ 'ਚ ਸੰਦੀਪ ਕੌਰ (ਬੀ ਏ ਭਾਗ-3) ਨੇ ਪਹਿਲਾ, ਅੰਜਲੀ ਸ਼ਰਮਾ (ਬੀ ਏ ਭਾਗ-3) ਨੇ ਦੂਜਾ ਤੇ ਮਨਵੀਰ ਕੌਰ (ਬੀ. ਐੱਸ. ਨਰਸਿੰਗ) ਨੇ ਤੀਜਾ, ਜੈਵਲਿਨ ਥਰੋ ਲੜਕਿਆਂ 'ਚ ਗੁਰਵੀਰ ਸਿੰਘ (ਬੀ. ਐੱਡ ਭਾਗ-2) ਨੇ ਪਹਿਲਾ, ਆਕਿਫ਼ ਹੁਸੈਨ (ਬੀ. ਐੱਸ. ਸੀ ਨਰਸਿੰਗ ਭਾਗ-3) ਨੇ ਦੂਜਾ ਤੇ ਦੀਦਾਰ ਸਿੰਘ (ਬੀ. ਐੱਡ ਭਾਗ-2) ਨੇ ਤੀਜਾ, ਡਿਸਕਸ ਥਰੋ ਲੜਕਿਆਂ 'ਚ ਮੁਹੰਮਦ ਅਮਾਰ (ਬੀ. ਐੱਸ ਨਰਸਿੰਗ ਭਾਗ-3) ਨੇ ਪਹਿਲਾ, ਗੁਰਵੀਰ ਸਿੰਘ (ਬੀ. ਐੱਡ ਭਾਗ-2) ਨੇ ਦੂਜਾ ਤੇ ਦੀਦਾਰ ਸਿੰਘ (ਬੀ. ਐੱਡ ਭਾਗ-2) ਨੇ ਤੀਜਾ, ਲੜਕੀਆਂ 'ਚ ਛਗਨੀ (ਜੀ. ਐੱਨ. ਐੱਮ ਭਾਗ-1) ਨੇ ਪਹਿਲਾ, ਸੁਖਮਨਪ੍ਰੀਤ ਕੌਰ (+1) ਨੇ ਦੂਜਾ ਤੇ ਸੰਦੀਪ ਕੌਰ (ਬੀ ਏ ਭਾਗ-3) ਨੇ ਤੀਜਾ, ਥ੍ਰੀ ਲੈੱਗ ਰੇਸ 'ਚ ਮਨਵੀਰ ਕੌਰ ਤੇ ਹਰਲੀਨ ਕੌਰ (ਬੀ. ਐੱਸ ਨਰਸਿੰਗ ਭਾਗ-1) ਨੇ ਪਹਿਲਾ, ਸਿਮਰਜੀਤ ਕੌਰ ਤੇ ਵੀਰਜੀਤ ਕੌਰ (ਬੀ. ਐੱਡ ਭਾਗ-2) ਨੇ ਦੂਜਾ ਤੇ ਕਸ਼ਿਸ਼ ਕੰਬੋਜ (ਬੀ. ਐੱਸ ਨਰਸਿੰਗ ਭਾਗ-3) ਤੇ ਜੈਸਮੀਨ ਕੌਰ (ਬੀ. ਐੱਸ ਨਰਸਿੰਗ ਭਾਗ-1) ਨੇ ਤੀਜਾ, ਵਨ ਲੈੱਗ ਰੇਸ 'ਚ ਸਿਮਰਜੀਤ ਕੌਰ (ਬੀ. ਐੱਡ ਭਾਗ-2) ਨੇ ਪਹਿਲਾ, ਸੰਦੀਪ ਕੌਰ (ਬੀ ਏ ਭਾਗ-3) ਨੇ ਦੂਜਾ ਤੇ ਰਮਨਦੀਪ ਕੌਰ (+1) ਨੇ ਤੀਜਾ ਸਥਾਨ ਹਾਸਲ ਕੀਤਾ। ਬੈਸਟ ਐਥਲੀਟ ਦਾ ਖਿਤਾਬ ਲੜਕਿਆਂ 'ਚੋਂ ਦੀਦਾਰ ਸਿੰਘ (ਬੀ. ਐੱਡ ਭਾਗ-2) ਤੇ ਲੜਕੀਆਂ 'ਚੋਂ ਸਿਮਰਜੀਤ ਕੌਰ (ਬੀ. ਐੱਡ ਭਾਗ-2) ਨੇ ਹਾਸਲ ਕੀਤਾ। ਸ਼ਹੀਦ ਭਗਤ ਸਿੰਘ ਹਾਊਸ 'ਬੈਸਟ ਹਾਊਸ' ਐਲਾਨਿਆ ਗਿਆ। ਸਮਾਗਮ ਦੀ ਸਮਾਪਤੀ ਸਮੇਂ ਇਨਾਮ ਵੰਡ ਸਮਾਰੋਹ ਵਿੱਚ ਡਿਗਰੀ ਕਾਲਜ ਦੇ ਪ੍ਰਿੰਸੀਪਲ ਪ੍ਰੋ. ਅਮਨਿੰਦਰ ਕੌਰ, ਐਜੂਕੇਸ਼ਨ ਕਾਲਜ ਦੇ ਵਾਈਸ ਪ੍ਰਿੰਸੀਪਲ ਪ੍ਰੋ. ਦਨੇਸ਼ ਕੁਮਾਰ, ਨਰਸਿੰਗ ਕਾਲਜ ਦੇ ਪ੍ਰਿੰਸੀਪਲ ਸ਼ੀਬਾ ਅਨੀਤਾ ਰਾਣੀ ਤੋਂ ਇਲਾਵਾ ਤਿੰਨੋਂ ਕਾਲਜਾਂ ਦੇ ਸਟਾਫ ਮੈਂਬਰ ਸ਼ਾਮਲ ਸਨ।



# ਆਮ ਆਦਮੀ ਕਲੀਨਿਕਾਂ ਲਈ ਨਿਯੁਕਤ ਸਟਾਫ਼ ਨੂੰ ਦਿੱਤੇ ਨਿਯੁਕਤੀ ਪੱਤਰ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ)**

ਪੰਜਾਬ ਸਰਕਾਰ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਉਪਲਬਧ ਕਰਾਉਣ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ। ਇਸ ਸਬੰਧ ਵਿਚ ਦਫ਼ਤਰ ਸਿਵਲ ਸਰਜਨ ਵਿਖੇ ਡਾ. ਨਵਜੋਤ ਕੌਰ ਸਿਵਲ ਸਰਜਨ ਵੱਲੋਂ ਦੋ ਮਾਰਚ ਤੋਂ ਨਵੇਂ ਸ਼ੁਰੂ ਕੀਤੇ ਜਾ ਰਹੇ ਦੋ ਆਮ ਆਦਮੀ ਕਲੀਨਿਕਾਂ ਲਈ ਮੈਡੀਕਲ ਅਫ਼ਸਰਾਂ, ਫਾਰਮਾਸਿਸਟਾਂ ਤੇ ਕਲੀਨੀਕਲ ਸਹਾਇਕਾਂ ਨੂੰ ਨਿਯੁਕਤੀ ਪੱਤਰ ਦਿੱਤੇ ਗਏ।

ਡਾ. ਨਵਜੋਤ ਕੌਰ ਸਿਵਲ ਸਰਜਨ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਵਧੀਆ ਅਤੇ ਘਰਾਂ ਦੇ ਨਜ਼ਦੀਕ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਸ਼ੁਰੂ ਕੀਤੇ ਆਮ ਆਦਮੀ ਕਲੀਨਿਕ ਲੋਕਾਂ ਲਈ ਵਰਦਾਨ ਸਾਬਤ ਹੋ ਰਹੇ ਹਨ। ਉਨ੍ਹਾਂ ਦੱਸਿਆ ਕਿ ਜਿਲ੍ਹੇ ਸ੍ਰੀ ਮੁਕਤਸਰ ਸਾਹਿਬ ਵਿੱਚ 20 ਆਮ ਆਦਮੀ ਕਲੀਨਿਕ ਵੱਖ-ਵੱਖ ਪਿੰਡਾਂ ਤੇ ਸ਼ਹਿਰਾਂ ਵਿਚ ਲੋਕਾਂ ਨੂੰ ਘਰਾਂ ਦੇ ਨੇੜੇ ਵਧੀਆ ਸਿਹਤ ਸਹੂਲਤਾਂ ਪ੍ਰਦਾਨ ਕਰ ਰਹੇ ਹਨ ਤੇ ਦੋ ਮਾਰਚ 2024 ਤੋਂ ਜ਼ਿਲ੍ਹੇ ਵਿੱਚ ਦੋ ਹੋਰ ਆਮ ਆਦਮੀ ਕਲੀਨਿਕ ਗਿੱਦੜਬਾਹਾ ਤੇ ਬਰੀਵਾਲਾ ਵਿਖੇ ਖੁੱਲ੍ਹਣ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿੱਚ ਚੱਲ ਰਹੇ 20 ਆਮ ਆਦਮੀ ਕਲੀਨਿਕਾਂ ਵੱਲੋਂ ਹੁਣ ਤੱਕ 195927 ਮਰੀਜ਼ਾਂ ਨੇ ਚੈੱਕਅਪ ਕਰਾ ਕੇ ਮੁਫ਼ਤ ਦਵਾਈਆਂ ਪ੍ਰਾਪਤ ਕੀਤੀਆਂ ਹਨ ਅਤੇ ਹੁਣ ਤੱਕ 82825 ਮਰੀਜ਼ਾਂ ਦੇ ਲੈਬ ਟੈਸਟ ਵੀ ਮੁਫ਼ਤ ਕੀਤੇ ਗਏ ਹਨ।

ਉਨ੍ਹਾਂ ਦੱਸਿਆ ਕਿ ਆਮ ਆਦਮੀ ਕਲੀਨਿਕਾਂ ਵਿੱਚ ਮੌਕੇ 'ਤੇ ਹੀ ਮਰੀਜ਼ਾਂ ਦਾ ਚੈੱਕਅਪ ਕਰਕੇ ਲੋੜੀਂਦੀਆਂ ਦਵਾਈਆਂ ਮੁਫ਼ਤ ਦਿੱਤੀਆਂ ਜਾ ਰਹੀਆਂ ਹਨ। ਆਮ ਆਦਮੀ ਕਲੀਨਿਕਾਂ ਵਿੱਚ 38 ਤਰ੍ਹਾਂ ਦੇ ਲੈਬ ਟੈਸਟ ਵੀ ਮੁਫ਼ਤ ਕੀਤੇ ਜਾ ਰਹੇ ਹਨ ਤੇ 90 ਤਰ੍ਹਾਂ ਦੀਆਂ ਦਵਾਈਆਂ ਮੁਫ਼ਤ ਦਿੱਤੀਆਂ ਜਾ ਰਹੀਆਂ ਹਨ ਅਤੇ ਮਰੀਜ਼ਾਂ ਦਾ ਆਨਲਾਇਨ ਰਿਕਾਰਡ ਰੱਖਿਆ ਜਾ ਰਿਹਾ ਹੈ। ਇਸ ਨਾਲ ਬਿਮਾਰੀਆਂ ਦੀ ਸਮੇਂ ਸਿਰ ਪਛਾਣ ਹੋਣ ਨਾਲ ਉਨ੍ਹਾਂ ਦਾ ਇਲਾਜ ਸੌਖਾ ਤੇ ਜਲਦੀ ਹੋ ਜਾਂਦਾ ਹੈ ਅਤੇ ਲੋਕਾਂ ਨੂੰ ਜ਼ਿਆਦਾ ਮੁਸ਼ਕਲਾਂ ਦਾ ਸਾਹਮਣਾ ਨਹੀਂ ਕਰਨਾ ਪੈਂਦਾ। ਉਨ੍ਹਾਂ ਲੋਕਾਂ ਨੂੰ ਆਮ ਆਦਮੀ ਕਲੀਨਿਕਾਂ ਵਿੱਚ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਲਈ ਅਪੀਲ ਕੀਤੀ ਤੇ ਦੱਸਿਆ ਕਿ ਆਮ ਆਦਮੀ ਕਲੀਨਿਕ ਸਵੇਰੇ 9 ਵਜੇ ਤੋਂ ਦੁਪਿਹਰ 3 ਵਜੇ ਤੱਕ ਲੋਕਾਂ ਨੂੰ ਸਿਹਤ ਸਹੂਲਤਾਂ ਉਪਲਬਧ ਕਰਾ ਰਹੇ ਹਨ। ਇਸ ਮੌਕੇ ਡਾ. ਬੰਦਨਾ ਬਾਂਸਲ ਡੀ.ਐਮ.ਸੀ, ਡਾ. ਪ੍ਰਭਜੀਤ ਸਿੰਘ ਸਹਾਇਕ ਸਿਵਲ ਸਰਜਨ, ਡਾ. ਕੁਲਤਾਰ ਸਿੰਘ ਜ਼ਿਲ੍ਹਾ ਪਰਵਾਰ ਭਲਾਈ ਅਫ਼ਸਰ ਤੇ ਦਫ਼ਤਰ ਸਿਵਲ ਸਰਜਨ ਦੇ ਸਟਾਫ਼ ਤੋਂ ਇਲਾਵਾ ਨਵਨਿਯੁਕਤ ਸਟਾਫ਼ ਹਾਜ਼ਰ ਸਨ।



# 4 ਨੂੰ ਸੂਬਾ ਪੱਧਰੀ ਰੈਲੀ ਕਰਕੇ ਮੁੱਖ ਮੰਤਰੀ ਦੀ ਰਿਹਾਇਸ਼ ਵੱਲ ਮਾਰਚ ਦਾ ਐਲਾਨ

**ਜਲੰਧਰ (ਰਾਜੇਸ਼ ਥਾਪਾ)**-ਮੁੱਖ ਮੰਤਰੀ ਭਗਵੰਤ ਮਾਨ ਅਤੇ ਸਰਕਾਰ ਦੇ ਕੈਬਿਨਟ ਮੰਤਰੀਆਂ ਵੱਲੋਂ ਵਾਅਦਾ ਕਰਕੇ ਫੈਸਲਾ ਲੈਣ ਦੇ ਬਾਵਜੂਦ ਮੁਲਾਜ਼ਮਾਂ ਦੇ ਮਸਲੇ ਹੱਲ ਨਾ ਹੁੰਦੇ ਦੇਖ ਮੁਲਾਜ਼ਮਾਂ ਨੇ ਸੰਘਰਸ਼ ਨੂੰ ਅੱਗੇ ਵਧਾਉਣ ਦਾ ਐਲਾਨ ਕਰ ਦਿੱਤਾ ਹੈ। ਤਿੰਨ ਦਿਨਾਂ ਦੀ ਸੰਕੇਤਕ ਹੜਤਾਲ ਨੂੰ ਮੁਲਾਜਮਾਂ ਵੱਲੋਂ ਅੱਗੇ ਵਧਾਉਂਦੇ ਹੋਏ 28 ਫਰਵਰੀ ਨੂੰ ਮੁੱਖ ਮੰਤਰੀ ਦੀ ਰਿਹਾਇਸ਼ ਚੰਡੀਗੜ੍ਹ ਵਿਖੇ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਸੀ ਪ੍ਰੰਤੂ ਮੋਹਾਲੀ ਪ੍ਰਸ਼ਾਸਨ ਵੱਲੋਂ 1 ਮਾਰਚ ਦੀ ਕੈਬਿਨਟ ਸਬ ਕਮੇਟੀ ਨਾਲ ਪੈਨਲ ਮੀਟਿੰਗ ਦਾ ਸਮਾਂ ਤੈਅ ਕਰਵਾਇਆ ਜਿਸ ਤੋਂ ਮੋਹਾਲੀ ਪ੍ਰਸ਼ਾਸਨ ਮੁਕਰ ਗਿਆ। ਆਗੂਆਂ ਨੇ ਐਲਾਨ ਕੀਤਾ ਕਿ ਪ੍ਰਸ਼ਾਸਨ ਦੀ ਵਾਅਦਾ ਖਿਲਾਫੀ ਵਿਰੁੱਧ ਸਮੂਹ ਮੁਲਾਜਮ 4 ਮਾਰਚ ਨੂੰ ਮੋਹਾਲੀ ਵਿਖੇ ਸੂਬਾ ਪੱਧਰੀ ਰੈਲੀ ਕਰਕੇ ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ ਚੰਡੀਗੜ੍ਹ ਨੂੰ ਮਾਰਚ ਕਰਨਗੇ। ਸਰਵ ਸਿੱਖਿਆ ਅਭਿਆਨ ਦਫਤਰੀ ਕਰਮਚਾਰੀ ਯੂਨੀਅਨ ਦੇ ਆਗੂ ਸ਼ੋਭਿਤ ਭਗਤ, ਗਗਨਦੀਪ ਸ਼ਰਮਾ, ਰਾਜੀਵ ਸ਼ਰਮਾ, ਸੁਖਰਾਜ ਨੇ ਕਿਹਾ ਕਿ ਅਕਾਲੀ ਦਲ ਅਤੇ ਕਾਂਗਰਸ ਦੀ ਸਰਕਾਰ ਨੇ ਕੱਚੇ ਮੁਲਾਜ਼ਮਾਂ ਦੀ ਜਵਾਨੀ ਰੋਲ ਕੇ ਰੱਖ ਦਿੱਤੀ ਅਤੇ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਕੱਚੇ ਮੁਲਾਜ਼ਮਾਂ ਦੇ ਭਵਿੱਖ ਨੂੰ ਰੋਲਣ ਦੀ ਤਿਆਰੀ ਕਰੀ ਬੈਠੀ ਹੈ।

ਆਗੂਆਂ ਨੇ ਦੱਸਿਆ ਕਿ ਦਫਤਰੀ ਮੁਲਾਜ਼ਮਾਂ ਦੀ ਤਕਰੀਬਨ 5000 ਰੁਪਏ ਮਹੀਨਾ ਤਨਖਾਹ ਕਟੌਤੀ ਕੀਤੀ ਜਾ ਰਹੀ ਹੈ ਜੋ ਕਿ ਬਾਰ ਬਾਰ ਮੰਤਰੀਆ ਵੱਲੋਂ ਵਾਅਦੇ ਕਰਨ ਦੇ ਬਾਵਜੂਦ ਪੂਰੀ ਨਹੀਂ ਹੋਈ। ਇਸ ਦੇ ਨਾਲ ਹੀ ਮਿਡ ਡੇ ਮੀਲ ਦਫਤਰੀ ਕਰਮਚਾਰੀਆ ਦੀ ਸਾਲ 2019 ਤੋਂ ਤਨਖਾਹ ਵਿਚ ਕੀਤਾ ਜਾਣ ਵਾਲਾ ਵਾਧਾ ਰੋਕਿਆ ਹੋਇਆ ਹੈ। ਆਗੂਆਂ ਨੇ ਕਿਹਾ ਕਿ ਜੇਕਰ ਸਰਕਾਰ ਤੇ ਵਿਭਾਗ ਨੇ ਮੰਗਾਂ ਵੱਲ ਨਾ ਧਿਆਨ ਦਿੱਤਾ ਤਾਂ ਪੱਕਾ ਧਰਨਾ ਲਗਾ ਕੇ ਅਤੇ ਆਉਣ ਵਾਲੇ ਦਿਨਾਂ 'ਚ ਪ੍ਰਚਾਰ ਰੈਲੀਆਂ ਦੌਰਾਨ ਮੁੱਖ ਮੰਤਰੀ ਤੇ ਕੈਬਿਨਟ ਮੰਤਰੀਆਂ ਦਾ ਘਿਰਾਓ ਕੀਤਾ ਜਾਵੇਗਾ।

# 'ਵਿਹੜਾ ਬਾਬੁਲ ਦਾ' ਕਾਵਿ ਸੰਗ੍ਰਹਿ ਲੋਕ ਅਰਪਣ ਤੇ ਵਿਚਾਰ ਚਰਚਾ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ ( ਗੁਰਜੀਤ ਬਿੱਲਾ)**-ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਵਿਹੜੇ ਰਾਸ਼ਟਰੀ ਕਵੀ ਸੰਗਮ ਮੋਹਾਲੀ ਦੇ ਸਹਿਯੋਗ ਨਾਲ ਨੀਲਮ ਨਾਰੰਗ ਦੇ ਕਾਵਿ-ਸੰਗ੍ਰਹਿ 'ਵਿਹੜਾ ਬਾਬੁਲ ਦਾ' ਨੂੰ ਲੋਕ ਅਰਪਣ ਅਤੇ ਵਿਚਾਰ ਚਰਚਾ ਆਯੋਜਿਤ ਕੀਤੀ ਗਈ। ਸਮਾਗਮ ਦੇ ਆਰੰਭ ਵਿੱਚ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਦਵਿੰਦਰ ਸਿੰਘ ਬੋਹਾ ਵੱਲੋਂ ਸਮੂਹ ਪ੍ਰਧਾਨਗੀ ਮੰਡਲ, ਸਾਹਿਤਕਾਰਾਂ ਅਤੇ ਪਤਵੰਤੇ ਸੱਜਣਾਂ ਨੂੰ 'ਜੀ ਆਇਆਂ ਨੂੰ' ਕਿਹਾ ਗਿਆ। ਉਨ੍ਹਾਂ ਨੇ ਨੀਲਮ ਨਾਰੰਗ ਨੂੰ ਕਾਵਿ ਸੰਗ੍ਰਹਿ 'ਵਿਹੜਾ ਬਾਬੁਲ ਦਾ' ਲਈ ਮੁਬਾਰਕਬਾਦ ਦਿੰਦਿਆਂ ਆਖਿਆ ਕਿ ਇਹ ਕਾਵਿ-ਪੁਸਤਕ ਰਿਸ਼ਤਿਆਂ ਦੀ ਵਿਆਕਰਨ ਨੂੰ ਸਮਝਣ ਪੱਖੋਂ ਜਿਉਣ ਦਾ ਹੁਨਰ ਸਿਖਾਉਂਦੀ ਹੈ। ਉਨ੍ਹਾਂ ਵੱਲੋਂ ਭਾਸ਼ਾ ਵਿਭਾਗ ਪੰਜਾਬ ਦੁਆਰਾ ਕੀਤੇ ਜਾ ਰਹੇ ਕੰਮਾਂ ਅਤੇ ਜ਼ਿਲ੍ਹਾ ਭਾਸ਼ਾ ਦਫ਼ਤਰ ਮੋਹਾਲੀ ਦੀਆਂ ਪ੍ਰਾਪਤੀਆਂ ਤੋਂ ਵੀ ਹਾਜ਼ਰੀਨ ਨੂੰ ਜਾਣੂ ਕਰਵਾਇਆ ਗਿਆ।




ਸਮੁੱਚੇ ਪ੍ਰਧਾਨਗੀ ਮੰਡਲ ਵੱਲੋਂ ਕਾਵਿ ਸੰਗ੍ਰਹਿ 'ਵਿਹੜਾ ਬਾਬੁਲ ਦਾ' ਨੂੰ ਲੋਕ ਅਰਪਣ ਕਰਨ ਉਪਰੰਤ ਵਿਚਾਰ ਚਰਚਾ ਦੀ ਪ੍ਰਧਾਨਗੀ ਕਰ ਰਹੇ ਬਲਕਾਰ ਸਿੰਘ ਸਿੱਧੂ (ਪ੍ਰਧਾਨ, ਚੰਡੀਗੜ੍ਹ ਲੇਖਕ ਸਭਾ) ਵੱਲੋਂ ਆਖਿਆ ਗਿਆ ਕਿ ਇਸ ਕਾਵਿ-ਸੰਗ੍ਰਹਿ ਵਿਚਲੀਆਂ ਕਵਿਤਾਵਾਂ ਪੰਜਾਬੀ ਸੱਭਿਆਚਾਰ ਅੰਦਰ ਵਿਹੜੇ ਦੇ ਸੰਕਲਪ ਨੂੰ ਮੁਖ਼ਾਤਿਬ ਹੁੰਦੀਆਂ ਆਪਸੀ ਸਾਂਝਾਂ ਦਾ ਪ੍ਰਗਟਾਵਾ ਕਰਦੀਆਂ ਹਨ। ਮੁੱਖ ਮਹਿਮਾਨ ਸ਼੍ਰੀਮਤੀ ਸੰਤੋਸ਼ ਗਰਗ (ਪ੍ਰਧਾਨ, ਰਾਸ਼ਟਰੀ ਕਵੀ ਸੰਗਮ, ਚੰਡੀਗੜ੍ਹ) ਵੱਲੋਂ ਕਵਿੱਤਰੀ ਨੂੰ ਵਧਾਈ ਦਿੰਦਿਆਂ ਆਖਿਆ ਗਿਆ ਕਿ ਇਹ ਕਵਿਤਾਵਾਂ ਸਮਾਜ ਪ੍ਰਤੀ ਆਪਣੇ ਫਰਜ਼ਾਂ ਨੂੰ ਜ਼ਿੰਮੇਵਾਰੀ ਨਾਲ ਨਿਭਣ ਦਾ ਧਰਮ ਪੁਗਾਉਂਦੀਆਂ ਹਨ। ਵਿਸ਼ੇਸ਼ ਮਹਿਮਾਨ ਮਨਮੋਹਨ ਸਿੰਘ ਦਾਊਂ (ਉੱਘੇ ਬਾਲ ਸਾਹਿਤਕਾਰ) ਵੱਲੋਂ ਆਖਿਆ ਗਿਆ ਕਿ ਇਹ ਸ਼ਾਇਰੀ ਅਤੀਤ ਅਤੇ ਵਰਤਮਾਨ 'ਚ ਪੁਲ ਦਾ ਕੰਮ ਕਰਦਿਆਂ ਮਨੁੱਖੀ ਵੇਦਨਾ ਦੀ ਕਵਿਤਾ ਹੋ ਨਿਬੜਦੀ ਹੈ ਜਿਸ ਵਿੱਚ ਜੀਵਨ ਅਕਾਂਖਿਆ ਸਾਮਲ ਹੈ। ਇਸ ਤੋਂ ਉਪਰੰਤ ਰੰਜਨ ਮੰਗੋਤਰਾ (ਪ੍ਰਧਾਨ, ਰਾਸ਼ਟਰੀ ਕਵੀ ਸੰਗਮ, ਮੋਹਾਲੀ) ਨੇ ਆਖਿਆ ਕਿ ਕਵਿਤਾ ਸਰਲ ਭਾਵੀ ਹੋਣ ਕਰਕੇ ਸਭ ਨੂੰ ਸਮਝ ਆਉਣ ਵਾਲੀ ਹੈ। ਪਰਚਾ ਲੇਖਕ ਸਤਬੀਰ ਕੌਰ ਵੱਲੋਂ ਆਪਣਾ ਪਰਚਾ ਪੜ੍ਹਦਿਆਂ ਕਿਹਾ ਗਿਆ ਕਿ ਇਸ ਕਾਵਿ ਸੰਗ੍ਰਹਿ ਵਿੱਚ ਜਿੱਥੇ ਵਿਸ਼ਿਆਂ ਦੀ ਵੰਨ-ਸੁਵੰਨਤਾ ਹੈ ਉੱਥੇ ਇਸ ਵਿੱਚ ਆਏ ਨਵੇਂ ਸ਼ਬਦ, ਖ਼ਿਆਲ ਇਸ ਕਵਿਤਾ ਦਾ ਹਾਸਿਲ ਹਨ। ਕਵਿੱਤਰੀ ਨੇ ਇਸ ਵਿੱਚ ਠੇਠ ਪੰਜਾਬੀ ਸ਼ਬਦਾਂ ਦੀ ਸੁਚੱਜੀ ਵਰਤੋਂ ਕਰਦਿਆਂ ਇਸ ਨੂੰ ਕਵਿਤਾ ਦੀ ਭਾਸ਼ਾ 'ਚ ਗੁੰਨ੍ਹਿਆ ਹੈ। ਕਵਿੱਤਰੀ ਨੀਲਮ ਨਾਰੰਗ ਵੱਲੋਂ ਆਪਣੀ ਸਿਰਜਣ ਪ੍ਰੀਕਿਰਿਆ ਦੀ ਗੱਲ ਕਰਦਿਆਂ ਕਿਹਾ ਗਿਆ ਕਿ ਮੈਂ ਪਹਿਲਾਂ ਹਿੰਦੀ ਵਿੱਚ ਲਿਖਦੀ ਸਾਂ ਪਰ ਮੈਂ ਆਪਣੀ ਮਾਂ-ਬੋਲੀ ਪੰਜਾਬੀ 'ਚ ਲਿਖਣ ਦੀ ਕਮੀ ਮਹਿਸੂਸ ਕਰਦਿਆਂ ਹੁਣ ਪੰਜਾਬੀ ਵਿੱਚ ਲਿਖਣਾ ਸ਼ੁਰੂ ਕੀਤਾ ਤਾਂ ਮੈਨੂੰ ਬਹੁਤ ਮਾਣ ਸਤਿਕਾਰ ਮਿਲਿਆ। ਇਹ ਮੇਰੀ ਪਲੇਠੀ ਪੰਜਾਬੀ ਕਵਿਤਾ ਦੀ ਪੁਸਤਕ ਹੈ ਜਿਸ ਅੰਦਰ ਮੇਰੇ ਮਨ ਦੇ ਸੱਚੇ-ਸੁੱਚੇ ਭਾਵ ਅਤੇ ਜਜ਼ਬਾਤ ਸ਼ਾਮਲ ਹਨ। ਇਸ ਮੌਕੇ 'ਵਿਹੜਾ ਬਾਬੁਲ ਦਾ' ਕਾਵਿ ਸੰਗ੍ਰਹਿ ਵਿਚੋਂ ਸੁਰਜੀਤ ਸਿੰਘ ਧੀਰ, ਬਲਵਿੰਦਰ ਢਿੱਲੋਂ, ਸਵਿਤਾ ਗਰਗ, ਪ੍ਰਭਜੋਤ ਕੌਰ ਜੋਤ, ਸੀਮਾ ਗੁਪਤਾ ਅਤੇ ਬਾਬੂ ਰਾਮ ਦੀਵਾਨਾ ਵੱਲੋਂ ਆਪਣੀ ਖ਼ੂਬਸੂਰਤ ਅਤੇ ਬੁਲੰਦ ਅਵਾਜ਼ ਤੇ ਅੰਦਾਜ਼ ਵਿਚ ਕਵਿਤਾਵਾਂ ਵੀ ਪੇਸ਼ ਕੀਤੀਆਂ ਗਈਆਂ। ਸਮੂਹ ਬੁਲਾਰਿਆਂ ਵੱਲੋਂ ਦਫ਼ਤਰ ਜ਼ਿਲ੍ਹਾ ਭਾਸ਼ਾ ਅਫਸਰ ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਮੋਹਾਲੀ ਦੀ ਕਾਰਜ ਸ਼ੈਲੀ ਅਤੇ ਸੁਹਜਮਈ ਦਿੱਖ ਦੀ ਸ਼ਲਾਘਾ ਕਰਦਿਆਂ ਸਮੁੱਚੀ ਟੀਮ ਨੂੰ ਵਧਾਈ ਦਿੱਤੀ ਗਈ। ਇਸ ਮੌਕੇ ਸਾਗਰ ਸਿੰਘ ਭੂਰੀਆ, ਧਿਆਨ ਸਿੰਘ ਕਾਹਲੋਂ, ਵਰਿੰਦਰ ਚੱਠਾ, ਰੇਣੂ ਅੱਬੀ, ਆਸ਼ਾ ਰਾਣੀ, ਕ੍ਰਿਸ਼ਨਾ ਗੋਇਲ, ਜਸਮੇਰ ਸਿੰਘ ਕੰਵਰ, ਚਰਨਜੀਤ ਸਿੰਘ ਕਲੇਰ, ਜਗਤਾਰ ਸਿੰਘ ਜੋਗਾ, ਮਨਜੀਤ ਪਾਲ ਸਿੰਘ, ਸੁਰਜਨ ਸਿੰਘ ਗਿੱਲ, ਸਕਿੰਦਰ ਸਿੰਘ ਪੱਲ੍ਹਾ, ਪਿਆਰਾ ਸਿੰਘ ਰਾਹੀ, ਮਲਕੀਤ ਸਿੰਘ ਨਾਗਰਾ, ਭੁਪਿੰਦਰ ਸਿੰਘ ਭਾਗੋਮਾਜਰਾ, ਛਿੱਬਰ ਸਹੇੜ੍ਹੀ, ਰਜਨੀ ਪਾਠਕ, ਸੁਧਾ ਜੈਨ ਸੁਦੀਪ, ਨੇਹਾ ਸ਼ਰਮਾ, ਡਾ. ਪੰਨਾ ਲਾਲ ਮੁਸਤਫ਼ਾਬਾਦੀ, ਪਰਮਿੰਦਰ ਸੋਨੀ, ਗੁਰਵਿੰਦਰ ਕੌਰ, ਮਨਜੀਤ ਸਿੰਘ, ਜਪਨੀਤ ਕੌਰ ਵੱਲੋਂ ਵੀ ਸ਼ਿਰਕਤ ਕੀਤੀ ਗਈ। ਸਮਾਗਮ ਦੇ ਅੰਤ ਵਿੱਚ ਜ਼ਿਲ੍ਹਾ ਭਾਸਾ ਅਫ਼ਸਰ ਡਾ. ਦਵਿੰਦਰ ਸਿੰਘ ਬੋਹਾ ਵੱਲੋਂ ਮੁੱਖ ਮਹਿਮਾਨਾਂ ਅਤੇ ਬੁਲਾਰਿਆਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਹੋਰ ਪਤਵੰਤੇ ਸੱਜਣਾਂ ਦਾ ਇਸ ਸਮਾਗਮ ਵਿੱਚ ਪਹੁੰਚਣ ਲਈ ਧੰਨਵਾਦ ਕੀਤਾ ਗਿਆ। ਮੰਚ ਸੰਚਾਲਨ ਦਿਲ ਪ੍ਰੀਤ ਵੱਲੋਂ ਕੀਤਾ ਗਿਆ। ਇਸ ਮੌਕੇ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ ਮੋਹਾਲੀ ਵੱਲੋਂ ਪੁਸਤਕ ਪ੍ਰਦਰਸ਼ਨੀ ਵੀ ਲਗਾਈ ਗਈ।

# ਪਲਸ ਪੋਲੀਓ ਰਾਸ਼ਟਰੀ ਅਭਿਆਨ ਭਲਕ ਤੋਂ : ਡਾ. ਸੈਣੀ

**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ )**- ਸਿਵਲ ਸਰਜਨ ਡਾ: ਬਲਵਿੰਦਰ ਕੁਮਾਰਾ ਡੁਮਾਣਾ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾ: ਕਰਨ ਕੁਮਾਰ ਸੈਣੀ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਟਾਂਡਾ ਦੀ ਅਗਵਾਈ ਹੇਠ 03 ਮਾਰਚ ਤੋਂ 05 ਮਾਰਚ ਤੱਕ ਪਲਸ ਪੋਲਿਓ ਰਾਸ਼ਟਰੀ ਪੱਧਰ ਦਾ ਅਭਿਆਨ ਚਲਾਇਆ ਜਾ ਰਿਹਾ ਹੈ। ਜਿਸ ਵਿੱਚ 0 ਤੋਂ 5 ਸਾਲ ਦੇ ਬੱਚਿਆਂ ਨੂੰ ਪੋਲਿਓ ਰੋਕੂ ਬੂੰਦਾਂ ਪਲਾਈਆਂ ਜਾਣਗੀਆਂ। ਐਸ.ਐਮ.ਓ ਟਾਂਡਾ ਡਾ: ਕਰਨ ਕੁਮਾਰ ਸੈਣੀ ਨੇ ਦੱਸਿਆ ਕਿ ਇਸ ਮੁਹਿਮ ਤਹਿਤ 12947 ਬੱਚਿਆਂ ਨੂੰ ਇਹ ਬੂੰਦਾਂ ਪਲਾਈਆਂ ਜਾਣਗੀਆਂ। ਇਸ ਕੰਮ ਨੂੰ ਨੇਪਰੇ ਚਾੜਨ ਲਈ ਕੁੱਲ 71 ਟੀਮਾਂ ਦਾ ਗਠਨ ਕੀਤਾ ਗਿਆ ਹੈ। ਇਸ ਤੋਂ ਇਲਾਵਾ 2 ਟਰਾਂਜੇਟ ਪੋਆਇੰਟ ਅਤੇ 2 ਮੋਬਾਇਲ ਟੀਮਾਂ ਬਣਾਈਆਂ ਗਈਆਂ ਹਨ। ਇਸ ਵਿੱਚ ਪਹਿਲੇ ਦਿਨ ਬੂਥ ਲਗਾ ਕੇ ਬੱਚਿਆਂ ਨੂੰ ਬੂੰਦਾਂ ਪਲਾਈਆਂ ਜਾਣਗੀਆਂ ਅਤੇ ਰਹਿ ਗਏ ਬੱਚਿਆਂ ਨੂੰ 4 ਅਤੇ 5 ਮਾਰਚ ਨੂੰ ਘਰ ਘਰ ਜਾ ਕੇ ਬੂੰਦਾਂ ਪਿਲਾਈਆਂ ਜਾਣਗੀਆਂ। ਇਸ ਕੰਮ ਦੀ ਨਿਗਰਾਨੀ ਕਰਨ ਲਈ 13 ਸੁਪਰਵਾਈਜਰ ਨਿਯੁਕਤ ਕੀਤੇ ਗਏ ਹਨ। ਡਾ: ਸੈਣੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ 03 ਮਾਰਚ ਦਿਨ ਐਤਵਾਰ ਵਾਲੇ ਦਿਨ ਵੱਧ ਤੋਂ ਵੱਧ ਬੱਚਿਆਂ ਨੂੰ ਬੂਥਾਂ ਤੇ ਲਿਜਾ ਕੇ ਪੋਲਿਓ ਬੂੰਦਾਂ ਪਿਲਾਉਣ।

## ਭੇਡਾਂ ਚੋਰੀ ਸੰਬੰਧੀ ਪੁਲਸ 'ਤੇ ਕਾਰਵਾਈ ਨਾ ਕਰਨ ਦਾ ਦੋਸ਼

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਪਿੰਡ ਲੁਹਾਰਾ ਡਾਕਖਾਨਾ ਮਾਣਕਰਾਈ ਵਿਖੇ ਭੇਡਾਂ ਚੋਰੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਨਵਾਬਦੀਨ ਗੁੱਜਰ (ਸੁਰਮੂ) ਪੁੱਤਰ ਯੂਸਫ ਅਲੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਸੀਂ ਪਿੰਡ ਲੁਹਾਰਾਂ ਦੇ ਵਾਸੀ ਹਾਂ ਅਤੇ ਬਾਹਰਲੇ ਸ਼ਹੀਦਾਂ ਵੱਲ ਨੂੰ ਜਾਂਦੇ ਰਸਤੇ ਦੇ ਉੱਪਰ ਸਾਡੇ ਡੇਰੇ ਹਨ ਅਤੇ ਅਸੀਂ ਆਪਣੇ ਡੇਰਿਆਂ ਦੇ ਉੱਪਰ ਰਹਿੰਦੇ ਹਾਂ ਜੋ ਕਿ ਉਹ ਕੱਚਾ ਰਸਤਾ ਪਿੰਡ ਦਰਾਵਾਂ ਵੱਲ ਵੀ ਜਾਂਦਾ ਹੈ। ਦੱਸਿਆ ਕਿ 14/2/ 2024 ਨੂੰ ਤਕਰੀਬਨ ਰਾਤ 2 ਵਜੇ ਕਿਸੇ ਅਣਪਛਾਤੇ ਵਿਅਕਤੀਆਂ ਨੇ ਮੇਰੀਆਂ 17 ਭੇਡਾਂ ਚੋਰੀ ਕਰ ਲਈਆਂ ਹਨ ਅਤੇ ਕਾਫੀ ਭਾਲ ਕਰਨ 'ਤੇ ਵੀ ਭੇਡਾਂ ਬਾਰੇ ਮੈਨੂੰ ਕੋਈ ਵੀ ਪਤਾ ਨਹੀਂ ਚੱਲਿਆ। ਉਹਨਾਂ ਦੱਸਿਆ ਕਿ ਇਸ ਸਬੰਧੀ ਦਰਖਾਸਤ ਥਾਣਾ ਭੋਗਪੁਰ ਏ. ਐਸ. ਆਈ. ਕਾਬਲ ਸਿੰਘ ਨੂੰ ਦਿੱਤੀ ਹੋਈ ਹੈ। ਉਹਨਾਂ ਦੱਸਿਆ ਕਿ ਹੁਣ ਵੀ ਰਾਤ ਨੂੰ ਅਣਪਛਾਤੀਆਂ ਗੱਡੀਆਂ ਘੁੰਮਦੀਆਂ ਰਹਿੰਦੀਆਂ ਹਨ ਪਿੰਡਾਂ ਵਿੱਚ ਥਾਂ ਥਾਂ ਕੈਮਰੇ ਲੱਗਣ ਦੇ ਬਾਵਜੂਦ ਅਜੇ ਤੱਕ ਉਹਨਾਂ ਅਣਪਛਾਤੇ ਚੋਰਾਂ ਤੇ ਕੋਈ ਵੀ ਕਾਰਵਾਈ ਨਹੀਂ ਹੋ ਰਹੀ। ਇਸ ਮੌਕੇ ਜਦ ਏ. ਐਸ. ਆਈ. ਕਾਬਲ ਸਿੰਘ ਦੇ ਨਾਲ ਗੱਲਬਾਤ ਕੀਤੀ ਗਈ ਉਹਨਾਂ ਨੇ ਕਿਹਾ ਆਣਪਛਾਤੇ ਚੋਰਾਂ ਦੀ ਭਾਲ ਚੱਲ ਰਹੀ ਹੈ ਜਲਦੀ ਹੀ ਉਨਾਂ ਦੀ ਭਾਲ ਕਰਕੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਪੀ ਸੀ ਐਮ ਐਸ ਡੀ ਕਾਲਜ ਦੇ ਐਮ ਐਸ ਸੀ ਫੈਸ਼ਨ ਡਿਜ਼ਾਈਨਿੰਗ ਸਮੈਸਟਰ ਤੀਜੇ ਦਾ ਨਤੀਜਾ ਸ਼ਾਨਦਾਰ

**ਜਲੰਧਰ (ਇਕਬਾਲ ਸਿੰਘ ਉੱਭੀ)** ਪੀ ਸੀ ਐਮ ਐਸ ਡੀ ਕਾਲਜ ਫਾਰ ਵੂਮੈਨ ਵਿਖੇ ਦਸੰਬਰ 2023 ਲਈ ਐਮ ਐਸ ਸੀ ਫੈਸ਼ਨ ਡਿਜਾਈਨਿੰਗ ਸਮੈਸਟਰ ਤੀਜੇ ਦਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਨਤੀਜਾ ਐਲਾਨਿਆ ਗਿਆ ਸੀ। ਅੰਜਲੀ ਨੇ 524/550 ਅੰਕ (95.27%) ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਨੇਹਾ ਨੇ 515/550 ਅੰਕ (93.63%) ਪ੍ਰਾਪਤ ਕਰਕੇ ਕਾਲਜ ਵਿੱਚ ਦੂਜਾ ਸਥਾਨ ਬਣਾਇਆ ਅਤੇ ਜੋਤਸਨਾ ਗਰੋਵਰ ਨੇ 513/550 ਅੰਕ (93.27%) ਨਾਲ ਕਾਲਜ ਵਿੱਚ ਤੀਜਾ ਸਥਾਨ ਹਾਸਲ ਕੀਤਾ। ਅਜਿਹੇ ਮਿਹਨਤੀ ਵਿਦਿਆਰਥੀ ਦੂਜਿਆਂ ਲਈ ਪ੍ਰੇਰਨਾ ਸਰੋਤ ਬਣਦੇ ਹਨ, ਇਹ ਸਾਬਤ ਕਰਦੇ ਹਨ ਕਿ ਦ੍ਰਿੜਤਾ ਅਤੇ ਇਕਸਾਰਤਾ ਨਾਲ, ਅਕਾਦਮਿਕ ਉੱਤਮਤਾ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਮੌਕੇ ਪ੍ਰਧਾਨ ਨਰੇਸ਼ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ, ਪ੍ਰਬੰਧਕੀ ਕਮੇਟੀ ਦੇ ਹੋਰ ਮੈਂਬਰਾਂ ਨੇ ਇਨ੍ਹਾਂ ਬੇਮਿਸਾਲ ਸਖਸ਼ੀਅਤਾਂ ਨੂੰ ਉਨ੍ਹਾਂ ਦੀ ਬੇਮਿਸਾਲ ਕਾਰਗੁਜਾਰੀ ਲਈ ਸਨਮਾਨਿਤ ਕਰਦੇ ਹੋਏ ਮਾਣ ਮਹਿਸੂਸ ਕੀਤਾ ਅਤੇ ਉਨ੍ਹਾਂ ਦੇ ਵਿਦਿਅਕ ਸਫਰ ਵਿੱਚ ਨਿਰੰਤਰ ਸਫਲਤਾ ਦੀ ਕਾਮਨਾ ਕੀਤੀ।

## ਪਾਕਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਗਾਉਣ 'ਤੇ ਸੈਯਦ ਨਾਸਿਰ ਹੁਸੈਨ ਦੀ ਮੈਂਬਰਸ਼ਿਪ ਸਮਾਪਤ ਕੀਤੀ ਜਾਵੇ : ਬਾਲੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਅੱਜ ਪੰਜਾਬ ਸਟੇਟ ਐਗਜ਼ੈਕਟਿਵ ਲੋਕਲ ਬਾਡੀ ਸੈਲ ਭਾਰਤੀ ਜਨਤਾ ਪਾਰਟੀ ਦੇ ਮੈਂਬਰ ਅਤੇ ਜ਼ਿਲ੍ਹਾ ਸੰਘਰਸ਼ ਕਮੇਟੀ ਦੇ ਪ੍ਰਧਾਨ ਕਰਮਵੀਰ ਬਾਲੀ ਦੀ ਪ੍ਰਧਾਨਗੀ ਵਿੱਚ ਕਰਨਾਟਕ ਵਿਚ ਕਾਂਗਰਸੀ ਸੰਸਦ ਰਾਜ ਸਭਾ ਮੈਂਬਰ ਸੈਯਦ ਨਾਸਿਰ ਹੁਸੈਨ ਦੀ ਜਿੱਤ ਦੀ ਖ਼ੁਸ਼ੀ ਵਿੱਚ ਪਾਕਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਗਾਉਣ 'ਤੇ ਸੈਯਦ ਨਾਸਿਰ ਹੁਸੈਨ ਦੀ ਮੈਂਬਰਸ਼ਿਪ ਸਮਾਪਤ ਕਰਕੇ ਦੁਬਾਰਾ ਚੋਣ ਕਰਵਾਉਣ ਦੀ ਮੰਗ ਕੀਤੀ ਗਈ। ਕਰਮਵੀਰ ਬਾਲੀ ਨੇ ਕਿਹਾ ਕਿ ਭਾਰਤ ਦੇਸ਼ ਵਿੱਚ ਪੈਦਾ ਹੋ ਕੇ ਭਾਰਤ ਦੀ ਨਾਗਰਿਕਤਾ ਲੈ ਕੇ, ਭਾਰਤ ਦੇ ਸੰਵਿਧਾਨ ਦੀ ਸਹੁੰ ਖਾ ਕੇ ਜਿਹੜੇ ਲੋਕ ਚੋਣਾਂ ਲੜਦੇ ਹਨ ਅਤੇ ਫਿਰ ਭਾਰਤ ਦੇ ਕੱਟੜ ਵਿਰੋਧੀ ਦੇਸ਼ ਪਾਕਿਸਤਾਨ ਦੇ ਨਾਅਰੇ ਲਗਾ ਕੇ ਭਾਰਤ ਵਿਰੋਧੀ ਕਾਰਜ ਕਰਦੇ ਹਨ ਇਨ੍ਹਾਂ 'ਤੇ ਦੇਸ਼ ਧਰੋਹ ਦਾ ਮੁੱਕਦਮਾ ਚਲਾਇਆ ਜਾਵੇ। ਭਾਰਤ ਵਿੱਚ ਰਹਿ ਕੇ, ਭਾਰਤ ਦਾ ਅਨਾਜ ਖਾ ਕੇ ਭਾਰਤ ਵਿਰੋਧੀ ਹੋਣ ਦੇ ਨਾਅਰੇ ਲਗਾ ਕੇ ਭਾਰਤ ਵਿੱਚ ਹਿੰਦੂਆਂ ਨੂੰ ਡਰਾਉਣ ਤੋਂ ਸਿਵਾਏ ਇਹ ਭਾਰਤ ਵਿਰੋਧੀ ਲੋਕ ਦਹਿਸ਼ਤ ਫੈਲਾਉਣ ਦਾ ਕੰਮ ਕਰ ਰਹੇ ਹਨ ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇ। ਦੇਸ਼ ਵਿੱਚ ਲੋਕਤੰਤਰ ਦੀ ਮਰਯਾਦਾ ਨੂੰ ਕਾਇਮ ਰੱਖਿਆ ਜਾਵੇ। ਇਸ ਮੌਕੇ ਨਵਲ ਕਿਸ਼ੋਰ ਕਾਲੀਆ, ਨਿਰਮਲ ਸਿੰਘ, ਹਰੀਮਿੱਤਰ, ਬਲਵਿੰਦਰ ਕੁਮਾਰ ਆਦਿ ਮੌਜੂਦ ਸਨ।

## ਦੇਹਰੀਵਾਲ ਵੇਟ ਲਿਫਟਿੰਗ ਸੈਂਟਰ ਦੇ ਹਾਲ ਦਾ ਨਿਰਮਾਣ ਕਾਰਜ ਹੋਇਆ ਸ਼ੁਰੂ



**ਅੱਡਾ ਸਰਾਂ (ਕਾਜਲ )**- ਸਰਕਾਰੀ ਹਾਈ ਸਕੂਲ ਦੇਹਰੀਵਾਲ ਵਿਚ ਚਲਾਏ ਜਾ ਰਹੇ ਵੇਟ ਲਿਫਟਿੰਗ ਸੈਂਟਰ ਵਿਖੇ ਹੋਏ ਸਮਾਗਮ ਦੌਰਾਨ ਪ੍ਰਵਾਸੀ ਪੰਜਾਬੀ ਖੇਡ ਪ੍ਰਮੋਟਰ ਜਵਾਹਰ ਸਿੰਘ ਪੱਡਾ ਨੇ ਸੈਂਟਰ ਦੇ ਹਾਲ ਦੇ ਨਿਰਮਾਣ ਕੰਮ ਦਾ ਨੀਂਹ ਪੱਥਰ ਰੱਖਿਆ। ਸਰਪ੍ਰਸਤ ਹਰਦੀਪ ਸਿੰਘ ਬੀਰਮਪੁਰ, ਸਕੂਲ ਮੁਖੀ ਜਤਿੰਦਰਪਾਲ ਸਿੰਘ ਅਤੇ ਕੋਚ ਬਲਜਿੰਦਰ ਸਿੰਘ ਭਿੰਡਰ ਦੀ ਅਗਵਾਈ ਹੇਠ ਕਰਵਾਏ ਗਏ ਇਸ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ ਵਾਲੇ ਪੱਡਾ ਨੇ ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਹਾਲ ਨਿਰਮਾਣ ਲਈ ਨੀਂਹ ਪੱਥਰ ਰੱਖਿਆ। ਪੱਡਾ ਨੇ ਖੇਡ ਅਤੇ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਅਤੇ ਪਿੰਡ ਦੇਹਰੀਵਾਲ ਦਾ ਨਾਮ ਕੌਮੀ ਪੱਧਰ 'ਤੇ ਲੈ ਕੇ ਜਾਣ ਵਾਲੀ ਸੈਂਟਰ ਦੇ ਪ੍ਰਬੰਧਕਾਂ ਅਤੇ ਖਿਡਾਰੀਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਆਖਿਆ ਕਿ ਉਹ ਲਗਾਤਾਰ ਸੈਂਟਰ ਅਤੇ ਸਕੂਲ ਨੂੰ ਸਹੂਲਤ ਸੰਪੰਨ ਬਣਾਉਣ ਲਈ ਆਪਣਾ ਯੋਗਦਾਨ ਦੇਣਗੇ। ਸੈਂਟਰ ਦੇ ਪ੍ਰਬੰਧਕਾਂ ਵੱਲੋਂ ਬੇਸਹਾਰਿਆਂ ਲਈ ਪਿੰਡ ਦੇਹਰੀਵਾਲ ਵਿਚ ਗੁਰੂ ਨਾਨਕ ਬਿਰਧ ਆਸ਼ਰਮ ਚਲਾਉਣ ਵਾਲੇ ਅਤੇ ਖੇਡ ਪ੍ਰਮੋਟਰ ਜਵਾਹਰ ਪੱਡਾ ਦਾ ਵਿਸ਼ੇਸ਼ ਸਨਮਾਨ ਕਰਦੇ ਹੋਏ ਸੈਂਟਰ ਦੀਆਂ ਪ੍ਰਾਪਤੀਆਂ ਬਾਰੇ ਦੱਸਿਆ ਅਤੇ ਆਖਿਆ ਕਿ ਪੱਡਾ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਜਲਦ ਇਸ ਹਾਲ ਦਾ ਨਿਰਮਾਣ ਕੰਮ ਪੂਰਾ ਕਰ ਲਿਆ ਜਾਵੇਗਾ। ਇਸ ਮੌਕੇ ਸਰਪੰਚ ਹਰਦਿਆਲ ਸਿੰਘ,ਹਰਵਿੰਦਰ ਸਿੰਘ ਬਸੀ ਜਲਾਲ,ਨੰਬਰਦਾਰ ਮਨਪ੍ਰੀਤ ਸਿੰਘ ਨੰਬਰਦਾਰ ਉਂਕਾਰ ਸਿੰਘ,ਡਾ.ਦਵਿੰਦਰ ਸਿੰਘ, ਚੇਅਰ ਪਰਸਨ ਐੱਸ. ਐੱਮ. ਸੀ.ਹਰਵਿੰਦਰ ਕੌਰ,ਜਗਦੀਪ ਕੌਰ,ਕੁਲਦੀਪ ਸਿੰਘ ਦੇਹਰੀਵਾਲ,ਕੁਲਵਿੰਦਰ ਸਿੰਘ,ਸਿਮਰਨਜੀਤ ਕੌਰ,ਮਨੀ ਦੇਹਰੀਵਾਲ,ਰਜਿੰਦਰ ਕੁਮਾਰੀ,ਦਿਲਰਾਜ ਕੌਰ,ਅਰਚਨਾ,ਬਲਜੀਤ ਕੌਰ,ਅੰਮ੍ਰਿਤਪਾਲ ਸਿੰਘ,ਬਲਦੇਵ ਸਿੰਘ ਅਤੇ ਨਵਦੀਪ ਸਿੰਘ ਮੌਜੂਦ ਸਨ।

# ਯੂਥ ਅਕਾਲੀ ਦਲ ਵੱਲੋਂ 'ਮੇਰੀ ਦਸਤਾਰ ਮੇਰੀ ਸ਼ਾਨ' ਮੁਹਿੰਮ ਤਹਿਤ ਵਿਸ਼ੇਸ਼ ਕੈਂਪ

**ਅੱਡਾ ਸਰਾਂ (ਕਾਜਲ )**- ਯੂਥ ਅਕਾਲੀ ਦਲ ਵੱਲੋਂ ਅੱਡਾ ਸਰਾਂ ਵਿਖੇ ਕੌਮੀ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਸ਼ੁਰੂ ਕੀਤੀ ਗਈ ਮੇਰੀ ਦਸਤਾਰ ਮੇਰੀ ਸ਼ਾਨ ਮੁਹਿੰਮ ਤਹਿਤ ਬੱਚਿਆਂ ਅਤੇ ਨੌਜਵਾਨਾਂ ਨੂੰ ਦਸਤਾਰ ਦੀ ਮਹੱਤਤਾ ਬਾਰੇ ਦੱਸਦੇ ਹੋਏ ਦਸਤਾਰ ਸਜਾਉਣ ਦਾ ਕੈਂਪ ਲਾਇਆ ਗਿਆ। ਯੂਥ ਅਕਾਲੀ ਦਲ ਆਗੂ ਅਰਮਿੰਦਰ ਸਿੰਘ ਸੈਨਪੁਰ, ਕਰਨ ਧੁੱਗਾ,ਅਮਨ ਹੁਸੈਨਪੁਰ,ਰਮਿੰਦਰਦੀਪ ਹੁਸੈਨਪੁਰ ਦੀ ਅਗਵਾਈ ਵਿਚ ਕਿਸਾਨੀ ਸੰਘਰਸ਼ ਅਤੇ ਬੰਦੀ ਸਿੰਘਾਂ ਦੀ ਰਿਹਾਈ ਨੂੰ ਸਮਰਪਿਤ ਲਾਏ ਗਏ ਇਸ ਕੈਂਪ ਦਾ ਉਦਘਾਟਨ ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਮੁੱਖ ਮਹਿਮਾਨ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤਾ। ਇਸ ਦੌਰਾਨ ਜ਼ਿਲ੍ਹਾ ਪ੍ਰਧਾਨ ਲਖਵਿੰਦਰ ਸਿੰਘ ਲੱਖੀ,ਹਲਕਾ ਇੰਚਾਰਜ ਸ਼ਾਮ ਚੌਰਾਸੀ ਸੰਦੀਪ ਸਿੰਘ ਸੀਕਰੀ,ਕਮਲਜੀਤ ਸਿੰਘ ਕੁਲਾਰ ਅਤੇ ਕਮਲਜੀਤ ਸਿੰਘ ਤੁੱਲੀ ਅਤੇ ਹੋਰਨਾਂ ਆਗੂਆਂ ਨੇ ਹਾਜ਼ਰੀ ਲੁਆਈ। ਇਸ ਦੌਰਾਨ ਪ੍ਰਧਾਨ ਧਾਮੀ ਨੇ ਯੂਥ ਅਕਾਲੀ ਦਲ ਸਮੂਹ ਟੀਮ ਦੇ ਇਸ ਉੱਦਮ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਦਸਤਾਰ ਗੁਰੂ ਸਾਹਿਬ ਦੀ ਬਖਸ਼ਿਸ਼ ਹੈ ਅਤੇ ਹਰ ਸਿੱਖ ਨੂੰ ਗੁਰੂ ਹੁਕਮ 'ਤੇ ਚਲਦਿਆਂ ਦਸਤਾਰਧਾਰੀ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਵੱਲੋਂ ਦਸਤਾਰ ਲੰਗਰ ਲਗਾਏ ਜਾਣਾ ਪਤਿਤ ਪੁਣੇ ਨੂੰ ਠੱਲ੍ਹ ਪਾਉਣ ਵੱਲ ਕੀਤਾ ਗਿਆ ਇਕ ਸ਼ਲਾਘਾਯੋਗ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਸਾਰੀ ਸੰਗਤ ਨੂੰ ਬੰਦੀ ਸਿੰਘਾਂ ਦੀ ਰਿਹਾਈ ਅਤੇ ਕਿਸਾਨੀ ਹਿੱਤਾਂ ਲਈ ਲਗਾਏ ਗਏ ਮੋਰਚਿਆਂ ਵਿਚ ਵੱਧ ਤੋਂ ਵੱਧ ਯੋਗਦਾਨ ਪਾਉਣਾ ਚਾਹੀਦਾ ਹੈ ਅਤੇ ਇਨਾਂ ਮੋਰਚਿਆਂ ਨੂੰ ਕਾਮਯਾਬ ਕਰਨ ਲਈ ਹਰ ਸੰਭਵ ਯਤਨ ਕਰਨਾ ਚਾਹੀਦਾ ਹੈ। ਇਸ ਦੌਰਾਨ ਮੁੱਖ ਪ੍ਰਬੰਧਕ ਅਰਮਿੰਦਰ ਸਿੰਘ ਨੇ ਆਏ ਸਾਰੇ ਆਗੂਆਂ ਦਾ ਸਨਮਾਨ ਕਰਦੇ ਹੋਏ ਆਖਿਆ ਕਿ ਖੜਿਆਲਾ ਸੈਣੀਆਂ ਤੋਂ ਡੇਰਾ ਬਾਬਾ ਨਾਨਕ ਜਾ ਰਹੇ ਪਾਵਨ ਸੰਗ ਦੌਰਾਨ ਉਨ੍ਹਾਂ ਜਿੱਥੇ ਦਸਤਾਰ ਦਾ ਲੰਗਰ ਲਾਇਆ ਹੈ ਉੱਥੇ ਨੌਜਵਾਨਾਂ ਨੂੰ ਸਿੱਖੀ ਸਿਧਾਂਤਾਂ ਨਾਲ ਜੁੜਨ ਦੀ ਪ੍ਰੇਰਨਾ ਵੀ ਦਿੱਤੀ ਹੈ। ਇਸ ਮੌਕੇ ਪ੍ਰਿਤਪਾਲ ਢੰਡਾ,ਜੋਬਨ ਲਿੱਤਰ,ਜਸ਼ਨ ਗੁਰਾਇਆ,ਨਵੀ ਹੁਸੈਨਪੁਰ,ਬਲਦੀਪ ਡੱਲੇਵਾਲ, ਕਰਨ ਹੁਸੈਨਪੁਰ, ਅਰੁਣ ਦੀਪ, ਗਗਨ ਪਥਰਾਲੀਆ, ਗੋਪੀ,ਅਵਤਾਰ ਬੂਰੇਜੱਟਾ,ਸਿੰਮੀ,ਸੁਖਰਾਜ ਬੂਰੇਜੱਟਾ,ਸੰਦੀਪ ਸਿੰਘ ਖਾਲਸਾ, ਅੰਮ੍ਰਿਤਪਾਲ ਹੁਸੈਨਪੁਰ, ਬੈਂਸ ਸਤੋਰ, ਬਲਕਾਰ ਸਤੋਰ, ਤਨਵੀਰ ਹੁਸੈਨਪੁਰ ਆਦਿ ਮੌਜੂਦ ਸਨ।




# ਨਾਮਵਰ ਸ਼ਖਸੀਅਤਾਂ ਨੂੰ ਗੋਲਡ ਮੈਡਲਾਂ ਨਾਲ ਸਨਮਾਨਤ ਕੀਤਾ

**ਬਹਿਰਾਮ (ਅਵਤਾਰ ਕਲੇਰ)** ਸ਼੍ਰੀ ਗੁਰੂ ਰਵਿਦਾਸ ਦਰਬਾਰ ਬੈਰਗਾਮੋ, ਇਟਲੀ ਵਲੋਂ ਸ਼੍ਰੀ ਗੁਰੂ ਰਵਿਦਾਸ ਵੈਲਫੇਅਰ ਟਰੱਸਟ ਨਵਾਂਸ਼ਹਿਰ ਦੇ ਸਹਿਯੋਗ ਨਾਲ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 647ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਕ ਸਮਾਗਮ ਹੋਟਲ ਅਨਮੋਲ ਪੈਲੇਸ ਬੰਗਾ ਵਿਖੇ ਕਰਵਾਇਆ ਗਿਆ। ਜਿਸ ਵਿੱਚ ਨਾਮਵਰ ਸ਼ਖ਼ਸੀਅਤਾਂ ਰਾਜ ਗੀਤਕਾਰ ਚੰਨ ਗੁਰਾਇਆਂ ਵਾਲਾ ਅਤੇ ਮਿਸ਼ਨਰੀ ਲੇਖਕ ਸੱਤਪਾਲ ਸਾਹਲੋਂ ਨੂੰ ਦਰਬਾਰ ਵਲੋਂ ਗੋਲਡ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਚੰਨ ਗੁਰਾਇਆਂ ਵਾਲਾ ਤੇ ਸਤਪਾਲ ਸਾਹਲੋਂ ਤੋਂ ਇਲਾਵਾ ਕੁਲਵਿੰਦਰ ਕਿੰਦਾ ਤੇ ਫਿਰੋਜ ਖਾਨ ਸ਼ਾਮਲ ਹੋਏ। ਸਨਮਾਨਤ ਸ਼ਖ਼ਸੀਅਤਾਂ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਨਾਲ ਜੁੜਨ ਦਾ ਸੰਦੇਸ਼ ਦਿੱਤਾ ਅਤੇ ਬੁੱਧੀਜੀਵੀ ਲੇਖਕਾਂ ਤੇ ਗਾਇਕਾਂ ਨੂੰ ਲੋਕਾਂ ਨੂੰ ਸੇਧ ਦੇਣ ਵਾਲਾ ਸਾਹਿਤ ਤੇ ਗੀਤਾਂ ਦੀ ਰਚਨਾ ਕਰਨ ਦੀ ਅਪੀਲ ਕੀਤੀ। ਮਿਸ਼ਨਰੀ ਗਾਇਕ ਮਲਕੀਤ ਬਬੇਲੀ, ਗੀਤਾ ਸਿੱਧੂ, ਦਵਿੰਦਰ ਰੂਹੀ, ਗੁਰਦੀਪ ਸਕੋਹਪੁਰੀ, ਬਲਰਾਜ ਸਿੱਧੂ ਤੇ ਬੇਬੀ ਮਣੀ ਜੇ ਜਾਨੀਆਂ ਨੇ ਆਪਣੇ ਗੀਤਾਂ ਰਾਹੀਂ ਸਤਿਗੁਰੂ ਰਵਿਦਾਸ ਜੀ ਦੀ ਮਹਿਮਾ ਦਾ ਗੁਣਗਾਨ ਕੀਤਾ। ਵਿਸ਼ੇਸ਼ ਸ਼ਖ਼ਸੀਅਤਾਂ ਚਮਨ ਲਾਲ ਇਟਲੀ, ਹਰਪ੍ਰੀਤ ਬੰਗਾ, ਪਰਮਜੀਤ ਬੰਗਾ, ਪਵਨ ਕੁਮਾਰ, ਅਮਰੀਕ ਬੰਗੜ, ਇੰਗਲੈਂਡ ਤੋਂ ਹੁਸ਼ਿਆਰ ਲਾਲ, ਧਰਮਿੰਦਰ ਵਿਰਦੀ, ਸਲਿੰਦਰ ਰੱਲ, ਦੁਬਈ ਤੋਂ ਪਾਲ ਜਲੰਧਰੀ ਦਾ ਟਰੱਸਟ ਵੱਲੋਂ ਗੋਲਡ ਮੈਡਲ ਦੇ ਕੇ ਸਨਮਾਨ ਕੀਤਾ ਗਿਆ। ਇਸ ਸਮਾਗਮ ਵਿੱਚ ਸ਼੍ਰੀ ਗੁਰੂ ਰਵਿਦਾਸ ਵੈਲਫੇਅਰ ਟਰੱਸਟ ਨਵਾਂ ਸ਼ਹਿਰ, ਡਾ. ਬੀ. ਆਰ. ਅੰਬੇਡਕਰ ਕਲੱਬ ਅਮਰੀਕਾ, ਵੈੱਲਫੇਅਰ ਟਰੱਸਟ ਬੰਗਾ ਤੇ ਬਹਿਰਾਮ ਦੇ ਨੁਮਾਇੰਦਿਆਂ ਤੋਂ ਇਲਾਵਾ ਪਰਮਜੀਤ ਮਹਾਲੋਂ, ਜੋਗਿੰਦਰ ਮੈਂਗੜਾ, ਮਾਸਟਰ ਹਰਬਲਾਸ, ਅਮਨਦੀਪ ਸਿੰਘ ਸਾਹਲੋਂ, ਜਗਦੀਪ ਸਕੋਹਪੁਰੀ, ਹਰਮੇਸ਼ ਥਾਂਦੀਆਂ, ਮਹਿੰਦਰ ਸੂਦ ਵਿਰਕ, ਦੇਸ ਰਾਜ ਬਾਲੀ, ਫਿਲਮ ਡਾਇਰੈਕਟਰ ਬਾਬਾ ਕਮਲ, ਮਹਿੰਦਰ ਸੰਧੂ, ਮਨਜੀਤ ਰਾਏ ਬੱਲ, ਪ੍ਰਿੰ. ਰਾਜਵਿੰਦਰ ਕੌਰ, ਦਰਸ਼ਨ ਰਾਮ ਪੱਲੀ, ਮਲਕੀਤ ਮੰਢਾਲੀ, ਧੰਮਾ ਪਾਸ਼ਟਾਂ, ਗੁਰਦਿਆਲ ਮਹਿੰਦਪੁਰ, ਰਾਮ ਲਾਲ ਸਿੱਧੂ, ਮਸਤ ਰਾਮ ਬੰਗਾ, ਗੁਰਨਾਮ ਚਾਹਲਾਂ, ਦਲਵੀਰ ਬਲਾਚੌਰ, ਸ਼ਾਮ ਸੁੰਦਰ ਗੜ੍ਹਪਧਾਣਾ, ਦਲਵੀਰ ਲੰਗੇਰੀ, ਤਰਸੇਮ ਗੁਣਾਚੌਰ, ਪਿਆਰਾ ਲਾਲ ਰਾਹੋਂ, ਰੇਸ਼ਮ ਸਿੰਘ ਐਡਵੋਕੇਟ, ਪਰਮਜੀਤ ਮਹਿਰਮਪੁਰ, ਨਵਕਾਂਤ ਭਰੋਮਜਾਰਾ, ਚਰਨਜੀਤ ਸੱਲਾਂ ਆਦਿ ਹਾਜ਼ਰ ਸਨ। ਸਟੇਜ ਸਕੱਤਰ ਦੀ ਭੂਮਿਕਾ ਸੁਰਜੀਤ ਮਜਾਰੀ ਨੇ ਨਿਭਾਈ।





# 'ਬੇਟੀ ਬਚਾਓ ਬੇਟੀ ਪੜ੍ਹਾਓ' ਸਕੀਮ ਤਹਿਤ ਕਰਵਾਇਆ ਵਿਸ਼ਾਲ ਜਾਗਰੂਕਤਾ ਸਮਾਗਮ



**ਹੁਸ਼ਿਆਰਪੁਰ, (ਓ ਪੀ ਰਾਣਾ )**-ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਰਿਆਤ ਬਾਹਰਾ ਕਾਲਜ ਹੁਸ਼ਿਆਰਪੁਰ ਵਿਖੇ 'ਬੇਟੀ ਬਚਾਓ ਬੇਟੀ ਪੜ੍ਹਾਓ' ਸਕੀਮ ਤਹਿਤ ਇਕ ਵਿਸ਼ਾਲ ਜਾਗਰੂਕਤਾ ਸਮਾਗਮ ਕਰਵਾਇਆ ਗਿਆ। ਇਸ ਦੋ ਰੋਜ਼ਾ ਸਮਾਗਮ ਵਿਚ 600 ਸਕੂਲ ਅਧਿਆਪਕਾਂ ਅਤੇ ਜ਼ਿਲ੍ਹੇ ਦੇ ਸਪੈਸ਼ਲ ਜੁਵੇਨਾਇਲ ਪੁਲਿਸ ਯੂਨਿਟ ਵੱਲੋਂ ਹਿੱਸਾ ਲਿਆ ਗਿਆ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਸ ਸਮਾਗਮ ਵਿਚ ਜ਼ਿਲ੍ਹਾ ਵਿਕਾਸ ਫੈਲੋ ਜੋਇਆ ਸਿੱਦੀਕੀ ਵੱਲੋਂ ਸ਼ਿਰਕਤ ਕੀਤੀ ਗਈ। ਸਮਾਗਮ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਜਾਗਰੂਕਤਾ ਸਮਾਗਮ ਦਾ ਮੁੱਖ ਮੰਤਵ ਜ਼ਿਲ੍ਹੇ ਵਿਚ 'ਬੇਟੀ ਬਚਾਓ ਬੇਟੀ ਪੜ੍ਹਾਓ' ਮੁਹਿੰਮ ਨੂੰ ਵੱਧ ਤੋਂ ਵੱਧ ਸਕੂਲ ਅਧਿਆਪਕਾਂ ਅਤੇ ਸਪੈਸ਼ਲ ਜੁਵੇਨਾਇਲ ਪੁਲਿਸ ਯੂਨਿਟ ਤੱਕ ਪਹੁੰਚਾਉਣਾ ਹੈ, ਤਾਂ ਜੋ ਇਹ ਅੱਗੇ ਜਾ ਕੇ ਵਿਦਿਆਰਥੀਆਂ ਨੂੰ ਸੁਨੇਹਾ ਦੇ ਸਕਣ। ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਹਰਦੀਪ ਕੌਰ ਨੇ 'ਬੇਟੀ ਬਚਾਓ ਬੇਟੀ ਪੜ੍ਹਾਓ' ਸਕੀਮ ਦੀ ਮਹੱਤਤਾ ਦੱਸਦਿਆਂ 'ਪੋਸ਼ ਐਕਟ' ਅਤੇ ਘਰੇਲੂ ਹਿੰਸਾ ਤੇ ਬਾਲ ਸੁਰੱਖਿਆ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਮੌਕੇ ਰਿਸੋਰਸ ਪਰਸਨ ਬਾਲ ਪ੍ਰੋਜੈਕਟ ਅਫ਼ਸਰ ਹੁਸ਼ਿਆਰਪੁਰ-2 ਦਇਆ ਰਾਣੀ ਨੇ ਸੈਕਸ ਰੇਸ਼ੋ ਅਤੇ ਐਡਵਰਸ ਸੈਕਸ ਰੇਸ਼ੋ ਨੂੰ ਸੁਧਾਰਨ ਅਤੇ ਸਕੂਲ ਅਧਿਆਪਕਾਂ ਵੱਲੋਂ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ ਗਈ। ਇਸੇ ਤਰ੍ਹਾਂ ਰਿਸੋਰਸ ਪਰਸਨ ਮਿਡਲ ਲੈਵਲ ਟ੍ਰੇਨਿੰਗ ਸੈਂਟਰ ਹੁਸ਼ਿਆਰਪੁਰ ਦੇ ਪ੍ਰਿੰਸੀਪਲ ਸੀਮਾ ਸ਼ਰਮਾ ਵੱਲੋਂ ਬਤੌਰ ਰਿਸੋਰਸ ਪਰਸਨ ਦੀ ਭੂਮਿਕਾ ਨਿਭਾਈ ਗਈ। ਪ੍ਰਿੰਸੀਪਲ ਸੀਮਾ ਸ਼ਰਮਾ ਨੇ ਕਿਸ਼ੋਰ ਅਵਸਥਾ ਵਿਚ ਬੱਚਿਆਂ ਨੂੰ ਦਿੱਤੀ ਜਾਣ ਵਾਲੀ ਡਾਈਟ ਦੇ ਨਾਲ-ਨਾਲ ਉਨ੍ਹਾਂ ਨੂੰ ਦਿੱਤੀਆਂ ਜਾਣ ਵਾਲੀਆਂ ਵੱਖ-ਵੱਖ ਰੈਸਪੀਜ਼ ਤੋਂ ਇਲਾਵਾ ਅਨੀਮੀਆ ਤੋਂ ਬਚਾਅ, ਮਹਾਵਾਰੀ ਮੈਨੇਜਮੈਂਟ, ਮਹਾਵਾਰੀ ਦੌਰਾਨ ਰੱਖੀ ਜਾਣ ਵਾਲੀ ਸਫ਼ਾਈ ਆਦਿ ਦੀ ਮਹੱਤਤਾ ਬਾਰੇ ਦੱਸਿਆ ਗਿਆ। ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਡਾ. ਹਰਪ੍ਰੀਤ ਕੌਰ ਨੇ ਬਾਲ ਸੁਰੱਖਿਆ ਸਕੀਮਾਂ ਬਾਰੇ ਜਾਣਕਾਰੀ ਦਿੰਦਿਆਂ ਜੁਵੇਨਾਇਲ ਜਸਟਿਸ ਐਕਟ, ਪੋਕਸੋ ਐਕਟ, ਬਾਲ ਵਿਆਹ ਰੋਕਥਾਮ ਐਕਟ, ਬਾਲ ਮਜ਼ਦੂਰੀ ਐਕਟ, ਸਕੂਲ ਮੈਨੇਜਮੈਂਟ ਕਮੇਟੀਆਂ ਦੀ ਮਹੱਤਤਾ, ਸ਼ਿਕਾਇਤ ਬਾਕਸ, ਪੋਕਸੋ ਈ-ਬਾਕਸ, ਜ਼ਿਲ੍ਹਾ ਪੱਧਰੀ ਬਾਲ ਸੁਰੱਖਿਆ ਕਮੇਟੀਆਂ, ਬਲਾਕ ਪੱਧਰੀ ਬਾਲ ਸੁਰੱਖਿਆ ਕਮੇਟੀਆਂ, ਗੁੱਡ ਟੱਚ ਬੈਡ ਅੱਚ, ਚਾਈਲਡ ਹੈਲਪਲਾਈਨ ਨੰਬਰ 1098 ਆਦਿ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਵਨ ਸਟਾਪ ਸੈਂਟਰ ਹੁਸ਼ਿਆਰਪੁਰ ਵੱਲੋਂ ਆਰਤੀ ਸ਼ਰਮਾ ਨੇ ਘਰੇਲੂ ਹਿੰਸਾ ਐਕਟ ਅਤੇ ਵਨ ਸਟਾਪ ਸੈਂਟਰ ਵੱਲੋਂ ਔਰਤਾਂ ਅਤੇ ਲੜਕੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਅਤੇ ਔਰਤਾਂ ਲਈ ਹੈਲਪਲਾਈਨ ਨੰਬਰ 1091 ਅਤੇ 181 ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਮੈਨਸਟਰੂਪੀਡੀਆ ਕੌਮਿਕ ਦਾ ਪੰਜਾਬੀ ਅਨੁਵਾਦ ਵੀ ਜਾਰੀ ਕਰਕੇ ਸਮੂਹ ਅਧਿਆਪਕਾਂ ਨੂੰ ਵੰਡਿਆ ਗਿਆ ਤਾਂ ਜੋ ਉਹ ਇਸ ਨੂੰ ਆਪਣੇ ਸਕੂਲਾਂ ਦੀਆਂ ਲਾਇਬ੍ਰੇਰੀਆਂ ਵਿਚ ਰੱਖ ਕੇ ਵਿਦਿਆਥੀਆਂ ਨੂੰ ਜਾਗਰੂਕ ਕਰ ਸਕਨ। ਇਸ ਵਿਚ ਕਿਸ਼ੋਰ ਅਵਸਥਾ ਵਿਚ ਜਾ ਰਹੇ ਬੱਚਿਆਂ ਨੂੰ ਉਨ੍ਹਾਂ ਦੀ ਸਰੀਰਕ ਅਤੇ ਮਾਨਸਿਕ ਸਥਿਤੀ, ਰੀਪ੍ਰੋਡਕਟਿਵ ਆਰਗਨਸ, ਉਨ੍ਹਾਂ ਵਿਚ ਆਉਣ ਵਾਲੇ ਬਦਲਾਵਾਂ ਅਤੇ ਮੈਨਸਟਰੂਅਲ ਹਾਈਜੀਨ ਮੈਨੇਜਮੈਂਟ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਹੈ।

# ਸਰਕਾਰੀ ਸਮਾਰਟ ਸੀਨੀ. ਸੈਕੰ. ਸਕੂਲ ਮੂਸਾਪੁਰ 'ਚ ਇਨਾਮ ਵੰਡ ਸਮਾਗਮ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਤਰਕਸ਼ੀਲ ਸੁਸਾਇਟੀ ਪੰਜਾਬ ਰਜਿ ਇਕਾਈ ਬੰਗਾ ਵਲੋਂ ਸ ਸ ਸ ਸ ਮੂਸਾਪੁਰ ਵਿਖੇ ਇਨਾਮ ਵੰਡ ਸਮਾਗਮ ਸਕੂਲ ਦੇ ਪ੍ਰਿੰਸੀਪਲ ਅਤੇ ਸਮੂਹ ਸਟਾਫ ਮੈਂਬਰਾਂ ਦੇ ਸਹਿਯੋਗ ਨਾਲ ਕੀਤਾ ਗਿਆ। ਇਸ ਮੌਕੇ ਮਾਸਟਰ ਜਗਦੀਸ਼ ਰਾਏਪੁਰ ਡੱਬਾ ਨੇ ਦੱਸਿਆ ਕਿ ਚੇਤਨਾ ਪਰਖ ਪ੍ਰੀਖਿਆ ਕਰਾਉਣ ਦਾ ਮੁੱਖ ਮੰਤਵ ਵਿਦਿਆਰਥੀਆਂ ਦੀ ਸੋਚ ਨੂੰ ਵਿਗਿਆਨਕ ਬਣਾਉਣਾ ਅਤੇ ਉਨ੍ਹਾਂ ਨੂੰ ਅੰਧਵਿਸ਼ਵਾਸਾਂ, ਵਹਿਮਾਂ ਭਰਮਾਂ ਵਿੱਚੋਂ ਬਾਹਰ ਕੱਢਣਾ ਹੈ ਤਾਂ ਕਿ ਉਹ ਆਪਣੀ ਪੜ੍ਹਾਈ ਭੂਤਾਂ, ਪ੍ਰੇਤਾਂ, ਆਤਮਾਵਾਂ, ਜਾਦੂ ਟੂਣਿਆਂ ਦੇ ਡਰ ਤੋਂ ਮੁਕਤ ਹੋ ਕੇ ਕਰ ਸਕਣ। ਉਨ੍ਹਾਂ ਵਿਦਿਆਰਥੀਆਂ ਨੂੰ ਦੱਸਿਆ ਕਿ ਸਾਡੇ ਅਸਲ ਨਾਇਕ ਉਹ ਵਿਗਿਆਨੀ ਹਨ ਜਿਨ੍ਹਾਂ ਨੇ ਸਾਡੀਆਂ ਸੁੱਖ ਸਹੂਲਤਾਂ ਪੂਰੀਆਂ ਕਰਨ ਲਈ ਅਣਗਿਣਤ ਖੋਜਾਂ ਕੀਤੀਆਂ। ਸਾਡੇ ਹੀਰੋ ਉਹ ਹਨ ਜਿਨ੍ਹਾਂ ਦੇਸ਼ ਖਾਤਰ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ। ਮੁਕੰਦ ਲਾਲ ਨੇ ਜਾਦੂ ਟਰਿੱਕਾਂ ਰਾਹੀਂ ਜਾਦੂ ਪ੍ਰਤੀ ਸ਼ੰਕਿਆਂ ਨੂੰ ਦੂਰ ਕੀਤਾ। ਉਨ੍ਹਾਂ ਦੱਸਿਆ ਕਿ ਇਹ ਗਰੀਬੀ, ਬੇਰੋਜ਼ਗਾਰੀ, ਮਹਿੰਗਾਈ ਅਤੇ ਹੋਰ ਤੰਗੀਆਂ ਤੁਰਸ਼ੀਆਂ ਸਾਡੀ ਕਿਸਮਤ ਵਿੱਚ ਧੁਰੋਂ ਲਿਖੀਆਂ ਨਹੀਂ ਆਈਆਂ ਸਗੋਂ ਇਹ ਸਾਡੇ ਦੇਸ਼ ਦੀ ਭ੍ਰਿਸ਼ਟ ਸਿਆਸਤ ਦੇ ਸਿੱਟੇ ਵਜੋਂ ਹਨ। ਲੋਕਾਂ ਦੀ ਕਿਸਮਤ ਸਿਆਸਤਦਾਨਾਂ ਵੱਲੋਂ ਦੇਸ ਦੀ ਲੋਕਸਭਾ ਅਤੇ ਵਿਧਾਨ ਸਭਾਵਾਂ ਵਿੱਚ ਲਿਖੀ ਜਾਂਦੀ ਹੈ। ਜਿਸ ਉਪਰੰਤ ਤਰਕਸ਼ੀਲ ਸੁਸਾਇਟੀ ਵੱਲੋਂ ਉੱਘੇ ਜੀਵ ਵਿਗਿਆਨੀ ਚਾਰਲਸ ਡਾਰਵਿਨ ਨੂੰ ਸਮਰਪਿਤ ਕਰਵਾਈ ਪੰਜਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿੱਚੋਂ ਜੇਤੂ ਵਿਦਿਆਰਥੀਆਂ ਨੂੰ ਇਨਾਮ ਅਤੇ ਸਨਮਾਨ ਪੱਤਰ ਦਿੱਤੇ ਗਏ। ਸਕੂਲ ਪ੍ਰਿੰਸੀਪਲ ਅਤੇ ਹੋਰ ਸਟਾਫ ਮੈਂਬਰਾਂ ਨੂੰ ਵੀ ਪ੍ਰੀਖਿਆ ਨੂੰ ਸਫਲ ਬਣਾਉਣ ਲਈ ਦਿੱਤੇ ਸਹਿਯੋਗ ਲਈ ਸਨਮਾਨ ਪੱਤਰਾਂ ਨਾਲ ਸਨਮਾਨਤ ਕੀਤਾ ਗਿਆ। ਇਸ ਮੌਕੇ ਸਕੂਲ ਇੰਚਾਰਜ ਰਵੀ ਕੁਮਾਰ ਬਸਰਾ, ਮਾ. ਟੋਡਰ ਮੱਲ ਅਤੇ ਮੈਡਮ ਹਰਜੀਤ ਕੌਰ ਵੱਲੋਂ ਤਰਕਸ਼ੀਲ ਸੁਸਾਇਟੀ ਦੇ ਸਮੁੱਚੇ ਕੰਮਕਾਰ ਦੀ ਸ਼ਲਾਘਾ ਕੀਤੀ। ਅੰਤ ਵਿੱਚ ਉਨ੍ਹਾਂ ਆਏ ਤਰਕਸ਼ੀਲ ਆਗੂਆਂ ਦਾ ਧੰਨਵਾਦ ਕੀਤਾ। ਇਸ ਮੌਕੇ ਮਾ. ਸੋਮਨਾਥ, ਮਾ. ਸੁਖਵਿੰਦਰ ਕੁਮਾਰ, ਅਮਰਜੀਤ ਸਿੰਘ ਪੀ ਟੀ, ਮੈਡਮ ਪ੍ਰਦੀਪ ਕੌਰ, ਮੈਡਮ ਰਣਜੀਤ ਕੌਰ, ਮਾ. ਅਮਨਦੀਪ ਸਿੰਘ, ਮਾ. ਰਾਜਵਿੰਦਰ ਸਿੰਘ, ਮੈਡਮ ਅਮਨਦੀਪ ਕੌਰ, ਮੈਡਮ ਪ੍ਰਿਆ ਅਤੇ ਸੁਨੀਤਾ ਰਾਣੀ ਆਦਿ ਹਾਜ਼ਰ ਸਨ



# ਫਾਸਟ ਫੂਡ ਵੇਚਣ ਵਾਲਿਆਂ ਲਈ ਜਾਗਰੂਕਤਾ ਕੈਂਪ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਅੱਜ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਭਗਵਾਨ ਵਾਲਮੀਕਿ ਮੰਦਰ ਚੋਈ ਬਜ਼ਾਰ ਵਿਖੇ ਸੁਨੀਲ ਅਡਵਾਲ ਪ੍ਰਧਾਨ ਰੇਹੜੀ ਫੜ੍ਹੀ ਯੂਨੀਅਨ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਹੋਲੇ ਮਹੱਲੇ ਦੇ ਕੌਮੀ ਤਿਉਹਾਰ ਨੂੰ ਮੁੱਖ ਰੱਖਦੇ ਹੋਏ ਭੋਜਨ ਸੁਰੱਖਿਆ ਜਾਗਰੂਕਤਾ ਕੈਂਪ ਆਯੋਜਿਤ ਕੀਤਾ ਗਿਆ ਜਿਸ ਵਿੱਚ ਡਾ. ਜਗਜੀਤ ਕੌਰ ਜ਼ਿਲ੍ਹਾ ਸਿਹਤ ਅਫਸਰ ਅਤੇ ਦਿਨੇਸ਼ ਜੋਤ ਵਾਲੀਆ ਭੋਜਨ ਸੁਰੱਖਿਆ ਅਫਸਰ ਵਿਸੇਸ ਤੌਰ 'ਤੇ ਪਹੁੰਚੇ। ਕੈਂਪ ਵਿੱਚ ਉਨ੍ਹਾਂ ਨੇ ਹੋਲੇ ਮਹੱਲੇ ਦੇ ਕੌਮੀ ਤਿਉਹਾਰ ਨੂੰ ਮੁੱਖ ਰੱਖਦੇ ਹੋਏ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਦੇ ਸਾਰੇ ਫਾਸਟ ਫੂਡ, ਬਰਗਰ, ਨਿਊਡਲ, ਟਿੱਕੀਆਂ, ਗੋਲ ਗੱਪੇ, ਮਨਚੂਰੀਅਨ, ਮਿਠਾਈਆਂ ਵਾਲੇ, ਕਰਿਆਨੇ ਵਾਲੇ ਆਦਿ ਨੂੰ ਇਸ ਕੈਂਪ ਦੇ ਮਾਧਿਅਮ ਰਾਹੀਂ ਜਾਗਰੂਕ ਕੀਤਾ ਕਿ ਖਾਣ ਪੀਣ ਵਾਲੀਆਂ ਚੀਜ਼ਾਂ ਵਿੱਚ ਕਿਸੇ ਵੀ ਤਰੀਕੇ ਦੀ ਮਿਲਾਵਟ ਨਾ ਕੀਤੀ ਜਾਵੇ ਅਤੇ ਸਾਫ ਸਫਾਈ ਦਾ ਖਾਸ ਧਿਆਨ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਜਿਨ੍ਹਾਂ ਕੋਲ ਆਪਣੇ ਲਾਇਸੈਂਸ ਨਹੀਂ ਹਨ ਉਹ ਲਾਇਸੈਂਸ ਜ਼ਰੂਰ ਬਣਾ ਲੈਣ। ਆਉਣ ਵਾਲੇ ਸਮੇਂ ਵਿੱਚ ਜੇ ਕੋਈ ਵੀ ਖਾਣ ਪੀਣ ਦਾ ਸਮਾਨ ਵੇਚਣ ਵਾਲਾ ਇਨ੍ਹਾਂ ਹਦਾਇਤਾਂ ਦੀ ਪਾਲਣਾ ਨਹੀਂ ਕਰੇਗਾ ਤਾਂ ਉਸ ਦਾ ਚਲਾਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਖਾਣ ਪੀਣ ਦੀਆਂ ਵਸਤੂਆਂ ਵਿੱਚ ਕਿਸੇ ਵੀ ਤਰ੍ਹਾਂ ਸਿੰਗਲ ਯੂਜ਼ ਪਲਾਸਟਿਕ ਨਾ ਵਰਤਿਆ ਜਾਵੇ ਅਤੇ ਗਿੱਲੇ ਸੁੱਕੇ ਕੂੜੇ ਲਈ ਅਲੱਗ ਅਲੱਗ ਕੂੜੇਦਾਨਾਂ ਦਾ ਪ੍ਰਯੋਗ ਕੀਤਾ ਜਾਵੇ। ਇਸ ਮੌਕੇ ਰਾਜਦੀਪ ਸਰਪੰਚ, ਰਾਜ ਘਾਈ, ਦੇਸਰਾਜ, ਰਾਜੀਵ ਘਾਈ, ਉੱਘੇ ਸਮਾਜ ਸੇਵੀ ਲੱਕੀ ਕਪਿਲਾ, ਨੀਰਜ ਕੁਮਾਰ, ਬਲੀ ਮੁਹੰਮਦ, ਜੈਵੀਰ ਸਿੰਘ,ਉਦੈਵੀਰ ਸਿੰਘ,ਚੇਅਰਮੈਨ ਅਮਰਨਾਥ ਨਾਥੀ, ਰਾਹੁਲ ਰਾਕੇਸ਼ ਕੁਮਾਰ, ਵਿਕਾਸ ਅਡਵਾਲ, ਰਾਜੂ, ਚੰਦਰਪਾਲ, ਬਲੀ ਮੁਹੰਮਦ, ਗੁਰਬਕਸ਼ ਸਿੰਘ , ਗੁਰਭੇਜ ਸਿੰਘ,ਅੰਜਲੀ,ਸੰਤੋਸ ਆਦਿ ਹਾਜ਼ਰ ਸਨ।

## ਆਰ ਬੀ ਆਈ ਨੇ ਮੁਹਾਲੀ 'ਚ ਵਿੱਤੀ ਸਾਖਰਤਾ ਹਫਤਾ ਮਨਾਇਆ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**-ਆਰ.ਬੀ.ਆਈ. ਵੱਲੋਂ ਵਿੱਤੀ ਸਾਖਰਤਾ ਹਫਤੇ ਦੇ ਤਹਿਤ ਮੁਹਾਲੀ ਜ਼ਿਲ੍ਹੇ ਵਿੱਚ ਦੋ ਥਾਵਾਂ 'ਤੇ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। 26 ਫਰਵਰੀ ਤੋਂ 1 ਮਾਰਚ ਤੱਕ ਵਿੱਤੀ ਸਾਖਰਤਾ ਹਫਤਾ ਸਾਲ 2016 ਤੋਂ ਆਰ.ਬੀ.ਆਈ. ਦੀ ਸਾਲਾਨਾ ਪਹਿਲਕਦਮੀ ਹੈ। ਇਸ ਮੁਹਿੰਮ ਦਾ ਉਦੇਸ਼ ਵਿੱਤੀ ਮੁੱਦਿਆਂ 'ਤੇ ਜਾਗਰੂਕਤਾ ਪੈਦਾ ਕਰਨਾ ਹੈ। ਇਸ ਸਾਲ ਦੀ ਥੀਮ "ਸਹੀ ਸ਼ੁਰੂਆਤ ਕਰੋ ਵਿੱਤੀ ਤੌਰ 'ਤੇ ਸਮਾਰਟ ਬਣੋ" ਨੌਜਵਾਨਾਂ ਨੂੰ ਨਿੱਜੀ ਵਿੱਤ ਦੀਆਂ ਮੁਸ਼ਕਲਾਂ ਨੂੰ ਹੱਲ ਕਰਨ ਅਤੇ ਲੰਬੇ ਸਮੇਂ ਦੀ ਵਿੱਤੀ ਸੁਰੱਖਿਆ ਅਤੇ ਸਫਲਤਾ ਲਈ ਇੱਕ ਮਜ਼ਬੂਤ ਵਿੱਤੀ ਬੁਨਿਆਦ ਬਣਾਉਣ ਲਈ ਸਕਤੀ ਪ੍ਰਦਾਨ ਕਰਨ ਦੇ ਮਹੱਤਵ ਨੂੰ ਰੇਖਾਂਕਿਤ ਕਰਦੀ ਹੈ। ਸਰਕਾਰੀ ਮਹਿਲਾ ਆਈ.ਟੀ.ਆਈ ਫੇਜ਼ 5 ਮੋਹਾਲੀ ਵਿਖੇ 70 ਤੋਂ ਵੱਧ ਔਰਤਾਂ ਨੇ ਭਾਗ ਲਿਆ। ਆਰ.ਬੀ.ਆਈ ਚੰਡੀਗੜ੍ਹ ਤੋਂ ਵਿਸ਼ੇਸ਼ ਮਹਿਮਾਨ ਗਰਿਮਾ ਬੱਸੀ ਅਤੇ ਐਲ.ਡੀ.ਐਮ ਮੋਹਾਲੀ ਐਮ ਕੇ ਭਾਰਦਵਾਜ ਅਤੇ ਸਤਵਿੰਦਰ ਪਾਲ ਸਿੰਘ ਪ੍ਰਿੰਸੀਪਲ ਆਈ.ਟੀ.ਆਈ ਫੇਜ਼ 5 ਮੋਹਾਲੀ ਤੇ ਆਈ.ਟੀ.ਆਈ ਦੇ ਸਮੁੱਚੇ ਸਟਾਫ ਨੇ ਸਮਾਗਮ ਵਿੱਚ ਸ਼ਿਰਕਤ ਕੀਤੀ। ਵਿਦਿਆਰਥੀਆਂ ਨੂੰ ਵੱਖ-ਵੱਖ ਬੈਂਕਿੰਗ ਉਤਪਾਦਾਂ ਸਕੀਮਾਂ ਬਾਰੇ ਅਤੇ ਸਾਈਬਰ ਕ੍ਰਾਈਮ ਦੇ ਸ਼ਿਕਾਰ ਹੋਣ ਤੋਂ ਕਿਵੇਂ ਬਚਿਆ ਜਾ ਸਕਦਾ ਹੈ ਅਤੇ ਕਿਸੇ ਵੀ ਸਮੱਸਿਆ ਦੀ ਸਥਿਤੀ ਵਿੱਚ ਬੈਂਕਿੰਗ ਸਿਸਟਮ ਜਾਂ ਸਾਈਬਰ ਪੁਲਸ ਦੀ ਮਦਦ ਕਿਵੇਂ ਲਈ ਜਾਵੇ, ਬਾਰੇ ਜਾਗਰੂਕ ਕੀਤਾ ਗਿਆ। ਗਰਿਮਾ ਬੱਸੀ ਵੱਲੋਂ ਵਿੱਤੀ ਕੁਇਜ਼ ਵੀ ਕਰਵਾਈ ਗਈ। ਆਰ.ਬੀ.ਆਈ ਚੰਡੀਗੜ੍ਹ ਦੀ ਤਰਫੋਂ ਆਕਰਸ਼ਕ ਇਨਾਮ ਵੀ ਵੰਡੇ ਗਏ। ਪੀ.ਐਨ.ਬੀ.ਆਰ.ਐਸ.ਈ.ਟੀ.ਆਈ., ਵਿਕਾਸ ਭਵਨ ਸੈਕਟਰ 62 ਮੋਹਾਲੀ, ਦੀਆਂ 30 ਤੋਂ ਵੱਧ ਮਹਿਲਾ ਸਿਖਿਆਰਥੀਆਂ ਨੂੰ ਉਨ੍ਹਾਂ ਦੇ ਰੋਜ਼ਾਨਾ ਜੀਵਨ ਦੇ ਵਿੱਤੀ ਪਹਿਲੂਆਂ ਤੋਂ ਜਾਣੂ ਕਰਵਾਇਆ ਗਿਆ। ਆਰ.ਐਸ.ਈ.ਟੀ.ਆਈ ਦੇ ਡਾਇਰੈਕਟਰ ਅਮਨਦੀਪ ਸਿੰਘ ਦੇ ਨਾਲ ਐਲ.ਡੀ.ਐਮ ਮੋਹਾਲੀ ਐਮ.ਕੇ ਭਾਰਦਵਾਜ ਵੀ ਮੌਜੂਦ ਸਨ।

## ਰਾਸ਼ਟਰੀ ਵਿਗਿਆਨ ਦਿਵਸ ਮੌਕੇ ਆਈ ਕੇ ਜੀ ਪੀ ਟੀ ਯੂ ਵਿਖੇ ਦੋ ਵੱਖ-ਵੱਖ ਪ੍ਰੋਗਰਾਮ

**ਜਲੰਧਰ ( ਸ਼ੈਲੀ ਐਲਬਰਟ)**- ਆਈ.ਕੇ.ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ (ਆਈ.ਕੇ.ਜੀ. ਪੀ.ਟੀ.ਯੂ.) ਵਿਖੇ ਰਾਸ਼ਟਰੀ ਵਿਗਿਆਨ ਦਿਵਸ ਦੇ ਮੌਕੇ ਉਪ-ਕੁਲਪਤੀ (ਵਾਈਸ ਚਾਂਸਲਰ) ਪ੍ਰੋ. (ਡਾ.) ਸੁਸ਼ੀਲ ਮਿੱਤਲ ਦੀ ਅਗਵਾਈ ਵਿਚ ਵਿਕਸਿਤ ਭਾਰਤ ਲਈ ਸਵਦੇਸ਼ੀ ਤਕਨਾਲੋਜੀ ਵਿਸ਼ੇ 'ਤੇ ਦੋ ਵੱਖ-ਵੱਖ ਪ੍ਰੋਗਰਾਮ ਕਰਵਾਏ ਗਏ।ਪਹਿਲਾ ਤੇ ਮੁੱਖ ਪ੍ਰੋਗਰਾਮ ਯੂਨੀਵਰਸਿਟੀ ਦੇ ਸ੍ਰੀ ਗੁਰੂ ਨਾਨਕ ਦੇਵ ਜੀ ਆਡੀਟੋਰੀਅਮ ਵਿੱਚ ਵਿਦਿਆਰਥੀ ਭਲਾਈ ਵਿਭਾਗ ਦੇ ਐਨ.ਐਸ.ਐਸ ਵਿੰਗ ਵੱਲੋਂ ਕਰਵਾਇਆ ਗਿਆ, ਜਿਸ ਵਿੱਚ ਡਾ.ਬੀ.ਆਰ.ਅੰਬੇਡਕਰ ਨੈਸ਼ਨਲ ਇੰਸਟੀਚਿਊਟ ਆਫ਼ ਟੈਕਨਾਲੋਜੀ (ਐਨ.ਆਈ.ਟੀ) ਜਲੰਧਰ ਦੇ ਡਾਇਰੈਕਟਰ ਪ੍ਰੋ.(ਡਾ.) ਬਿਨੋਦ ਕੁਮਾਰ ਕਨੌਜੀਆ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਦੂਜਾ ਪ੍ਰੋਗਰਾਮ ਯੂਨੀਵਰਸਿਟੀ ਦੇ ਸਿਵਲ ਇੰਜੀਨਿਅਰਿੰਗ ਵਿਭਾਗ ਵੱਲੋਂ ਕਰਵਾਇਆ ਗਿਆ, ਜਿਸ ਵਿੱਚ ਯੂਨੀਵਰਸਿਟੀ ਦੇ ਰਜਿਸਟਰਾਰ ਡਾ.ਐਸ.ਕੇ ਮਿਸ਼ਰਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਯੂਨੀਵਰਸਿਟੀ ਦੇ ਉਪ-ਕੁਲਪਤੀ ਪ੍ਰੋ (ਡਾ.) ਸੁਸ਼ੀਲ ਮਿੱਤਲ ਵੱਲੋਂ ਵਿਗਿਆਨ ਦਿਵਸ 'ਤੇ ਵਿਦਿਆਰਥੀਆਂ, ਫੈਕਲਟੀ ਅਤੇ ਸਟਾਫ ਨੂੰ ਇੱਕ ਪ੍ਰੇਰਨਾਦਾਇਕ ਸੰਦੇਸ਼ ਭੇਜਿਆ ਗਿਆ, ਜਿਸ ਵਿਚ ਉਨ੍ਹਾਂ ਹਰ ਦਿਨ ਅਤੇ ਹਰ ਗਤੀਵਿਧੀ ਵਿੱਚ ਵਿਗਿਆਨ ਅਤੇ ਜੀਵਨ ਦਾ ਸੁਮੇਲ ਤੇ ਉਸ ਦੀਆਂ ਗੁੰਝਲਾਂ ਬਾਰੇ ਸਮਝਾਇਆ। ਦੋਵਾਂ ਪ੍ਰੋਗਰਾਮਾਂ ਵਿੱਚ ਡੀਨ ਅਕਾਦਮਿਕ ਪ੍ਰੋ (ਡਾ.) ਵਿਕਾਸ ਚਾਵਲਾ ਵਿਸ਼ੇਸ਼ ਮਹਿਮਾਨ ਸਨ। ਡੀਨ ਆਰ ਐਂਡ ਡੀ ਪ੍ਰੋ. (ਡਾ.) ਹਿਤੇਸ਼ ਸ਼ਰਮਾ ਨੇ ਇੱਕ ਸ਼ਾਨਦਾਰ ਪੀ.ਪੀ.ਟੀ ਰਾਹੀਂ ਕੁਦਰਤ ਅਤੇ ਵਿਗਿਆਨ ਦੀ ਇਕਸੁਰਤਾ ਸਾਂਝੀ ਕੀਤੀ। ਸਵਾਗਤੀ ਪ੍ਰਸਤਾਵ ਡੀਨ ਵਿਦਿਆਰਥੀ ਭਲਾਈ ਪ੍ਰੋ. (ਡਾ.) ਗੌਰਵ ਭਾਰਗਵ ਨੇ ਰੱਖਿਆ ਅਤੇ ਧੰਨਵਾਦ ਦਾ ਮਤਾ ਐਨ.ਐਸ.ਐਸ ਵਿੰਗ ਦੇ ਇੰਚਾਰਜ ਡਾ. ਚੰਦਰ ਪ੍ਰਕਾਸ਼ ਨੇ ਰੱਖਿਆ।

# ਚੇਅਰਮੈਨ ਅਨਿਲ ਚੋਪੜਾ ਨੂੰ ਸਰਵੋਤਮ ਸਿੱਖਿਆ ਸ਼ਾਸਤਰੀ ਦਾ ਐਵਾਰਡ



**ਜਲੰਧਰ ( ਇਕਬਾਲ ਸਿੰਘ ਉੱਭੀ )** : ਉੱਤਰੀ ਭਾਰਤ ਦੇ ਸਰਵੋਤਮ ਵਿੱਦਿਅਕ ਗਰੁੱਪ ਦੇ ਚੇਅਰਮੈਨ ਅਨਿਲ ਚੋਪੜਾ ਨੂੰ ਸਪਤ ਸਿੰਧ ਫੈਸਟ ਵਿੱਚ ਸਰਵੋਤਮ ਸਿੱਖਿਆ ਸ਼ਾਸਤਰੀ ਦਾ ਐਵਾਰਡ ਮਿਲਿਆ। ਜਿਸ ਵਿੱਚ ਭਾਰਤ ਦੀਆਂ ਉੱਘੀਆਂ ਸ਼ਖਸੀਅਤਾਂ ਹਾਜ਼ਰ ਸਨ। ਸਮਾਗਮ ਵਿੱਚ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ ਹੋਰ ਪਤਵੰਤਿਆਂ ਨੇ ਅਨਿਲ ਚੋਪੜਾ ਨੂੰ ਸਨਮਾਨਤ ਕੀਤਾ ਅਤੇ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਉਹ ਸੇਂਟ ਸੋਲਜਰ ਗਰੁੱਪ ਆਫ ਇੰਸਟੀਚਿਊਸ਼ਨਜ਼ ਦੇ ਪ੍ਰਧਾਨ ਹੋਣ ਦੇ ਨਾਲ-ਨਾਲ ਇੱਕ ਚੰਗੇ ਆਗੂ ਵੀ ਹਨ। ਉਨ੍ਹਾਂ ਦਾ ਮੁੱਖ ਉਦੇਸ਼ ਨੌਜਵਾਨਾਂ ਨੂੰ ਪੜ੍ਹਾਈ ਲਈ ਜਾਗਰੂਕ ਕਰਨਾ ਹੈ। ਅੱਜ ਸੇਂਟ ਸੋਲਜਰ ਗਰੁੱਪ ਦੇ ਉੱਤਰੀ ਭਾਰਤ ਵਿੱਚ 35 ਸਕੂਲ ਅਤੇ 22 ਕਾਲਜ ਸਥਾਪਿਤ ਹਨ। ਸਿਰਫ ਹੀ ਨਹੀਂ ਇਹ ਮਾਸਟਰ ਰਾਜ ਕਵਰ ਚੋਪੜਾ ਸਕਾਲਰਸ਼ਿਪ ਸਕੀਮ ਤਹਿਤ 2 ਕਰੋੜ ਤੱਕ ਹੋਣਹਾਰ ਅਤੇ ਕਾਬਲ ਵਿਦਿਆਰਥੀਆਂ ਨੂੰ ਮੁਫਤ ਸਿੱਖਿਆ ਪ੍ਰਦਾਨ ਕਰਦੇ ਹਨ। ਸਿੱਖਿਆ ਦੇ ਨਾਲ-ਨਾਲ ਇਹ ਗਰੁੱਪ ਸਾਲਾਨਾ ਸਥਾਪਨਾ ਦਿਵਸ ਮੌਕੇ ਸ਼ਹਿਰ ਦੀਆਂ ਲੋੜਵੰਦਾਂ ਅਤੇ ਨਾਮਵਰ ਸੰਸਥਾਵਾਂ ਨੂੰ 1 ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਦਾਨ ਕਰ ਚੁਕੇ ਹਨ। ਗਰੁੱਪ ਚੇਅਰਮੈਨ ਅਨਿਲ ਚੋਪੜਾ ਨੇ ਇਸ ਫੈਸਟ ਵਿੱਚ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਸੇਂਟ ਸੋਲਜਰ ਸਿੱਖਿਆ ਵਿੱਚ ਹੋਰ ਨਵੀਆਂ ਪ੍ਰਾਪਤੀਆਂ ਲਿਆ ਰਿਹਾ ਹੈ।

# ਸਰਕਾਰੀ ਕਾਲਜ ਹੁਸ਼ਿਆਰਪੁਰ ਦੇ ਵਿਦਿਆਰਥੀ ਵਿੱਦਿਅਕ ਟੂਰ ਲਈ ਰਵਾਨਾ



**ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ)**- ਸਰਕਾਰੀ ਕਾਲਜ ਹੁਸ਼ਿਆਰਪੁਰ ਦੇ ਐਨ.ਐਸ.ਐਸ. ਅਤੇ ਹਿੰਦੀ-ਵਿਭਾਗ ਦੇ ਵਿਦਿਆਰਥੀਆਂ ਨੇ ਕਾਲਜ ਪ੍ਰਿੰਸੀਪਲ ਅਨੀਤਾ ਸਾਗਰ ਦੀ ਅਗਵਾਈ ਵਿਚ ਪ੍ਰੋ.ਵਿਜੇ ਕੁਮਾਰ ਅਤੇ ਪ੍ਰੋ.ਰਣਜੀਤ ਕੁਮਾਰ ਦੇ ਸਹਿਯੋਗ ਨਾਲ ਸਰਕਾਰੀ ਨਿਰਦੇਸ਼ਾਂ ਅਨੁਸਾਰ ਨੂਰਪੁਰ ਕਿਲ੍ਹਾ (ਹਿਮਾਚਲ ਪ੍ਰਦੇਸ਼) ਵਿੱਦਿਅਕ ਟੂਰ ਦੇ ਮਾਧਿਅਮ ਰਾਹੀਂ ਦੇਖਣ ਗਏ। ਇਸ ਵਿੱਦਿਅਕ ਟੂਰ ਵਿੱਚ ਕਾਲਜ ਦੇ ਸਟਾਫ ਮੈਂਬਰ ਵਿਜੇ ਕੁਮਾਰ, ਪ੍ਰੋ. ਰਣਜੀਤ ਕੁਮਾਰ, ਪ੍ਰੋ. ਬਿੰਦੂ ਸ਼ਰਮਾ, ਪ੍ਰੋ. ਸਰੋਜ ਸ਼ਰਮਾ, ਪ੍ਰੋ. ਕੁਲਵਿੰਦਰ ਕੌਰ, ਡਾ. ਨੀਤੀ ਸ਼ਰਮਾ ਦੇ ਨਾਲ ਲਗਭਗ 100 ਦੇ ਕਰੀਬ ਵਿਦਿਆਰਥੀ ਸ਼ਾਮਲ ਹੋਏ। ਵਿਦਿਆਰਥੀਆਂ ਨੂੰ ਪ੍ਰੋ. ਵਿਜੇ ਕੁਮਾਰ ਅਤੇ ਪ੍ਰੋ. ਰਣਜੀਤ ਕੁਮਾਰ ਨੇ ਨੂਰਪੁਰ ਕਿਲ੍ਹੇ ਬਾਰੇ ਇਤਿਹਾਸਕ ਅਤੇ ਧਾਰਮਿਕ ਜਾਣਕਾਰੀ ਦਿੱਤੀ। ਇਸ ਕਿਲ੍ਹੇ ਵਿੱਚ ਬਣੇ ਹੋਏ ਮੰਦਰ ਅਤੇ ਉਸ ਮੰਦਰ ਵਿੱਚ ਬਿਰਾਜਮਾਨ ਭਗਵਾਨ ਸ੍ਰੀ ਕ੍ਰਿਸ਼ਨ ਅਤੇ ਉਨ੍ਹਾਂ ਦੀ ਭਗਤ ਮੀਰਾ ਬਾਈ ਬਾਰੇ ਵਿਸ਼ੇਸ਼ ਤੌਰ 'ਤੇ ਜਾਣਕਾਰੀ ਦਿੱਤੀ ਗਈ।

# ਹਿਮਾਚਲ ਦੀ ਹੱਦ ਨਾਲ ਲੱਗਦੇ ਪਿੰਡਾਂ 'ਚ ਪਾਰਟੀ ਦੇ ਨਵੇਂ ਯੂਨਿਟ ਸਥਾਪਤ

**ਕਾਲਾ ਸੰਘਿਆਂ (ਮਨਜੀਤ ਮਾਨ)**- ਡਾਕਟਰ ਅੰਬੇਡਕਰ ਸੰਘਰਸ਼ ਮੋਰਚਾ ਪੰਜਾਬ ਵੱਲੋਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਹਲਕਾ ਸ਼ਾਮਚੁਰਾਸੀ ਦੇ ਪਿੰਡ ਜੋ ਹਿਮਾਚਲ ਪ੍ਰਦੇਸ਼ ਦੀ ਹੱਦ ਨਾਲ ਲੱਗਦੇ ਹਨ, ਪਿੰਡ ਕੋਟ, ਪਟਿਆਲ ਤੇ ਮਹਿੰਦਰੂਆਲ ਆਦਿ ਪਿੰਡਾਂ ਦੀ ਮੀਟਿੰਗ ਪਿੰਡ ਪਟਿਆਲ ਵਿੱਚ ਕੀਤੀ ਗਈ। ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਸੂਬਾ ਪ੍ਰਧਾਨ ਤਰਲੋਕ ਵੇਡਲ, ਚੀਫ ਐਡਵਾਇਜ਼ਰ ਪੰਜਾਬ ਚਰਨਜੀਤ ਸਿੰਘ ਸੋਹਲ, ਵਾਇਸ ਚੇਅਰਮੈਨ ਪੰਜਾਬ ਸਤਨਾਮ ਸਿੰਘ ਸੂਰ, ਉੱਪ ਪ੍ਰਧਾਨ ਡਾਕਟਰ ਹਰਜਿੰਦਰ ਮੱਟੂ ਤੇ ਸੂਬਾ ਪ੍ਰਧਾਨ ਮਹਿਲਾ ਵਿੰਗ ਚਰਨਜੀਤ ਕੌਰ ਵੇਡਲ ਸ਼ਾਮਲ ਹੋਏ। ਮੀਟਿੰਗ ਵਿੱਚ ਪਿੰਡਾਂ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ। ਇਸ ਮੌਕੇ ਲੋਕਾਂ ਨੇ ਦੱਸਿਆ ਕਿ ਹੁਸ਼ਿਆਰਪੁਰ ਤੋਂ ਚਿੰਤਪੁਰਨੀ ਨੂੰ ਜਾਣ ਵਾਲਾ ਪੁਰਾਣਾ ਰੋਡ ਜਿਸ ਦੀ ਹਾਲਤ ਬਹੁਤ ਖਸਤਾ ਹੈ ਇਸ ਰੋਡ ਤੇ ਕਈ ਦਰਜਨਾਂ ਪਿੰਡ ਵੱਸਣ ਦੇ ਬਾਵਜੂਦ ਆਉਣ ਜਾਣ ਦਾ ਕੋਈ ਵੀ ਸਾਧਨ ਨਹੀਂ ਅਤੇ ਨਾ ਹੀ ਕੋਈ ਸਰਕਾਰੀ ਅਤੇ ਪ੍ਰਾਈਵੇਟ ਬੱਸ ਆਉਂਦੀ ਜਾਂਦੀ ਹੈ। ਇਲਾਕੇ ਦੇ ਲੋਕਾਂ ਨੂੰ ਚਿੰਤਪੁਰਨੀ ਜਾਂ ਹੁਸ਼ਿਆਰਪੁਰ ਜਾਣ ਆਉਣ ਲਈ ਬਹੁਤ ਜੱਦੋ-ਜਹਿਦ ਦਾ ਸਾਹਮਣਾ ਕਰਨਾ ਪੈਂਦਾ ਹੈ। ਪਹਾੜੀ ਇਲਾਕਾ ਹੋਣ ਕਰਕੇ ਸਕੂਲ ਅਤੇ ਕਾਲਜ ਕਾਫੀ ਦੂਰ ਦੂਰ ਹਨ। ਆਉਣ ਜਾਣ ਦਾ ਸਰਕਾਰੀ ਸਾਧਨ ਨਾ ਹੋਣ ਕਰਕੇ ਬੱਚਿਆਂ ਦੀ ਪੜ੍ਹਾਈ ਦਾ ਭਾਰੀ ਨੁਕਸਾਨ ਹੋ ਰਿਹਾ ਹੈ। ਇਸ ਕਰਕੇ ਸਰਕਾਰ ਪਾਸੋਂ ਡਾਕਟਰ ਅੰਬੇਡਕਰ ਸੰਘਰਸ਼ ਮੋਰਚਾ ਪੰਜਾਬ ਮੰਗ ਕਰਦਾ ਹੈ ਕਿ ਇਲਾਕੇ ਦੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਮੁੱਖ ਰੱਖਦਿਆਂ ਹੋਇਆਂ ਸਰਕਾਰ ਉਕਤ ਸਹੂਲਤਾਂ ਮੁਹਈਆ ਕਰਵਾਏ। ਇਸ ਮੌਕੇ ਪਾਰਟੀ ਵਿੱਚ ਨਵੇਂ ਯੂਨਿਟ ਸਥਾਪਤ ਕੀਤੇ ਗਏ ਅਤੇ ਉੱਥੇ ਦੇ ਲੋਕਾਂ ਨੂੰ ਉਨ੍ਹਾਂ ਦੇ ਹੱਕਾਂ ਪ੍ਰਤੀ ਜਾਗਰੂਕ ਕੀਤਾ ਗਿਆ ਅਤੇ ਨਵੇਂ ਬਣੇ ਅਹੁਦੇਦਾਰਾਂ ਨੂੰ ਅਹਿਮ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ। ਅੰਤ ਵਿੱਚ ਮਹਿਲਾ ਆਗੂ ਸਰਪੰਚ ਬੀਬੀ ਕਮਲੇਸ਼ ਰਾਣੀ ਨੇ ਡਾਕਟਰ ਅੰਬੇਡਕਰ ਸੰਘਰਸ਼ ਮੋਰਚਾ ਪੰਜਾਬ ਦੇ ਆਗੂਆਂ ਦਾ ਧੰਨਵਾਦ ਕੀਤਾ ਅਤੇ ਵਿਸ਼ਵਾਸ ਦੁਆਇਆ ਕਿ ਆਉਣ ਵਾਲੇ ਸਮੇਂ ਵਿੱਚ ਪੂਰੇ ਹਲਕੇ ਵਿੱਚ ਮੀਟਿੰਗਾਂ ਕਰਵਾਈਆਂ ਜਾਣਗੀਆਂ। ਇਸ ਮੌਕੇ ਨਿਤਪਾਲ, ਨਰੇਸ਼, ਰਾਜੂ, ਬਿੱਲਾ ਅਮਰੀਕਾ, ਬਬਲੂ, ਲਾਡੀ ਆਦਿ ਹਾਜ਼ਰ ਸਨ।



## ਪੁਲਸ ਨੂੰ ਹਾਈਟੈਕ ਬਣਾਉਣਾ ਸ਼ਲਾਘਾਯੋਗ ਕਦਮ : ਸੈਣੀ, ਮਾਹਲ

**ਫਿਲੌਰ, ( ਨਿਰਮਲ )** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਵਰਿੰਦਰ ਸਿੰਘ ਸੈਣੀ ਅਤੇ ਪਰਮਿੰਦਰ ਸਿੰਘ ਮਾਹਲ ਕਿਹਾ ਕਿ ਪੰਜਾਬ 'ਚ ਜਦੋਂ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ ਲੋਕਾਂ ਲਈ ਕਈ ਲਾਹੇਵੰਦ ਸਕੀਮਾਂ ਚਲਾ ਰਹੀ ਹੈ। ਉਸੇ ਤਹਿਤ ਪੰਜਾਬ 'ਚ ਨਸ਼ਾ ਸਮਗਲਰਾਂ ਅਤੇ ਗੈਂਗਸਟਰਾਂ 'ਤੇ ਕਾਬੂ ਪਾਉਣ ਲਈ ਪੰਜਾਬ ਪੁਲਸ ਨੂੰ ਹਾਈਟੈਕ ਕੀਤਾ ਜਾ ਰਿਹਾ ਹੈ। ਜਿਸ ਤਹਿਤ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੁਲਸ ਨੂੰ 410 ਅਤਿ ਆਧੁਨਿਕ ਗੱਡੀਆਂ ਦਿੱਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਪਹਿਲਾਂ ਵੀ ਹਾਈਵੇ 'ਤੇ ਐਸ ਐਸ ਐਫ ਵਾਲਿਆਂ ਨੂੰ ਅਤਿ ਆਧੁਨਿਕ ਗੱਡੀਆਂ ਦਿੱਤੀਆਂ ਗਈਆਂ ਹਨ। ਜਿਨ੍ਹਾਂ ਦਾ ਪ੍ਰਭਾਵ ਹਾਈਵੇ 'ਤੇ ਦੇਖਣ ਨੂੰ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਹਾਈਵੇ 'ਤੇ ਰੋਜ਼ਾਨਾ ਹੋ ਰਹੀਆਂ ਲੁੱਟਾਂ ਖੋਹਾਂ 'ਤੇ ਕਾਬੂ ਪਾਉਣ 'ਚ ਐਸ ਐਸ ਐਫ ਸਫਲ ਰਹੀ ਹੈ, ਭਗਵੰਤ ਸਿੰਘ ਮਾਨ ਦਾ ਕਦਮ ਸ਼ਲਾਘਾਯੋਗ ਹੈ।

2-MAR-PAGE-9.qxd 3/1/2024 10:45 PM Page 1



# ਮੁੱਖ ਮੰਤਰੀ ਵੱਲੋਂ ਪੰਜਾਬ ਇੰਸਟੀਚਿਊਟ ਆਫ ਲਿਵਰ ਐਂਡ ਬਿਲੀਅਰੀ ਸਾਇੰਸਜ਼ ਦਾ ਉਦਘਾਟਨ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ** (**ਮੁਹਾਲੀ**), 29 ਫਰਵਰੀ (ਗੁਰਜੀਤ ਬਿੱਲਾ)-ਸੂਬੇ ਦੇ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਦੇ ਉਦੇਸ਼ ਤਹਿਤ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਪੰਜਾਬ ਇੰਸਟੀਚਿਊਟ ਆਫ ਲਿਵਰ ਐਂਡ ਬਿਲੀਅਰੀ ਸਾਇੰਸਜ਼ ਲੋਕਾਂ ਨੂੰ ਸਮਰਪਿਤ ਕੀਤਾ। ਇਸ ਸੰਸਥਾ ਦੀ ਸਥਾਪਨਾ ਸਬੰਧੀ 2022 ਦੇ ਬਜਟ ਸੈਸ਼ਨ ਵਿੱਚ ਐਲਾਨ ਕੀਤਾ ਗਿਆ ਸੀ ਅਤੇ ਇਹ ਪੰਜਾਬ ਦੀ ਪਹਿਲੀ ਸਰਕਾਰੀ ਸਿਹਤ ਸੰਸਥਾ ਹੋਵੇਗੀ ਜਿਸ ਵਿੱਚ ਮਰੀਜ਼ਾਂ ਨੂੰ ਐਂਡੋਸਕੋਪੀ, ਫਾਈਬਰੋਸਕੋਪੀ ਅਤੇ ਐਂਡੋਸਕੋਪਿਕ ਅਲਟਰਾਸਾਊਂਡ ਵਰਗੀਆਂ ਅਤਿ-ਆਧੁਨਿਕ ਸਿਹਤ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ। ਇਸ ਸੰਸਥਾ ਦੇ ਮਾਹਿਰਾਂ ਵੱਲੋਂ ਪੰਜਾਬ ਦੇ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਟੈਲੀ-ਮੈਡੀਸਨ ਸੇਵਾਵਾਂ ਵੀ ਮੁਹੱਈਆ ਕਰਵਾਈਆਂ ਜਾਣਗੀਆਂ। ਹੈਪੇਟੋਲੋਜੀ ਵਿੱਚ ਸਿਖਲਾਈ ਅਤੇ ਖੋਜ ਸਹੂਲਤਾਂ ਲਈ ਇਸ ਨੂੰ ਅਤਿ-ਆਧੁਨਿਕ ਬੁਨਿਆਦੀ ਢਾਂਚੇ ਨਾਲ ਲੈਸ ਕੀਤਾ ਗਿਆ ਹੈ। ਇਸ ਇੰਸਟੀਚਿਊਟ ਦੀ ਸਥਾਪਨਾ 40 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਨਾਲ ਕੀਤੀ ਗਈ ਹੈ ਅਤੇ ਇਸ ਵਿੱਚ 80 ਡਾਕਟਰ, 150 ਸਟਾਫ ਨਰਸਾਂ ਅਤੇ 200 ਗਰੁੱਪ-ਡੀ ਕਰਮਚਾਰੀਆਂ ਸਮੇਤ 450 ਦੇ ਕਰੀਬ ਸਟਾਫ਼ ਹੋਵੇਗਾ। ਪ੍ਰੋਫੈਸਰ ਵਰਿੰਦਰ ਸਿੰਘ, ਜੋ ਕਿ ਹੈਪੇਟੋਲੋਜੀ ਪੀ ਜੀ ਆਈ, ਚੰਡੀਗੜ੍ਹ ਦੇ ਸਾਬਕਾ ਪ੍ਰੋਫੈਸਰ ਅਤੇ ਮੁਖੀ ਹਨ, ਨੂੰ ਸੰਸਥਾ ਦਾ ਡਾਇਰੈਕਟਰ ਨਿਯੁਕਤ ਕੀਤਾ ਗਿਆ ਹੈ। ਇਸ ਸੰਸਥਾ ਵਿੱਚ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਇਨਡੋਰ ਅਤੇ ਐਮਰਜੈਂਸੀ ਸੇਵਾਵਾਂ ਰਾਹੀਂ ਲਿਵਰ ਸਬੰਧੀ ਬਿਮਾਰੀਆਂ ਦਾ ਵਿਸ਼ੇਸ਼ ਤੌਰ 'ਤੇ ਇਲਾਜ ਕੀਤਾ ਜਾਵੇਗਾ। ਇਸ ਦਾ ਉਦੇਸ਼ ਪੰਜਾਬ ਨੂੰ ਦੇਸ ਭਰ ਵਿੱਚ ਮੈਡੀਕਲ ਸਿਹਤ ਸਹੂਲਤਾਂ ਦਾ ਕੇਂਦਰ ਬਣਾਉਣਾ ਹੈ। ਇਸ ਦੇ ਨਾਲ ਹੀ ਮੁੱਖ ਮੰਤਰੀ ਵੱਲੋਂ ਪੰਜਾਬ ਵਿੱਚ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਦੇ ਸਟੇਟ ਹੈੱਡਕੁਆਰਟਰ ਅਤੇ ਚਾਰ ਜ਼ੋਨਲ ਦਫਤਰਾਂ ਦਾ ਵੀ ਵਰਚੂਅਲ ਤੌਰ 'ਤੇ ਉਦਘਾਟਨ ਕੀਤਾ ਗਿਆ। ਇਹ ਸਟੇਟ ਹੈੱਡਕੁਆਰਟਰ ਦਫਤਰ 2.63 ਕਰੋੜ ਰੁਪਏ ਦੀ ਲਾਗਤ ਨਾਲ ਬਣਾਇਆ ਗਿਆ ਹੈ ਜਦਕਿ ਗੁਰਦਾਸਪੁਰ, ਜਲੰਧਰ, ਬਠਿੰਡਾ ਅਤੇ ਫਿਰੋਜ਼ਪੁਰ ਵਿਖੇ ਸਥਾਪਿਤ ਕੀਤੇ ਗਏ ਜ਼ੋਨਲ ਦਫਤਰ ਲਗਭਗ 2.78 ਕਰੋੜ ਰੁਪਏ ਦੀ ਲਾਗਤ ਨਾਲ ਬਣਾਏ ਗਏ ਹਨ। ਇਸ ਤੋਂ ਇਲਾਵਾ ਲੁਧਿਆਣਾ, ਅੰਮ੍ਰਿਤਸਰ, ਪਟਿਆਲਾ ਅਤੇ ਹੁਸ਼ਿਆਰਪੁਰ ਵਿੱਚ ਚਾਰ ਹੋਰ ਜ਼ੋਨਲ ਦਫਤਰ ਉਸਾਰੀ ਅਧੀਨ ਹਨ। ਇਸ ਤੋਂ ਇਲਾਵਾ ਫਾਜ਼ਿਲਕਾ, ਮੋਗਾ, ਮਾਨਸਾ ਅਤੇ ਸ੍ਰੀ ਮੁਕਤਸਰ ਸਾਹਿਬ ਵਿਖੇ ਵੀ ਜ਼ਿਲ੍ਹਾ ਦਫਤਰਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਇਹ ਦਫਤਰ ਨਵੀਨਤਮ ਸੂਚਨਾ ਤਕਨਾਲੋਜੀ ਸਹੂਲਤਾਂ ਨਾਲ ਲੈਸ ਹੋਣਗੇ। ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ ਵੱਲੋਂ ਪੰਜਾਬ ਵਿੱਚ ਐਲੋਪੈਥਿਕ ਦਵਾਈਆਂ, ਕਾਸਮੈਟਿਕ ਅਤੇ ਹੋਮਿਓਪੈਥਿਕ ਦਵਾਈਆਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ ਅਤੇ ਡਰੱਗ ਲਾਇਸੰਸ ਜਾਰੀ ਕੀਤੇ ਜਾਂਦੇ ਹਨ ਅਤੇ ਇਹ ਨਵੇਂ ਦਫਤਰ ਲੋਕਾਂ ਨੂੰ ਬਿਹਤਰ ਸੇਵਾਵਾਂ ਪ੍ਰਦਾਨ ਕਰਨਗੇ।

# ਮਾਪਿਆਂ ਨੇ ਪੁੱਤਰ ਦੀ ਲਾਸ਼ ਨੂੰ ਵਿਦੇਸ਼ ਤੋਂ ਲਿਆਉਣ ਲਈ ਸਰਕਾਰ ਅੱਗੇ ਲਾਈ ਗੁਹਾਰ

## ਹਰਪ੍ਰੀਤ ਸਿੰਘ ਦਾ ਅਮਰੀਕਾ 'ਚ ਗੋਲੀਆਂ ਮਾਰ ਕੇ ਉਸ ਦੇ ਦੋਸਤ ਨੇ ਕੀਤਾ ਕਤਲ



**ਬਹਿਰਾਮ** (**ਅਵਤਾਰ ਕਲੇਰ**)- ਹਲਕਾ ਬੰਗਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਹੀਓਂ ਦੇ ਵਸਨੀਕ ਹਰਪ੍ਰੀਤ ਸਿੰਘ ਪੁੱਤਰ ਬੁੱਧ ਰਾਮ ਜੋ ਕਿ ਅਮਰੀਕਾ 'ਚ ਰੋਜ਼ੀ ਰੋਟੀ ਕਮਾਉਣ ਲਈ ਗਿਆ ਸੀ। ਬੀਤੇ ਦਿਨੀਂ ਉਸ ਦਾ ਕਤਲ ਕਰ ਦਿੱਤਾ ਗਿਆ । ਮ੍ਰਿਤਕ ਦੇ ਮਾਤਾ ਪਿਤਾ ਨੇ ਦੱਸਿਆ ਕਿ ਅਸੀਂ ਆਪਣੇ ਪੁੱਤਰ ਹਰਪ੍ਰੀਤ ਨੂੰ ਕਰਜ਼ਾ ਚੁੱਕ ਕੇ ਵਿਦੇਸ਼ ਭੇਜਿਆ ਸੀ। ਅਜੇ 8-9 ਮਹੀਨੇ ਦੇ ਕਰੀਬ ਉਸ ਨੂੰ ਅਮਰੀਕਾ ਗਏ ਨੂੰ ਹੋਏ ਸਨ ਕਿ ਉਸ ਦੇ ਹੀ ਦੋਸਤ ਨੇ ਗੋਲੀਆਂ ਮਾਰ ਕੇ ਹਰਪ੍ਰੀਤ ਦਾ ਕਤਲ ਕਰ ਦਿੱਤਾ। ਉਨ੍ਹਾਂ ਅੱਗੇ ਦੱਸਿਆ ਕਿ ਕਤਲ ਹੋਣ ਤੋਂ ਕੁਝ ਦਿਨ ਪਹਿਲਾਂ ਦੋਸਤਾਂ ਵਿੱਚ ਆਪਸੀ ਤਣਾਅ ਹੋ ਗਿਆ ਸੀ ਪਰ ਮੁੰਡਿਆਂ ਨੇ ਉਨ੍ਹਾਂ ਦਾ ਆਪਸੀ ਰਾਜ਼ੀਨਾਮਾ ਵੀ ਕਰਵਾ ਦਿੱਤਾ ਸੀ। ਇਸ ਘਟਨਾ ਤੋਂ ਥੋੜ੍ਹੇ ਦਿਨ ਬਾਅਦ ਹਰਪ੍ਰੀਤ ਦੇ ਦੋਸਤ ਨੇ ਹੀ ਹਰਪ੍ਰੀਤ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਪਰਵਾਰਕ ਮੈਂਬਰਾਂ ਨੇ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਮਾਲੀ ਮਦਦ ਕੀਤੀ ਜਾਵੇ ਤੇ ਉਨ੍ਹਾਂ ਦੇ ਬੇਟੇ ਦੀ ਮ੍ਰਿਤਕ ਦੇਹ ਨੂੰ ਪੰਜਾਬ ਲਿਆਂਦਾ ਜਾਵੇ ਤਾਂ ਕਿ ਅਸੀਂ ਉਸ ਦਾ ਅੰਤਿਮ ਸਸਕਾਰ ਕਰ ਸਕੀਏ। ਪਿੰਡ ਤੇ ਇਲਾਕੇ ਦੇ ਲੋਕਾਂ ਵਲੋਂ ਇਸ ਨੌਜਵਾਨ ਦੀ ਬੇਵਕਤੀ ਮੌਤ 'ਤੇ ਅਫਸੋਸ ਪ੍ਰਗਟ ਕੀਤਾ ਜਾ ਰਿਹਾ ਹੈ । ਸਾਬਕਾ ਸਰਪੰਚ ਤਰਸੇਮ ਲਾਲ ਝੱਲੀ, ਸੋਹਣ ਸਿੰਘ, ਸਤਿਆ ਲੰਬੜਦਾਰ, ਧਰਮਵੀਰ ਪਾਲ ਪੰਚ, ਨਿਸਾਨ ਸਿੰਘ ਲੰਬੜਦਾਰ ਆਦਿ ਨੇ ਪਰਵਾਰ ਨਾਲ ਦੁੱਖ ਸਾਂਝਾ ਕਰਦਿਆਂ ਸਰਕਾਰ ਤੋਂ ਗੁਹਾਰ ਲਗਾਈ ਹੈ ਕਿ ਸਰਕਾਰ ਜਲਦੀ ਤੋਂ ਜਲਦੀ ਇਸ ਪਰਵਾਰ ਦੀ ਮਦਦ ਲਈ ਅੱਗੇ ਆਵੇ।

# ਸ਼ਾਹ, ਖੱਟਰ ਤੇ ਵਿੱਜ ਵਿਰੁੱਧ ਮਾਮਲਾ ਦਰਜ ਕਰਨ ਦੀ ਮੰਗ ਨੂੰ ਲੈ ਕੇ ਕਿਰਤੀ ਕਿਸਾਨ ਯੂਨੀਅਨ ਨੇ ਕੱਢਿਆ ਮਾਰਚ

## ਪੰਜਾਬ ਸਰਕਾਰ ਵੱਲੋਂ ਅਣਪਛਾਤਿਆਂ ਵਿਰੁੱਧ ਦਰਜ ਕੀਤੇ ਮੁਕੱਦਮੇ ਨੂੰ ਨਕਾਰਿਆ

**ਨਵਾਂਸ਼ਹਿਰ** (**ਕੁਲਵਿੰਦਰ ਸਿੰਘ ਦੁਰਗਾਪੁਰੀਆ**)-ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੇ ਪੰਜਾਬ ਸਰਕਾਰ ਵੱਲੋਂ ਸ਼ੁਭਕਰਨ ਸਿੰਘ ਦੇ ਕਤਲ ਦਾ ਮਾਮਲਾ ਅਣਪਛਾਤਿਆਂ ਉੱਤੇ ਦਰਜ ਕਰਨ ਦੇ ਅਮਲ ਨੂੰ ਸਿਰੇ ਤੋਂ ਨਕਾਰਦਿਆਂ ਇਹ ਕਤਲ ਦਾ ਮਾਮਲਾ ਅਸਲ ਦੋਸ਼ੀਆਂ ਦੇ ਨਾਂਅ ਉੱਤੇ ਦਰਜ ਕਰਨ ਦੀ ਮੰਗ ਕੀਤੀ ਹੈ। ਮੋਦੀ ਸਰਕਾਰ ਦੇ ਜਬਰ ਵਿਰੁੱਧ ਤੇ ਸ਼ੁਭਕਰਨ ਸਿੰਘ ਦੇ ਕਤਲ ਤੇ ਹੋਰ ਕਿਸਾਨਾਂ 'ਤੇ ਅੰਨ੍ਹਾ ਤਸ਼ੱਦਦ ਢਾਹੁਣ ਲਈ ਜ਼ਿੰਮੇਵਾਰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ, ਹਰਿਆਣਾ ਦੇ ਗ੍ਰਹਿ ਮੰਤਰੀ ਅਨਿਲ ਵਿੱਜ ਵਿਰੁੱਧ ਪੰਜਾਬ ਸਰਕਾਰ ਵੱਲੋਂ ਸ਼ੁਭਕਰਨ ਸਿੰਘ ਦੇ ਕਤਲ ਦਾ ਧਾਰਾ 302 ਅਤੇ 307 ਤਹਿਤ ਮੁਕੱਦਮਾ ਦਰਜ ਕਰਨ, ਭੰਨੇ ਵਾਹਨਾਂ ਦਾ ਮੁਆਵਜ਼ਾ ਦੇਣ ਦੀ ਮੰਗ ਨੂੰ ਲੈ ਕੇ ਨਵਾਂਸ਼ਹਿਰ ਵਿਚ ਰੋਸ ਮਾਰਚ ਕੱਢਿਆ ਗਿਆ। ਇਸ ਤੋਂ ਪਹਿਲਾਂ ਸਥਾਨਕ ਬਾਰਾਂਦਰੀ ਬਾਗ ਵਿਖੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪ੍ਰਧਾਨ ਸੁਰਿੰਦਰ ਸਿੰਘ ਬੈਂਸ, ਸੂਬਾ ਕਮੇਟੀ ਮੈਂਬਰ ਭੁਪਿੰਦਰ ਸਿੰਘ ਵੜੈਚ, ਜ਼ਿਲ੍ਹਾ ਸਕੱਤਰ ਤਰਸੇਮ ਸਿੰਘ ਬੈਂਸ, ਜ਼ਿਲ੍ਹਾ ਮੀਤ ਪ੍ਰਧਾਨ ਸੋਹਨ ਸਿੰਘ ਅਟਵਾਲ, ਇਸਤਰੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਸੁਰਜੀਤ ਕੌਰ ਉਟਾਲ, ਇਸਤਰੀ ਜਾਗ੍ਰਿਤੀ ਮੰਚ ਦੇ ਸੂਬਾ ਪ੍ਰਧਾਨ ਗੁਰਬਖਸ਼ ਕੌਰ ਸੰਘਾ, ਇਫਟੂ ਦੇ ਸੂਬਾ ਆਗੂ ਅਵਤਾਰ ਸਿੰਘ ਤਾਰੀ, ਪ੍ਰਵਾਸੀ ਮਜ਼ਦੂਰ ਯੂਨੀਅਨ ਦੇ ਆਗੂ ਪਰਵੀਨ ਕੁਮਾਰ ਨਿਰਾਲਾ ਨੇ ਕਿਹਾ ਕਿ ਮੋਦੀ ਸਰਕਾਰ ਅਤੇ ਹਰਿਆਣਾ ਸਰਕਾਰ ਫਾਸ਼ੀਵਾਦੀ ਹੱਥਕੰਡੇ ਵਰਤਦਿਆਂ ਆਪਣੇ ਹੀ ਨਾਗਰਿਕਾਂ ਦੇ ਕਤਲ ਕਰਨ 'ਤੇ ਉਤਰ ਆਈ ਹੈ। ਕਿਸਾਨ ਜਮਹੂਰੀ ਢੰਗ ਤਰੀਕਿਆਂ ਨਾਲ ਆਪਣਾ ਸੰਘਰਸ਼ ਲੜ ਰਹੇ ਹਨ। ਇਸ ਮੌਕੇ ਸੁਰਿੰਦਰ ਸਿੰਘ ਮਹਿਰਮਪੁਰ, ਪਰਮਜੀਤ ਸਿੰਘ ਸ਼ਹਾਬਪੁਰ, ਕਮਲਜੀਤ ਸਨਾਵਾ, ਬਲਦੇਵ ਸਿੰਘ ਉੜਾਪੜ, ਬਚਿੱਤਰ ਸਿੰਘ ਮਹਿਮੂਦਪੁਰ, ਜਰਨੈਲ ਸਿੰਘ ਕਾਹਮਾ, ਰਾਮਜੀ ਦਾਸ ਸਨਾਵਾ, ਗੁਰਦਿਆਲ ਰੱਕੜ,ਮਨਜੀਤ ਕੌਰ ਅਲਾਚੌਰ, ਹਰੀ ਲਾਲ, ਹਰੇ ਰਾਮ ਆਗੂ ਵੀ ਮੌਜੂਦ ਸਨ।




# ਸ਼ੁਭਕਰਨ ਤੇ ਹੋਰ ਕਿਸਾਨਾਂ ਦੀ ਮੌਤ ਦੀ ਸਿੱਧੇ ਤੌਰ 'ਤੇ ਖੱਟੜ ਸਰਕਾਰ ਜ਼ਿੰਮੇਵਾਰ : ਬੇਗਮਪੁਰਾ ਟਾਈਗਰ ਫੋਰਸ



**ਮੇਹਟੀਆਣਾ**(**ਜਗਤਾਰ ਸਿੰਘ ਭੁੰਗਰਨੀ**)-ਬੇਗਮਪੁਰਾ ਟਾਈਗਰ ਫੋਰਸ ਦੇ ਕੌਮੀ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸੱਭਰਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸ਼ਹਿਰ ਦੇ ਮੁਹੱਲਾ ਸੁੰਦਰ ਨਗਰ ਵਿਖੇ ਬੇਗਮਪੁਰਾ ਟਾਈਗਰ ਫੋਰਸ ਦੇ ਜ਼ਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਦੀ ਪ੍ਰਧਾਨਗੀ ਹੇਠ ਇੱਕ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਬੇਗਮਪੁਰਾ ਟਾਈਗਰ ਫੋਰਸ ਦੇ ਦੁਆਬਾ ਪ੍ਰਧਾਨ ਨੇਕੂ ਅਜਨੋਹਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਮੀਟਿੰਗ ਵਿੱਚ ਕੁਝ ਨਵੀਆਂ ਨਿਯੁਕਤੀਆਂ ਕੀਤੀਆਂ ਗਈਆਂ ਜਿਸ ਵਿੱਚ ਸਾਬੀ ਸੁੰਦਰ ਨਗਰ ਜ਼ਿਲ੍ਹਾ ਸਕੱਤਰ, ਗੁਰਪ੍ਰੀਤ ਗੋਪਾ ਸ਼ਹਿਰੀ ਪ੍ਰਧਾਨ, ਰਵੀ ਸੁੰਦਰ ਨਗਰ ਸ਼ਹਿਰੀ ਉਪ ਪ੍ਰਧਾਨ, ਸੁਖਵਿੰਦਰ ਸੁੱਖੀ ਫਤਿਹਗੜ੍ਹ ਸ਼ਹਿਰੀ ਸੈਕਟਰੀ, ਸਾਜਨ ਅਤੇ ਰਕੇਸ਼ ਕੁਮਾਰ ਸੁੰਦਰ ਨਗਰ, ਦਿਲਬਾਗ ਸਿੰਘ ਬਾਘਾ ਅਤੇ ਨਰੇਸ਼ ਕੁਮਾਰ ਮੈਂਬਰ ਆਦਿ ਚਣੇ ਗਏ। ਆਗੂਆਂ ਹਰਿਆਣਾ ਦੀ ਖੱਟੜ ਸਰਕਾਰ ਦੀ ਸੁਰੱਖਿਆ ਫੋਰਸ ਵੱਲੋਂ ਪੰਜਾਬ ਰਾਜ ਅੰਦਰ ਸ਼ੰਭੂ ਅਤੇ ਖਨੌਰੀ ਨਾਲ ਲੱਗਦੀਆਂ ਹੱਦਾਂ 'ਤੇ ਕਿਸਾਨਾਂ 'ਤੇ ਢਾਹੇ ਜਾ ਰਹੇ ਜਬਰ ਦੀ ਪੁਰਜ਼ੋਰ ਨਿਖੇਧੀ ਕਰਦਿਆਂ 22 ਸਾਲ ਦੇ ਨੌਜਵਾਨ ਸ਼ੁਭਕਰਨ ਸਿੰਘ ਅਤੇ ਬੀਤੇ ਦਿਨੀਂ ਇੱਕ ਹੋਰ ਕਿਸਾਨ ਦੀ ਮੌਤ ਲਈ ਡਬਲ ਇੰਜਨ ਭਾਜਪਾ ਸਰਕਾਰ ਨੂੰ ਸਿੱਧੇ ਤੌਰ 'ਤੇ ਜ਼ਿੰਮੇਵਾਰ ਠਹਿਰਾਉਂਦੇ ਹੋਏ ਕਿਹਾ ਕਿ ਕਿਸਾਨਾਂ ਦਾ ਡੁੱਲ੍ਹਿਆ ਖੂਨ ਭਾਜਪਾ ਦੇ ਸਿਆਸੀ ਕਫਨ ਵਿਚ ਆਖਰੀ ਕਿੱਲ ਸਾਬਤ ਹੋਵੇਗਾ। ਬੇਗਮਪੁਰਾ ਟਾਈਗਰ ਫੋਰਸ ਦੇ ਆਗੂਆਂ ਨੇ ਭਾਰਤ ਦੀ ਰਾਸ਼ਟਰਪਤੀ ਸ੍ਰੀਮਤੀ ਦਰੋਪਤੀ ਮੁਰਮੂ ਨੂੰ ਸ਼ੰਭੂ ਅਤੇ ਖਨੌਰੀ ਬਾਰਡਰ ਵਿਖੇ ਪੈਦਲ ਚੱਲ ਰਹੇ ਕਿਸਾਨਾਂ ਉੱਤੇ ਹਰਿਆਣਾ ਦੀ ਪੁਲਸ ਵੱਲੋਂ ਅੰਨ੍ਹੇਵਾਹ ਅੱਥਰੂ ਗੈਸ ਦੇ ਗੋਲੇ ਅਤੇ ਗੋਲੀਆਂ ਚਲਾਉਣ ਨਾਲ ਸ਼ਹੀਦ ਹੋਏ ਕਿਸਾਨ ਸ਼ੁਭਕਰਨ ਸਿੰਘ ਦੀ ਮੌਤ ਦੀ ਜੁਡੀਸ਼ੀਅਲ ਜਾਂਚ ਕਰਵਾਉਣ ਹਿੱਤ ਬੇਨਤੀ ਕੀਤੀ। ਉਨ੍ਹਾਂ ਕਿਹਾ ਕਿ ਜਾਂਚ ਕੀਤੀ ਜਾਵੇ ਕਿ ਨਿਹੱਥੇ ਸ਼ਾਂਤਮਈ ਤੌਰ 'ਤੇ ਆਪਣਾ ਸੰਘਰਸ਼ ਚਲਾ ਰਹੇ ਕਿਸਾਨਾਂ ਉੱਤੇ ਇਹ ਗੋਲੀ ਚਲਾਉਣ ਦੇ ਹੁਕਮ ਕਿਸ ਨੇ ਦਿੱਤੇ। ਉਨ੍ਹਾਂ ਰਾਸ਼ਟਰਪਤੀ ਨੂੰ ਬੇਨਤੀ ਕੀਤੀ ਕਿ ਪੀ ਜੀ ਆਈ ਰੋਹਤਕ ਦੇ ਵਿੱਚ ਦਾਖਲ ਕਿਸਾਨ ਪ੍ਰਿਤਪਾਲ ਸਿੰਘ ਨੂੰ ਜਲਦੀ ਤੋਂ ਜਲਦੀ ਇਲਾਜ ਵਾਸਤੇ ਪੰਜਾਬ ਵਿੱਚ ਸ਼ਿਫਟ ਕਰਨ ਦੇ ਲਈ ਆਦੇਸ਼ ਜਾਰੀ ਕੀਤੇ ਜਾਣ ਤਾਂ ਜੋ ਉਸ ਦਾ ਸਹੀ ਤਰੀਕੇ ਨਾਲ ਇਲਾਜ ਹੋ ਸਕੇ। ਇਸ ਮੌਕੇ ਹੋਰਨਾਂ ਇਲਾਵਾ ਮਾਸਟਰ ਚਰਨਜੀਤ ਬਜਵਾੜਾ, ਹਰਜਿੰਦਰ ਸਿੰਘ ਪੁਰ ਹੀਰਾਂ ਅਤੇ ਰਾਜਵੀਰ ਆਦਿ ਹਾਜ਼ਰ ਰਹੇ ।

# ਬਿਜਲੀ ਦੀ ਸਪਲਾਈ ਬੰਦ ਰਹੇਗੀ

**ਨੂਰਮਹਿਲ** ( **ਬਾਲ ਕ੍ਰਿਸ਼ਨ ਬਾਲੀ** )- ਨੂਰਮਹਿਲ ਸਬ ਸਟੇਸ਼ਨ ਦੇ ਐਸ. ਡੀ.ਓ ਦਲਜੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 220 ਕੇ. ਵੀ. ਸਬ ਸਟੇਸਨ ਤੋਂ ਚਲਦੇ , 66 ਕੇ. ਵੀ. ਸਬ ਸਟੇਸ਼ਨ ਅਤੇ ਉਨ੍ਹਾਂ ਤੋਂ ਚਲਦੇ 11 ਕੇ .ਵੀ.ਫ਼ੀਡਰ ਮਿਤੀ 2 ਮਾਰਚ ਨੂੰ ਸਾਲਾਨਾ ਮੁਰੰਮਤ ਲਈ ਬੰਦ ਰਹਿਣਗੇ। ਨੂਰਮਹਿਲ 220 ਕੇ ਵੀ ਸਬ ਸਟੇਸਨ ਤੋਂ ਚਲਦੇ 11 ਕੇ. ਵੀ. ਦਿਵਿਆ ਜੋਤੀ , 11 ਕੇ.ਵੀ.ਜੰਡਿਆਲਾ ਰੋਡ ਨੂਰਮਹਿਲ, 11 ਕੇ. ਵੀ. ਮੰਡੀ ਰੋਡ ਨੂਰਮਹਿਲ, ਸੈਦੋਵਾਲ, ਸੁੰਨੜ ਕਲਾ ਅਤੇ ਡੱਲਾ ਫੀਡਰ 2 ਮਾਰਚ ਨੂੰ 10:00 ਤੋਂ ਸ਼ਾਮ 4:00 ਵਜੇ ਤੱਕ ਬੰਦ ਰਹਿਣਗੇ।

# ਗੁਰੂ ਰਵਿਦਾਸ ਦਾ ਗੁਰਪੁਰਬ ਅੱਜ ਮਨਾਇਆ ਜਾਵੇਗਾ

**ਲੋਹੀਆਂ ਖਾਸ** (**ਯੋਗੇਸਵਰ**) : ਸ੍ਰੀ ਗੁਰੂ ਰਵਿਦਾਸ ਧਰਮਸਾਲਾ ਕਮੇਟੀ (ਰਜਿ.) ਲੋਹੀਆਂ ਖਾਸ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ ਗੁਰਪੁਰਬ 2 ਮਾਰਚ ਨੂੰ ਧਰਮਸਾਲਾ ਲੋਹੀਆਂ ਨੇੜੇ ਨਕੋਦਰ ਵਾਲਾ ਫਾਟਕ ਵਿਖੇ ਮਨਾਇਆ ਜਾਵੇਗਾ। ਜਾਣਕਾਰੀ ਅਨੁਸਾਰ ਸਵੇਰੇ 11 ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ, ਜਦਕਿ ਬੰਗੜ ਬ੍ਰਦਰਜ ਰਾਏਪੁਰ-ਵਾਲੇ, ਭਾਈ ਤਰਸੇਮ ਸਿੰਘ ਕੋਮਲ ਦੇ ਢਾਡੀ ਜਥਾ ਤੋਂ ਇਲਾਵਾ ਪ੍ਰਸਿੱਧ ਢਾਡੀ ਕਵੀਸ਼ਰੀ ਜਥੇ ਤੇ ਗੁਣੀ ਗਿਆਨੀ ਸੰਗਤ ਨੂੰ ਗੁਰੂ ਜਸ ਨਾਲ ਨਿਹਾਲ ਕਰਨਗੇ। ਇਸ ਮੌਕੇ ਗੁਰੂ ਕਾ ਲੰਗਰ ਅੱਟੁਟ ਵਰਤੇਗਾ।

# ਬਜਟ 'ਚੋਂ ਹਿੱਸੇਦਾਰੀ ਲਈ ਮੰਤਰੀਆਂ ਦੇ ਘਰਾਂ ਵੱਲ ਮਾਰਚ ਅੱਜ




**ਚੰਡੀਗੜ੍ਹ** : ਆਪ ਸਰਕਾਰ ਵੱਲੋਂ ਮਜਦੂਰ ਵਰਗ ਦੀ ਲਗਾਤਾਰ ਅਣਦੇਖੀ ਕਰਨ ਦੇ ਦੋਸ਼ ਲਾਉਂਦਿਆਂ ਪੇਂਡੂ ਤੇ ਖੇਤ ਮਜਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਬਜਟ 'ਚ ਮਜਦੂਰ ਵਰਗ ਦੀ ਬੇਹਤਰੀ ਲਈ ਢੁਕਵੀਂ ਰਾਸ਼ੀ ਰਾਖਵੀਂ ਰੱਖਣ ਆਦਿ ਮੰਗਾਂ ਨੂੰ ਲੈ ਕੇ 2 ਮਾਰਚ ਨੂੰ ਪੰਜਾਬ ਭਰ 'ਚ ਮੰਤਰੀਆਂ ਤੇ ਵਿਧਾਇਕਾਂ ਦੇ ਘਰਾਂ ਵੱਲ ਮਾਰਚ ਕਰਨ ਦੀਆਂ ਸਭ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਸਾਂਝੇ ਮਜਦੂਰ ਮੋਰਚੇ ਦੇ ਆਗੂਆਂ ਲਛਮਣ ਸਿੰਘ ਸੇਵੇਵਾਲਾ, ਕੁਲਵੰਤ ਸਿੰਘ ਸੇਲਬਰਾਹ, ਦਰਸਨ ਨਾਹਰ, ਦੇਵੀ ਕੁਮਾਰੀ, ਤਰਸੇਮ ਪੀਟਰ, ਗੁਰਮੇਸ ਸਿੰਘ , ਗੁਰਪ੍ਰੀਤ ਸਿੰਘ ਰੂੜੇਕੇ, ਮੁਕੇਸ ਮਲੌਦ ਤੇ ਭਗਵੰਤ ਸਿੰਘ ਸਮਾਓ ਨੇ ਜਾਰੀ ਬਿਆਨ ਰਾਹੀਂ ਦੱਸਿਆ ਕਿ ਖਜਾਨਾ ਮੰਤਰੀ ਹਰਪਾਲ ਸਿੰਘ ਚੀਮਾ ਸਮੇਤ ਇੱਕ ਦਰਜਨ ਤੋਂ ਉੱਪਰ ਜ਼ਿਲ੍ਹਿਆਂ 'ਚ ਮੰਤਰੀਆਂ ਤੇ ਵਿਧਾਇਕਾਂ ਦੇ ਘਰਾਂ ਵੱਲ ਮਾਰਚ ਕੀਤੇ ਜਾਣਗੇ । ਉਹਨਾਂ ਦੱਸਿਆ ਕਿ ਇਹਨਾਂ ਪ੍ਰਦਰਸ਼ਨਾਂ ਦੀਆਂ ਤਿਆਰੀਆਂ 'ਚ ਵੱਖ ਵੱਖ ਥਾਵਾਂ 'ਤੇ ਕੀਤੀਆਂ ਮੀਟਿੰਗਾਂ ਤੇ ਮੁਜਾਹਰਿਆਂ 'ਚ ਵੱਡੀ ਗਿਣਤੀ ਮਜਦੂਰ ਮਰਦ ਔਰਤਾਂ ਵੱਲੋਂ ਸ਼ਿਰਕਤ ਕੀਤੀ ਗਈ। ਮਜਦੂਰ ਆਗੂਆਂ ਨੇ ਆਖਿਆ ਕਿ ਮੰਤਰੀਆਂ ਅਤੇ ਵਿਧਾਇਕਾਂ ਨੂੰ ਮੰਗ ਪੱਤਰ ਸੌਂਪ ਕੇ ਮਾਈਕਰੋਫਾਈਨਾਂਸ ਕੰਪਨੀਆਂ ਸਮੇਤ ਮਜਦੂਰਾਂ ਤੇ ਗਰੀਬ ਕਿਸਾਨਾਂ ਦੇ ਸਮੁੱਚੇ ਕਰਜੇ ਮੁਆਫ ਕਰਨ , ਮਜਦੂਰ ਕਿਸਾਨ ਪੱਖੀ ਨਵੀਂ ਖੇਤੀ ਲਿਆਉਣ, ਸਰਕਾਰੀ ਖਰਚੇ ਤੇ ਸਿੱਖਿਆ ਤੇ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਅਤੇ ਇਹਨਾਂ ਖਾਤਰ ਰਾਖਵੀਂ ਬਜਟ ਰਾਸੀ ਰੱਖਣ ਆਦਿ ਮੰਗਾਂ ਉੱਪਰ ਜੋਰ ਦਿੱਤਾ ਜਾਵੇਗਾ। ਉਹਨਾਂ ਆਖਿਆ ਕਿ ਮਜਦੂਰਾਂ ਦੇ ਪੱਕੇ ਰੁਜਗਾਰ ਦੀ ਗਰੰਟੀ , ਮਨਰੇਗਾ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ, ਪੈਨਸਨ ਪੰਜ ਹਜਾਰ ਰੁਪਏ ਮਹੀਨਾ ਕਰਨ, ਚੋਣ ਗਰੰਟੀ ਮੁਤਾਬਕ ਔਰਤਾਂ ਨੂੰ ਇੱਕ ਹਜਾਰ ਰੁਪਏ ਪ੍ਰਤੀ ਮਹੀਨਾ ਦੇਣ ਅਤੇ ਜਨਤਕ ਵੰਡ ਪ੍ਰਣਾਲੀ ਤਹਿਤ ਸਸਤੇ ਰਾਸ਼ਨ ਦੀ ਸਪਲਾਈ ਯਕੀਨੀ ਬਣਾਉਣ ਆਦਿ ਮੰਗਾਂ ਦੀ ਪੂਰਤੀ ਲਈ ਬਜਟ ਰਾਸ਼ੀ ਰਾਖਵੀਂ ਰੱਖਣ ਤੋਂ ਇਲਾਵਾ ਜਮੀਨੀ ਸੁਧਾਰ ਕਾਨੂੰਨ ਲਾਗੂ ਕਰਨ,ਪੰਚਾਇਤੀ ਜਮੀਨਾਂ ਦਾ ਤੀਜਾ ਹਿੱਸਾ ਜਮੀਨ ਮਜਦੂਰਾਂ ਨੂੰ ਸਸਤੇ ਭਾਅ ਠੇਕੇ 'ਤੇ ਦੇਣ ਅਤੇ ਡੰਮੀ ਬੋਲੀਆਂ ਰੋਕਣ ਦੇ ਢੁੱਕਵੇਂ ਕਦਮ ਚੁੱਕਣ ਦੀ ਮੰਗ ਵੀ ਕੀਤੀ ਜਾਵੇਗੀ।

# ਸਕੂਲ ਨੂੰ ਲੱਖਾਂ ਦੀ ਗ੍ਰਾਂਟ ਜਾਰੀ : ਸਿੱਖਿਆ ਮੰਤਰੀ



**ਭਲਾਣ** (**ਹਰਭਜਨ ਢਿੱਲੋਂ**) ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ ਤੇ ਭਾਸ਼ਾ ਵਿਭਾਗ ਪੰਜਾਬ ਨੇ ਕਲਸੇੜਾ, ਛੋਟੇਵਾਲ, ਭੀਖਪੁਰ, ਵਾਰਡ ਨੰ:17, ਵਾਰਡ ਨੰ:18, ਵਾਰਡ ਨੰ: 19 ਵਿਖੇ ਆਪ ਦੀ ਸਰਕਾਰ ਆਪ ਦੇ ਦੁਆਰ ਕੈਂਪ 'ਚ ਭਰਵੇ ਤੇ ਪ੍ਰਭਾਵਸ਼ਾਲੀ ਇਕੱਠ ਨੂੰ ਸੰਬੋਧਨ ਕਰਦੇ ਕਿਹਾ 90 ਪ੍ਰਤੀਸ਼ਤ ਘਰੇਲੂ ਬਿਜਲੀ ਖਪਤਕਾਰਾ ਦੇ ਬਿਜਲੀ ਦੇ ਬਿੱਲ ਜੀਰੋ ਆ ਰਹੇ ਹਨ, ਸਰਕਾਰੀ ਸਕੂਲਾਂ ਦੀ ਨੁਹਾਰ ਬਦਲ ਰਹੀ ਹੈ, ਮੁਫਤ ਸਿਹਤ ਸਹੂਲਤਾਂ ਲੋਕਾਂ ਦੀਆਂ ਬਰੂਹਾਂ 'ਤੇ ਮਿਲ ਰਹੀਆਂ ਹਨ, ਸਿੱਖਿਆ ਦੇ ਖੇਤਰ ਵਿੱਚ ਪੰਜਾਬ ਸਰਕਾਰ ਨੇ ਕ੍ਰਾਤੀਕਾਰੀ ਫੈਸਲੇ ਲਏ ਹਨ। ਸਿੱਖਿਆ ਮੰਤਰੀ ਨੇ 40 ਲੱਖ ਰੁਪਏ ਕਲਸੇੜਾ ਦੇ ਸਰਕਾਰੀ ਸਕੂਲ ਲਈ ਤੇ 10 ਲੱਖ ਰੁਪਏ ਗਰਾਊਂਡ ਲਈ ਦਿੱਤੇ, 20 ਲੱਖ ਨਾਲ ਛੋਟੇਵਾਲ 'ਚ ਮਿਡਲ ਸਕੂਲ, 5 ਲੱਖ ਨਾਲ ਭੀਖਾਪੁਰ ਦੇ ਸਰਕਾਰੀ ਪ੍ਰਾਇਮਰੀ ਸਕੂਲ ਦੀ ਨੁਹਾਰ ਬਦਲੀ ਜਾਵੇਗੀ ਤੇ ਛੋਟੇਵਾਲ ਪਿੰਡ ਲਈ 50 ਸੋਲਰ ਲਾਈਟਾ ਤੇ 5 ਲੱਖ ਰੁਪਏ ਦੋਲਾ ਬਸਤੀ ਦੀ ਸਰਾਂ ਬਣਾਉਣ ਲਈ ਦਿੱਤੇ ਹਨ। ਕੈਬਨਿਟ ਮੰਤਰੀ ਨੇ ਨੰਗਲ 'ਚ ਇੱਕ ਸ਼ਾਨਦਾਰ ਲਾਈਬ੍ਰੇਰੀ ਸ਼ੁਰੂ ਕੀਤੀ ਜਾਵੇਗੀ ਤਾਂ ਜੋ ਹਰ ਕੋਈ ਵੀ ਵਿਅਕਤੀ ਉਥੇ ਆ ਕੇ ਪੜ੍ਹ ਸਕੇ। ਉਨ੍ਹਾਂ ਨੇ ਕਿਹਾ ਕਿ ਨੰਗਲ ਸ਼ਹਿਰ ਨੂੰ ਟੂਰੀਜਮ ਹੱਬ ਵਜੋਂ ਵਿਕਸਤ ਕੀਤਾ ਜਾਵੇਗਾ, ਜਿਸ ਦੀਆਂ ਸੰਭਾਵਨਾਵਾਂ ਤਲਾਸ਼ ਕੀਤੀਆ ਜਾ ਰਹੀਆਂ ਹਨ। ਇਸ ਮੌਕੇ ਡਾ.ਸੰਜੀਵ ਗੌਤਮ ਮੈਂਬਰ ਮੈਡੀਕਲ ਕੌਂਸਲ ਪੰਜਾਬ, ਸਤੀਸ਼ ਚੋਪੜਾ, ਬਲਵਿੰਦਰ ਕੌਰ ਬੈਂਸ,ਅਮਨ ਬਾਲੀ,ਤਰਸੇਮ ਸੈਨੀ ਬਲਾਕ ਪ੍ਰਧਾਨ, ਰੋਹਿਤ ਕਾਲੀਆ ਪ੍ਰਧਾਨ ਟਰੱਕ ਯੂਨੀਅਨ, ਮੁਕੇਸ਼ ਵਰਮਾ ਬਲਾਕ ਪ੍ਰਧਾਨ, ਕਾਲਾ ਸ਼ੋਕਰ, ਤਰੁਣ ਸ਼ਰਮਾ,ਦਲਜੀਤ ਸਿੰਘ ਕਾਕਾ ਨਾਨਗਰਾ, ਨਰਿੰਦਰ ਕੁਮਾਰ ਬਾਲੀ,ਗੁਰਬਖਸ ਬਿੱਲਾ ਮਹਿਲਵਾਂ, ਸੁਨੀਤਾ ਬਲਾਕ ਪ੍ਰਧਾਨ, ਆਰ.ਐਸ.ਸੈਣੀ, ਡਾਕਟਰ ਅਨੂੰਪ੍ਰੀਤ, ਸੁਰਭੀ ਸ਼ਰਮਾ, ਨਵਜੀਤ ਸਿੰਘ, ਸ਼ਿਵ ਕੁਮਾਰ ਸਰਪੰਚ, ਹਰਪਾਲ ਕੌਰ ਪੰਚ, ਸੁਮਨ ਕੁਮਾਰੀ ਪੰਚ, ਪ੍ਰਦੀਪ ਕੁਮਾਰ ਪੰਚ, ਬਲਦੇਵ ਸਿੰਘ ਸਾਬਕਾ ਸੂਬੇਦਾਰ, ਕ੍ਰਿਸ਼ਨ ਸਿੰਘ ਰਾਮਸਰੂਪ ਸਾਬਕਾ ਸਰਪੰਚ ਆਦਿ ਹਾਜ਼ਰ ਸਨ।

# ਸਿੱਖਿਆ ਬੋਰਡ 'ਚੋਂ 9 ਕਰਮਚਾਰੀ ਸੇਵਾ ਮੁਕਤ

**ਮੋਹਾਲੀ** (**ਗੁਰਜੀਤ ਬਿੱਲਾ**) ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸੁਪਰਡੰਟ ਅਮਲਾ ਕੁਲਦੀਪ ਸਿੰਘ ਸਮੇਤ 9 ਅਧਿਕਾਰੀ ਤੇ ਕਰਮਚਾਰੀ ਸਿੱਖਿਆ ਬੋਰਡ 'ਚੋਂ ਸੇਵਾ ਮੁਕਤ ਹੋਏ। ਪੰਜਾਬ ਸਕੂਲ ਸਿੱਖਿਆ ਬੋਰਡ ਕਰਮਚਾਰੀ ਐਸੋਸੀਏਸ਼ਨ ਵੱਲੋਂ ਇਕ ਸਾਦੇ ਤੇ ਪ੍ਰਭਾਵਸ਼ਾਲੀ ਪ੍ਰੋਗਰਾਮ 'ਚ ਸੇਵਾ ਮੁਕਤ ਹੋ ਰਹੇ ਅਧਿਕਾਰੀਆਂ ਤੇ ਕਮਚਾਰੀਆਂ ਨੂੰ ਵਿਦਾਇਗੀ ਪਾਰਟੀ ਦਿਤੀ ਗਏ। ਸੁਪਰਡੰਟ ਅਮਲਾ ਕੁਲਦੀਪ ਸਿੰਘ ਨੂੰ ਗੁਰਮਤਿ ਵਿਚਾਰ ਸਭਾ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਿੱਤੀਆਂ ਧਾਰਮਿਕ ਸ਼ਾਨਦਾਰ ਸੇਵਾਵਾਂ ਬਦਲੇ ਸਨਮਾਨ ਚਿੰਨ੍ਹ ਨਾਲ ਸਨਮਾਨਿਤ ਕੀਤਾ ਗਿਆ। ਵਿਦਿਆਗੀ ਪਾਰਟੀ ਨੂੰ ਸੰਬੋਧਨ ਕਰਦੇ ਹੋਏ ਐਸੋਸੀਏਸ਼ਨ ਦੇ ਪ੍ਰਧਨ ਪਰਵਿੰਦਰ ਸਿੰਘ ਖੰਗੂੜਾ, ਜਨਰਲ ਸਕੱਤਰ ਸੁਖਚੈਨ ਸਿੰਘ ਸੈਨੀ, ਸਕੱਤਰ ਸੁਨੀਲ ਕੁਮਾਰ ਅਤੇ ਮੀਤ ਪ੍ਰਧਾਨ ਬਲਜਿੰਦਰ ਸਿੰਘ ਬਰਾੜ ਨੇ ਸੇਵਾ ਮੁਕਤ ਹੋ ਰਹੇ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਸਿੱਖਿਆ ਬੋਰਡ ਦੀ ਕਾਰਜ਼ ਕੁਸ਼ਲਤਾ ਲਈ ਪਾਏ ਗਏ ਯੋਗਦਾਨ ਦੀ ਪ੍ਰਸੰਸਾ ਕੀਤਾ ਗਈ। ਇਸ ਮੌਕੇ ਸੁਪਰੰਡਟ ਅਮਲਾ ਕੁਲਦੀਪ ਸਿੰਘ ਤੋਂ ਇਲਾਵਾ ਅਕਰਮਜੀਤ ਕੌਰ ਸਹਾਇਕ ਸਕੱਤਰ, ਸੁਪਰਡੰਟ ਸ਼ਾਮ ਦਾਸ, ਰਾਜਿੰਦਰ ਸਿੰਘ, ਸਤਨਾਮ ਸਿੰਘ ਮੈਨੇਜਰ, ਹਰਮਿੰਦਰ ਸਿੰਘ ਨਿੱਜੀ ਸਹਾਇਕ, ਬਲਜਿੰਦਰ ਸਿੰਘ ਸੀਨੀਅਰ ਸਹਾਇਕ, ਸਰਵਨ ਸਿੰਘ ਅਤੇ ਮਹਿੰਦਰ ਸਿੰਘ ਕਲਰਕ ਆਦਿ ਸ਼ਾਮਲ ਹਨ।

# ਮੋਦੀ ਸਰਕਾਰ ਦੀ ਤਾਨਾਸ਼ਾਹੀ ਖਿਲਾਫ ਸੰਘਰਸ਼ 'ਚ ਕਾਂਗਰਸ ਕਿਸਾਨਾਂ ਦੇ ਨਾਲ : ਧਾਲੀਵਾਲ

**ਫਗਵਾੜਾ** ( **ਇੰਦਰਜੀਤ ਸਿੰਘ ਮਠਾੜੂ**)- ਪੰਜਾਬ ਦੀਆਂ ਹਰਿਆਣਾ ਨਾਲ ਲੱਗਦੀਆਂ ਸਰਹੱਦਾਂ ਸ਼ੰਭੂ ਅਤੇ ਖਨੌਰੀ ਵਿਖੇ ਕੇਂਦਰ ਸਰਕਾਰ ਤੋਂ ਆਪਣੀਆਂ ਮੰਗਾਂ ਪੂਰੀਆਂ ਕਰਵਾਉਣ ਲਈ ਸੰਘਰਸ਼ ਕਰ ਰਹੇ ਸੂਬੇ ਦੇ ਕਿਸਾਨਾਂ ਨਾਲ ਇਕਜੁੱਟਤਾ ਪ੍ਰਗਟਾਉਣ ਲਈ ਅੱਜ ਕਾਂਗਰਸ ਪਾਰਟੀ ਨੇ ਫਗਵਾੜਾ ਵਿਖੇ ਟਰੈਕਟਰ ਰੈਲੀ ਕੱਢੀ। ਜ਼ਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਹਲਕਾ ਫਗਵਾੜਾ ਤੋਂ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਕੱਢੀ ਗਈ ਇਹ ਟਰੈਕਟਰ ਰੈਲੀ। ਵਿਧਾਇਕ ਧਾਲੀਵਾਲ ਨੇ ਕਿਹਾ ਕਿ ਕਿਸਾਨਾਂ ਵੱਲੋਂ ਕੀਤਾ ਜਾ ਰਿਹਾ ਅੰਦੋਲਨ ਬਿਲਕੁਲ ਜਾਇਜ਼ ਹੈ। ਮੋਦੀ ਸਰਕਾਰ ਨੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਝੂਠਾ ਵਾਅਦਾ ਕੀਤਾ ਸੀ ਪਰ ਅੱਜ ਵੀ ਕਿਸਾਨ ਕਰਜ਼ੇ ਦੇ ਬੋਝ ਹੇਠ ਦੱਬੇ ਹੋਏ ਹਨ। ਕੇਂਦਰ ਸਰਕਾਰ ਘੱਟੋ-ਘੱਟ ਸਮਰਥਨ ਮੁੱਲ ਦੇ ਵਾਅਦੇ ਤੋਂ ਮੁੱਕਰ ਗਈ ਹੈ। ਇਸ ਟਰੈਕਟਰ ਰੈਲੀ ਵਿੱਚ ਬਲਾਕ ਸਮਿਤੀ ਫਗਵਾੜਾ ਦੇ ਚੇਅਰਮੈਨ ਗੁਰਦਿਆਲ ਸਿੰਘ ਭੁੱਲਾਰਾਈ, ਬਲਾਕ ਕਾਂਗਰਸ ਫਗਵਾੜਾ ਦਿਹਾਤੀ ਪ੍ਰਧਾਨ ਜਸਵੰਤ ਸਿੰਘ ਨੀਟਾ ਜਗਪਾਲਪੁਰ, ਅਮਰਜੀਤ ਸਿੰਘ ਗੱਬਰੂ ਖੁਰਮਪੁਰ, ਰਾਮ ਮੂਰਤੀ, ਜੀਤਰਾਮ ਸਾਬਕਾ ਚੇਅਰਮੈਨ, ਰਿੰਕੂ ਵਾਲੀਆ, ਦਵਿੰਦਰ ਸਿੰਘ ਸਰਪੰਚ ਖਲਿਆਣ, ਕੁਲਦੀਪ ਸਿੰਘ ਹਰਬੰਸਪੁਰ, ਬਲਵੀਰ ਸਿੰਘ ਚੇਅਰਮੈਨ, ਚੇਤਨ ਬਿਨਿੰਗ, ਬੌਬੀ ਬਿਨਿੰਗ ਠੱਕਰਕੀ, ਨਰਿੰਦਰ ਸਿੰਘ ਸਰਪੰਚ ਪ੍ਰੇਮਪੁਰ, ਲਾਡੀ ਸਰਪੰਚ ਬੋਹਾਨੀ, ਸੋਹਣ ਸਿੰਘ ਪਰਮਾਰ, ਭੁਪਿੰਦਰ ਸਿੰਘ ਬਾਜਵਾ ਮਲਕਪੁਰ, ਪੰਜਾਬ ਡੈਲੀਗੇਟ ਮੈਂਬਰ ਗੁਰਜੀਤ ਪਾਲ ਵਾਲੀਆ, ਬਾਬਾ ਮਹਿੰਦਰ ਸਿੰਘ ਚਿਹੇੜੂ, ਬਲਜੀਤ ਸਿੰਘ ਚਹੇੜੂ, ਜਿੰਦਰ ਹਰਬੰਸਪੁਰ, ਵਰਿੰਦਰ ਨਰੂੜ, ਮੰਗੀ ਬਰਨ, ਜੱਸੀ ਸਰਪੰਚ ਕਿਸ਼ਨਪੁਰ, ਅਮਰੀਕ ਸਿੰਘ ਮੌਲੀ ਸਮੇਤ ਸੈਂਕੜੇ ਕਾਂਗਰਸੀ ਵਰਕਰ ਸਾਮਲ ਸਨ।

# ਗੁਰਦੁਆਰਾ ਚੋਣਾਂ ਵੋਟਰ ਸੂਚੀ ਸੰਬੰਧੀ ਫਾਰਮ ਭਰਨ ਦੀ ਅੰਤਿਮ ਤਰੀਕ 30 ਅਪ੍ਰੈਲ

**ਮੋਹਾਲੀ**, (**ਗੁਰਜੀਤ ਬਿੱਲਾ**)-ਮੁੱਖ ਕਮਿਸ਼ਨਰ ਗੁਰਦੁਆਰਾ ਇਲੈਕਸ਼ਨ, ਪੰਜਾਬ ਦੀਆਂ ਹਦਾਇਤਾਂ ਅਨੁਸਾਰ ਸਿੱਖ ਗੁਰਦੁਆਰਾ ਬੋਰਡ ਚੋਣ ਨਿਯਮ, 1959 ਦੇ ਨਿਯਮ 6 ਤੋਂ 12 ਅਨੁਸਾਰ ਵੋਟਰ ਸੂਚੀ ਤਿਆਰੀ ਸਬੰਧੀ ਪ੍ਰੋਗਰਾਮ ਅਨੁਸਾਰ 21 ਅਕਤੂਬਰ, 2023 ਤੋਂ ਵੋਟਰ ਫਾਰਮ ਭਰੇ ਜਾ ਰਹੇ ਹਨ। ਆਮ ਜਨਤਾ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਫਾਰਮ ਭਰਨ ਦੀ ਅੰਤਿਮ ਤਾਰੀਖ ਜੋ 29 ਫਰਵਰੀ ਸੀ, ਤੋਂ ਵਧ ਕੇ ਹੁਣ 30 ਅਪ੍ਰੈਲ ਹੋ ਗਈ ਹੈ। ਇਸ ਲਈ ਜਿਨ੍ਹਾ ਨੇ ਹੁਣ ਤੱਕ ਫਾਰਮ ਨਹੀਂ ਭਰੇ, ਉਹ ਆਪਣੇ ਫਾਰਮ 30 ਅਪ੍ਰੈਲ ਤੱਕ ਰਿਵਾਇਜ਼ਿੰਗ ਅਥਾਰਟੀ ਅਫਸਰਾਂ ਕੋਲ ਜਾ ਕੇ ਭਰ ਸਕਦੇ ਹਨ।

# ਹਰਿਆਣਾ ਕੈਬਨਿਟ ਦੀ ਮੀਟਿੰਗ 6 ਨੂੰ

**ਚੰਡੀਗੜ੍ਹ**, (**ਕ੍ਰਿਸ਼ਨ ਗਰਗ**)- ਹਰਿਆਣਾ ਕੈਬਨਿਟ ਦੀ ਅਗਾਮੀ ਮੀਟਿੰਗ ਮੁੱਖ ਮੰਤਰੀ ਮਨੋਹਰ ਲਾਲ ਦੀ ਅਗਵਾਈ ਹੇਠ 6 ਮਾਰਚ ਨੂੰ ਸਵੇਰੇ 11:00 ਵਜੇ ਚੰਡੀਗੜ੍ਹ ਵਿੱਚ ਹਰਿਆਣਾ ਸਿਵਲ ਸਕੱਤਰੇਤ ਦੀ ਚੌਥੀ ਮੰਜ਼ਿਲ ਸਥਿਤ ਮੁੱਖ ਕਮੇਟੀ ਰੂਮ ਵਿਚ ਹੋਵੇਗੀ।

# ਕਾਂਗਰਸ ਵੱਲੋਂ ਕਿਸਾਨਾਂ ਦੇ ਹੱਕ 'ਚ ਕੱਢਿਆ ਟਰੈਕਟਰ ਮਾਰਚ



**ਆਦਮਪੁਰ** (**ਪਰਮਜੀਤ ਸਿੰਘ**)-ਕਾਂਗਰਸ ਪਾਰਟੀ ਪੰਜਾਬ ਦੇ ਪੰਜਾਬ ਮਾਮਲਿਆ ਦੇ ਇੰਚਾਰਜ ਦਵਿੰਦਰ ਯਾਦਵ ਦੀਆਂ ਹਦਾਇਤਾਂ ਅਨੁਸਾਰ ਕਿਸਾਨੀ ਅੰਦੋਲਨ ਦੇ ਹੱਕ ਵਿੱਚ ਆਦਮਪੁਰ 'ਚ ਟਰੈਕਟਰ ਮਾਰਚ ਕੱਢਿਆ ਗਿਆ ਇਹ ਟਰੈਟਰ ਮਾਰਚ ਡੀਂਗਰੀਆ ਤੋਂ ਸ਼ੁਰੂ ਹੋ ਕੇ ਵੱਖ -ਵੱਖ ਪਿੰਡਾ ਤੋਂ ਹੁੰਦਾ ਹੋਇਆ ਵਾਪਸ ਡੀਂਗਰੀਆਂ ਵਿਖੇ ਸਮਾਪਤ ਹੋਇਆ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਆਦਪੁਰ ਹਲਕੇ ਦੇ ਐਮ ਐਲ ਏ ਸੁਖਵਿੰਦਰ ਸਿੰਘ ਕੋਟਲੀ ਨੇ ਦੱਸਿਆ ਕਿ ਪੰਜਾਬ ਤੇ ਹਰਿਆਣਾ ਦੀਆਂ ਸਰਹੱਦਾ ਤੇ ਹਰਿਆਣਾ ਪੁਲਿਸ ਵਲੋਂ ਕੇਂਦਰ ਦੀ ਮੋਦੀ ਸਰਕਾਰ ਦੀ ਸ਼ਹਿ 'ਤੇ ਨਿਹੱਥੇ ਕਿਸਾਨਾਂ 'ਤੇ ਤਸ਼ੱਦਦ ਦਾ ਵਿਰੋਧ ਕਰਦੇ ਹੋਏ ਕੇਂਦਰ ਸਰਕਾਰ ਦਾ ਵਿਰੋਧ ਕਰਦੇ ਹੋਏ ਟਰੈਕਟਰ ਮਾਰਚ ਕੱਢਿਆ। ਇਸ ਮੌਕੇ ਵਾਈਸ ਪ੍ਰਧਾਨ ਅੰਮ੍ਰਿਤਪਾਲ ਸਿੰਘ ਜੋਲੀ, ਗੁਰਪ੍ਰੀਤ ਸਿੰਘ ਗੋਪੀ ਬਾਬਾ ਡੀਂਗਰੀਆਂ, ਜਗਦੀਪ ਸਿੰਘ ਢੰਢਾ, ਰਣਦੀਪ ਸਿੰਘ ਨਾਜਕਾ ਬਲਾਕ ਪ੍ਰਧਾਨ ਆਦਮਪੁਰ,ਜੀਤ ਕਮਲ ਤੇ ਇਲਾਕਾ ਨਿਵਾਸੀ ਹਾਜ਼ਰ ਸਨ।

# ਲਾਇਨ ਲਾਈਸ ਮਾਰਚ, 2024 ਤੱਕ 10 ਫੀਸਦੀ ਤੋਂ ਘੱਟ ਲਿਆਉਣ ਦਾ ਟੀਚਾ : ਰੰਜੀਤ

**ਚੰਡੀਗੜ੍ਹ** (**ਕ੍ਰਿਸ਼ਨ ਗਰਗ**)- ਹਰਿਆਣਾ ਦੇ ਊਰਜਾ, ਨਵ ਅਤੇ ਨਵੀਨੀਕਰਣੀ ਊਰਜਾ ਮੰਤਰੀ ਰੰਜੀਤ ਸਿੰਘ ਨੇ ਕਿਹਾ ਕਿ ਬਿਜਲੀ ਦੇ ਖੇਤਰ ਵਿੱਚ ਹਰਿਆਣਾ ਵਿਚ ਕਾਫੀ ਸੁਧਾਰ ਹੋਇਆ ਹੈ। ਜਦੋਂ ਤੋਂ ਉਨ੍ਹਾਂ ਨੇ ਵਿਭਾਗ ਦਾ ਕਾਰਜਭਾਰ ਸੰਭਾਲਿਆ ਹੈ , ਉਦੋਂ ਤੋਂ ਲਾਇਨ ਲਾਸਿਸ 10.3 ਫੀਸਦੀ ਤਕ ਆ ਗਿਆ ਹੈ ਅਤੇ ਮਾਰਚ ਤਕ ਇਸ ਨੂੰ ਸਿੰਗਲ ਡਿਜਿਟ ਵਿਚ ਲਿਆਉਣ ਦਾ ਟੀਚਾ ਹੈ। ਉਰਜਾ ਮੰਤਰੀ ਇੱਥੇ ਪ੍ਰਬੰਧਿਤ ਛਵੇਂ ਇਲੈਟਸ ਕੌਮੀ ਉਰਜਾ ਸਮਿਤ 'ਚ ਰਾਜ ਪੱਧਰੀ ਉਰਜਾ ਸਰੰਖਣ ਪੁਰਸਕਾਰ ਵੰਡ ਸਮਾਰੋਹ ਵਿਚ ਬੋਲ ਰਹੇ ਸਨ।

ਉਨ੍ਹਾਂ ਨੇ ਕਿਹਾ ਕਿ ਥਰਮਲ ਪਾਵਰ ਦੀ ਥਾਂ ਗ੍ਰੀਨ ਉਰਜਾ ਸਵੱਛ ਉਰਜਾ ਦੇ ਵੱਲ ਵੀ ਦੇਸ਼ ਤੇਜੀ ਨਾਲ ਵੱਧ ਰਿਹਾ ਹੈ। ਆਉਣ ਵਾਲੀ ਪੀੜੀਆਂ ਦੇ ਉਜਵਲ ਭਵਿੱਖ ਅਤੇ ਸਮੂਚੇ ਵਿਕਾਸ ਲਈ ਕੁਦਰਤੀ ਸੰਸਥਾਨਾਂ ਦਾ ਵਿਵੇਕਪੂਰਕ ਤੇ ਬੁੱਧੀਮਤਾ ਨਾਲ ਵਰਤੋ ਕਰਨੀ ਹੋਵੇਗੀ। ਉਰਜਾ ਮੰਤਰੀ ਨੇ ਕਿਹਾ ਕਿ ਦੇਸ਼ ਦੀ 60 ਫੀਸਦੀ ਜੇ ਸੀ ਬੀ, 53 ਫੀਸਦੀ ਕ੍ਰੇਨ, 60 ਫੀਸਦੀ ਕਾਰ ਅਤੇ 60 ਫੀਸਦੀ ਤੋਂ ਵੱਧ ਦੁਪਹਿਅਆ ਵਾਹਨਾਂ ਦਾ ਉਤਪਾਦਨ ਹਰਿਆਣਾ ਦੇ ਰਿਵਾੜੀ, ਗੁਰੂਗ੍ਰਾਮ ਅਤੇ ਮਾਨੇਸਰ ਖੇਤਰ ਵਿੱਚ ਹੁੰਦਾ ਹੈ ਅਤੇ ਇਹ ਬਿਜਲੀ ਦੀ ਉਪਲਬਧਤਾ ਦੇ ਬਿਨ੍ਹਾਂ ਸੰਭਵ ਨਹੀਂ ਹੈ। ਸਮਾਰੋਹ ਵਿਚ ਉਦਯੋਗਾਂ ਦੀ ਸ਼੍ਰੇਣੀ ਵਿਚ ਇਕ ਮੇਗਾਵਾਟ ਕਨੈਕਟਿਡ ਲੋਡ ਸ਼੍ਰੇਣੀ ਵਿਚ ਪਹਿਲਾ ਪੁਰਸਕਾਰ ਮੈਸਰਜ ਜਿੰਦਲ ਸਟੇਨਲੈਂਸ ਸਟੀਲ ਲਿਮੀਟੇਡ ਹਿਸਾਰ ਅਤੇ ਐਮ ਐਸ ਐਮ ਈ ਸ਼੍ਰੇਣੀ ਵਿਚ ਮੈਸਰਜ ਵਿਕਟੋਰਿਆ ਲਿਫਟਸ ਲਿਮੀਟੇਡ ਫਰੀਦਾਬਾਦ ਨੂੰ ਦਿੱਤਾ ਗਿਆ ਹੈ।

# ਅਭਿਨੇਤਰੀ ਜਪਜੀ ਖਹਿਰਾ ਸੇਂਟ ਸੋਲਜਰ ਗਰੁੱਪ ਆਫ ਇੰਸਟੀਚਿਊਸ਼ਨਜ਼ 'ਚ

**ਜਲੰਧਰ** (**ਇਕਬਾਲ ਸਿੰਘ ਉੱਭੀ**): ਸੇਂਟ ਸੋਲਜਰ ਗਰੁੱਪ ਔਫ ਇੰਸਟੀਚਿਊਸਨਜ ਦੀ ਜਲੰਧਰ - ਅੰਮ੍ਰਿਤਸਰ ਰੋਡ ਬ੍ਰਾਂਚ ־ਚ ਪਹੁੰਚੇ ਪੰਜਾਬੀ ਅਭਿਨੇਤਰੀ ਜਪਜੀ ਖਹਿਰਾ। ਜਿਨ੍ਹਾਂ ਦਾ ਸੁਆਗਤ ਗਰੁੱਪ ਚੇਅਰਮੈਨ ਅਨਿਲ ਚੋਪੜਾ, ਵਾਇਸ ਚੇਅਰਪਰਸਨ ਸੰਗੀਤਾ ਚੋਪੜਾ, ਗਰੁੱਪ ਕਾਲਜ ਐਮ. ਡੀ. ਪ੍ਰੋ ਮਨਹਰ ਅਰੋੜਾ ਤੇ ਗਰੁੱਪ ਦੇ ਸਟਾਫ ਮੈਂਬਰਾਂ ਵੱਲੋਂ ਕੀਤਾ ਗਿਆ। ਇਸ ਪ੍ਰੋਗਰਾਮ ਦਾ ਆਯੋਜਨ ਗਰੁੱਪ ਦੇ ਲਾਅ ਕਾਲਜ ਦੇ ਆਡੀਟੋਰੀਅਮ 'ਚ ਹੋਇਆ। ਅਭਿਨੇਤਰੀ ਜਪਜੀ ਖਹਿਰਾ ਨੇ ਵਿਦਿਆਰਥੀਆਂ ਨਾਲ ਸੈਲਫੀਆਂ ਕਰਵਾਈਆਂ ਤੇ ਆਪਣੀ ਜ਼ਿੰਦਗੀ ਦੇ ਸਫਰ ਤੇ ਆਈਆਂ ਮੂਵੀਜ਼ ਦੇ ਸਫਰ ਬਾਰੇ ਦੱਸਿਆ। ਗਰੁੱਪ ਦੇ ਵਾਇਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਮਹਿਮਾਨ ਨੂੰ ਉਨ੍ਹਾ ਦੀ ਆਉਣ ਵਾਲੀ ਮੂਵੀ ਬਲੈਕੀਆ 2 ਲਈ ਵਧਾਈ ਦਿੱਤੀ ਅਤੇ ਸਨਮਾਨ ਚਿੰਨ੍ਹ ਦਿੰਦੇ ਹਾਏ ਉਨ੍ਹਾ ਦੇ ਆਉਣ ਵਾਲੇ ਭਵਿੱਖ ਲਈ ਸ਼ੁੱਭਕਾਮਨਾਵਾਂ ਦਿਤੀਆਂ।



# ਡੀ ਏ ਵੀ ਕਾਲਜ ਫਗਵਾੜਾ ਵਿਖੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ



**ਫਗਵਾੜਾ** (**ਡਾ. ਰਮਨ**) ਮੋਹਨ ਲਾਲ ਉੱਪਲ ਡੀ ਏ ਵੀ ਕਾਲਜ ਫਗਵਾੜਾ ਵਿਖੇ ਪ੍ਰਿੰ: ਡਾ. ਕਿਰਨਜੀਤ ਰੰਧਾਵਾ ਦੀ ਯੋਗ ਅਗਵਾਈ ਹੇਠ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਵਿੱਦਿਅਕ ਸੈਸ਼ਨ 2023-24 ਵਿੱਚ ਵਿਦਿਆਰਥੀਆਂ ਦੇ ਇਮਤਿਹਾਨਾਂ ਅਤੇ ਉੱਜਵਲ ਭਵਿੱਖ ਦੀ ਕਾਮਨਾ ਵਾਸਤੇ ਲੋਕਲ ਮੈਨੇਜਿੰਗ ਕਮੇਟੀ ਅਤੇ ਸਮੂਹ ਸਟਾਫ ਦੇ ਸਹਿਯੋਗ ਨਾਲ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਬੜੀ ਸ਼ਰਧਾ ਪੂਰਵਕ ਢੰਗ ਨਾਲ ਕਰਵਾਇਆ ਗਿਆ, ਜਿਸ ਵਿੱਚ ਪ੍ਰਿੰਸੀਪਲ ਡਾ: ਰੰਧਾਵਾ, ਲੋਕਲ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਵਿਕਾਸ ਉੱਪਲ, ਸ੍ਰੀਮਤੀ ਪੂਜਾ ਉੱਪਲ, ਓਮ ਉੱਪਲ, ਸ੍ਰੀਮਤੀ ਕਵਿਤਾ ਉੱਪਲ, ਵਿਜੈ ਸੋਂਧੀ, ਸਤਪਾਲ ਸਿੰਘ ਮੁਲਤਾਨੀ (ਐਮ ਡੀ, ਰਿਚੀ ਟਰੈਵਲਜ਼, ਜਲੰਧਰ), ਡਾ. ਰਮਨਦੀਪ ਸਿੰਘ, ਪ੍ਰਿੰ: ਐਨ.ਖ਼ੇਤੀ (ਆਦਰਸ਼ ਬਾਲ ਵਿਦਿਆਲਿਆ, ਫਗਵਾੜਾ) ਸਮੇਤ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੇ ਗੁਰੂ ਜੀ ਦੀ ਪਾਵਨ ਤੇ ਪਵਿੱਤਰ ਹਜ਼ੂਰੀ ਵਿੱਚ ਨਤਮਸਤਕ ਹੁੰਦਿਆਂ ਆਪਸੀ ਸਦਭਾਵਨਾ ਅਤੇ ਮਨੁੱਖਤਾ ਦੀ ਭਲਾਈ ਲਈ ਸਦਾ ਯਤਨਸ਼ੀਲ ਰਹਿਣ ਦੀ ਅਰਦਾਸ ਕੀਤੀ।

# ਸੰਤ ਬਾਬਾ ਹਰਦੇਵ ਸਿੰਘ ਦੇ ਜਨਮ ਦਿਨ ਨੂੰ ਸਮਰਪਤ ਸਫਾਈ ਮੁਹਿੰਮ





**ਆਦਮਪੁਰ** (**ਪਰਮਜੀਤ ਸਿੰਘ**):- ਸੰਤ ਨਿਰੰਕਾਰੀ ਮਿਸ਼ਨ ਦੇ ਮੁਖੀ ਬਾਬਾ ਹਰਦੇਵ ਸਿੰਘ ਦੇ ਜਨਮ ਦਿਨ ਨੂੰ ਸਮਰਪਤ ਸੰਤ ਨਿਰੰਕਾਰੀ ਸਤਸੰਗ ਭਵਨ ( ਆਦਮਪੁਰ ) ਦੇ ਸੇਵਾਦਾਰਾਂ ਵੱਲੋਂ ਸਦਗੁਰੂ ਮਾਤਾ ਸੁਦੀਕਸ਼ਾ ਜੀ ਦੀ ਅਗਵਾਈ ਹੇਠ ਜਲ ਸਫਾਈ ਅਭਿਆਨ ਤਹਿਤ ਆਦਮਪੁਰ ਵਿਚੋਂ ਲੰਘਦੀ ਬਿਸਤ ਦੋਆਬ ਨਹਿਰ ਦੇ ਕੁੱਝ ਹਿੱਸੇ ਨੂੰ ਸਾਫ ਕੀਤਾ ਗਿਆ । ਨਹਿਰ ਦੇ ਕਿਨਾਰਿਆਂ ਤੋਂ ਜੰਗਲੀ ਬੂਟੇ, ਘਾਹ ਆਦ ਸਾਫ ਕੀਤਾ ਗਿਆ। ਸੇਵਾਦਾਰਾਂ ਨੇ ਨਹਿਰ ਵਿੱਚ ਉਤਰ ਕੇ ਵੀ ਪਾਣੀ ਵਿਚੋਂ ਕੂੜਾ, ਪਲਾਸਟਿਕ ਦੇ ਲਿਫਾਫੇ, ਨਾਰੀਅਲ ਆਦਿ ਕੱਢਿਆ । ਭਵਨ ਵਲੋਂ ਸੇਵਾਦਾਰਾਂ ਲਈ ਲੰਗਰ ਵੀ ਵਰਤਾਇਆ ਗਿਆ। ਇਸ ਮੌਕੇ ਸੰਯੋਜਕ ਭਾਈ ਸਾਹਿਬ ਗੁਰਚਰਨ ਸਿੰਘ ( ਜਲੰਧਰ ਵਾਲੇ ), ਸੁਖਪਾਲ ਸਹੋਤਾ ( ਮੁਖੀ ਆਦਮਪੁਰ ਸੰਤਸੰਗ ਭਵਨ), ਭੋਗਪੁਰ ਸੰਤਸੰਗ ਭਵਨ ਦੇ ਮੁਖੀ ਮਹਿੰਗਾ ਸਿੰਘ, ਸੰਚਾਲਕ ਨੈਨਪਾਲ , ਭੈਣ ਪ੍ਰਵੀਨ ( ਸੰਚਾਲਿਕਾ ਆਦਮਪੁਰ ), ਵਿਵੇਕ (ਸੰਚਾਲਕ ਭੋਗਪੁਰ) , ਕਰਨੈਲ, ਰਾਜਕੁਮਾਰ ਗ੍ਰੈਜੂਏਟ ਅਤੇ ਹੋਰ ਅਨੇਕ ਸੇਵਾਦਾਰ ਵੀ ਹਾਜ਼ਰ ਸਨ । ਸਮਾਜ ਸੇਵੀ ਅਤੇ ਵਾਤਾਵਰਣ ਪ੍ਰੇਮੀ ਹਰਿੰਦਰ ਸਿੰਘ ਨੇ ਵੀ ਇਸ ਸ਼ੁਭ ਕਾਰਜ ਵਿੱਚ ਹਿੱਸਾ ਲਿਆ । ਉਨ੍ਹਾਂ ਕਿਹਾ ਕਿ ਜਦੋਂ ਵੀ ਇਸ ਵਿੱਚ ਕੂੜਾ, ਪੂਜਾ ਦਾ ਸਮਾਨ , ਦੇਵੀ ਦੇਵਤਿਆਂ ਦਿਆਂ ਤਸਵੀਰਾਂ, ਮੂਰਤੀਆਂ, ਪੁਰਾਣੇ ਕੱਪੜੇ, ਨਾਰੀਅਲ ਆਦਦ ਸੁਟ ਦਿੱਤਾ ਜਾਂਦਾ ਹੈ, ਉਸ ਨਾਲ ਨਹਿਰ ਦਾ ਪਾਣੀ ਗੰਧਲਾ ਅਤੇ ਜ਼ਹਿਰੀਲਾ ਵੀ ਹੁੰਦਾ ਹੈ। ਇਹ ਸਾਡੀ ਸਾਰਿਆਂ ਦੀ ਸਾਂਝੀ ਜਿੰਮੇਵਾਰੀ ਹੈ ਕਿ ਪਾਣੀ ਨੂੰ ਸਾਫ ਸੁਥਰਾ ਰੱਖਣਾ ਚਾਹੀਦਾ ਹੈ । ਉਨ੍ਹਾਂ ਕਿਹਾ ਕਿ ਸਾਡੀ ਨੈਤਿਕ ਜ਼ਿੰਮੇਵਾਰੀ ਹੈ ਕਿ ਆਪਣੇ ਪਾਣੀ ਦੇ ਸੋਮਿਆਂ ਦੀ ਕਦਰ ਕਰੀਏ , ਇਨ੍ਹਾਂ ਨੂੰ ਗੰਧਲਾ ਨਾ ਕਰੀਏ । ਉਨ੍ਹਾ ਨਿਰੰਕਾਰੀ ਸਤਸੰਗ ਭਵਨ ਦੇ ਸੇਵਾਦਾਰਾਂ ਦਾ ਧੰਨਵਾਦ ਕੀਤਾ ਅਤੇ ਵਾਤਾਵਰਣ ਨਾਲ ਜੁੜੇ ਇਸ ਸ਼ੁਭ ਕਾਰਜ ਦੀ ਸ਼ਲਾਘਾ ਕੀਤੀ । ਭਵਨ ਦੇ ਮੁਖੀ ਸੁਖਪਾਲ ਸਹੋਤਾ ਨੇ ਕਿਹਾ ਕਿ ਇਹ ਅਗਾਂਹ ਵੀ ਸੇਵਾ ਚਲਦੀ ਰਹੇ । ਉਨ੍ਹਾਂ ਵੀ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ।

# ਪੰਜਾਬ ਮੰਡੀ ਬੋਰਡ ਵੱਲੋਂ 1146 ਕਰੋੜ ਰੁਪਏ ਦਾ ਸਾਲਾਨਾ ਬਜਟ ਪਾਸ



**ਚੰਡੀਗੜ੍ਹ**, (**ਗੁਰਜੀਤ ਬਿੱਲਾ**) ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਦੀ ਅਗਵਾਈ 'ਚ ਕਿਸਾਨ ਭਵਨ ਵਿਖੇ ਬੋਰਡ ਆਫ ਡਾਇਰੈਕਟਰਜ ਦੀ ਮੀਟਿੰਗ ਹੋਈ। ਜਿਸ ਵਿੱਚ ਪੰਜਾਬ ਮੰਡੀ ਬੋਰਡ ਨਾਲ ਸਬੰਧਤ ਏਜੰਡਿਆਂ ਉੱਤੇ ਵਿਸਤਾਰ ਨਾਲ ਗੱਲਬਾਤ ਹੋਈ ਅਤੇ 1146 ਕਰੋੜ ਰੁਪਏ ਦਾ ਸਾਲਾਨਾ ਬਜਟ ਪਾਸ ਕੀਤਾ ਗਿਆ। ਇਸ ਦੌਰਾਨ ਹਰਚੰਦ ਸਿੰਘ ਬਰਸਟ ਨੇ ਬਤੌਰ ਚੇਅਰਮੈਨ ਰਹਿੰਦਿਆਂ ਆਪਣੇ ਇੱਕ ਸਾਲ ਦਾ ਲੇਖਾ-ਜੋਖਾ ਵਿਸਤਾਰ ਨਾਲ ਪੇਸ਼ ਕੀਤਾ। ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਮੰਡੀ ਬੋਰਡ ਦਾ ਆਰ.ਡੀ.ਐਫ. ਰੋਕਣ ਕਰਕੇ ਪਿੰਡਾਂ ਦੀਆਂ ਲਿੰਕ ਸੜਕਾਂ, ਮੰਡੀਆਂ ਆਦਿ ਪੇਂਡੂ ਖੇਤਰਾਂ ਦਾ ਵਿਕਾਸ ਰੁਕਿਆ ਹੋਇਆ ਹੈ। ਇਸ ਲਈ ਮੰਡੀ ਬੋਰਡ ਦੀ ਆਮਦਨ ਵਧਾਉਣ ਲਈ ਬੀਤੇ ਇੱਕ ਸਾਲ ਵਿੱਚ ਵਿਸ਼ੇਸ਼ ਯੋਜਨਾਵਾਂ ਬਣਾਈਆਂ ਗਈਆਂ ਹਨ, ਜਿਨ੍ਹਾਂ ਨੂੰ ਜੰਗੀ ਪੱਧਰ ਤੇ ਅਮਲੀ ਜਾਮਾਂ ਪਹਿਨਾਇਆ ਜਾ ਰਿਹਾ ਹੈ। ਉਨ੍ਹਾਂ ਨੇ ਦੱਸਿਆ ਕਿ ਇਸਦੇ ਲਈ ਪੰਜਾਬ ਦੀਆਂ ਮੰਡੀਆਂ ਵਿੱਚ ਖਾਲੀ ਪਏ ਪਲਾਟਾਂ ਦੀ ਬੋਲੀ ਕਰਵਾਈ ਜਾ ਰਹੀ ਹੈ ਅਤੇ ਨਵੀਂ ਆਧੁਨਿਕ ਫਲ ਅਤੇ ਸਬਜੀ ਮੰਡੀ, ਸੈਕਟਰ-65 ਏ ਮੋਹਾਲੀ ਵਿਖੇ ਜਿੱਥੇ ਹਾਲ ਹੀ ਵਿੱਚ ਰੈਗੂਲਰ ਮੋਨੀਟਰਇੰਗ ਕਰਦੇ ਹੋਏ 7 ਦੁਕਾਨਾਂ ਵੇਚੀਆ ਜਾ ਚੁੱਕੀਆਂ ਹਨ, ਉੱਥੇ ਹੀ ਯੂਜਰ ਚਾਰਜਿਜ ਦੇ ਠੇਕੇ ਦੀ ਰਕਮ ਵਿੱਚ ਵੀ ਵਾਧਾ ਦਰਜ ਕੀਤਾ ਗਿਆ ਹੈ, ਜਿੱਥੇ ਸਾਲ 2021-22 ਦੌਰਾਨ 24 ਲੱਖ ਰੁਪਏ ਅਤੇ ਸਾਲ 2022-23 ਦੌਰਾਨ 35 ਲੱਖ ਰੁਪਏ ਪ੍ਰਾਪਤ ਹੋਇਆ ਹੈ, ਉੱਥੇ ਹੀ ਆਗਾਮੀ ਵਿੱਤੀ ਸਾਲ 2024-25 ਦੌਰਾਨ ਠੇਕਾ ਤਕਰੀਬਨ 45 ਲੱਖ ਰੁਪਏ ਤੈਅ ਹੋਇਆ ਹੈ। ਚੇਅਰਮੈਨ ਨੇ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਹਿਮਦਪੁਰ ਪਿੰਡ ਦੇ ਲੋਕਾਂ ਵੱਲੋਂ ਮੰਡੀ ਬੋਰਡ ਨੂੰ ਕੁੱਲ 83 ਵਿੱਘੇ ਜਮੀਨ ਦਾਨ ਦਿੱਤੀ ਗਈ ਹੈ, ਜਿੱਥੇ ਜਲਦ ਹੀ ਸਬ-ਯਾਰਡ ਬਣਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਕਿਸਾਨ ਭਵਨ ਅਤੇ ਕਿਸਾਨ ਹਵੇਲੀ ਰਾਹੀਂ ਵੀ ਆਮਦਨ ਵਿੱਚ ਵਾਧਾ ਕਰਨ ਤੇ ਜੋਰ ਦਿੱਤਾ ਜਾ ਰਿਹਾ ਹੈ। ਕਿਸਾਨਾਂ ਅਤੇ ਲੋਕਾਂ ਦੀ ਸਹੂਲਤ ਲਈ ਕਿਸਾਨ ਭਵਨ ਅਤੇ ਕਿਸਾਨ ਹਵੇਲੀ ਵਿੱਚ ਕਮਰਿਆਂ ਦੀ ਵੈਬ ਪੋਰਟਲ ਰਾਹੀਂ ਆਨਲਾਇਨ ਬੁਕਿੰਗ ਕੀਤੀ ਜਾ ਰਹੀ ਹੈ। ਇਸ ਨਾਲ ਜਿੱਥੇ ਅਪ੍ਰੈਲ 2023 'ਚ ਆਮਦਨ 7,08,350 ਰੁਪਏ ਸੀ, ਉਥੇ ਜਨਵਰੀ 2024 ਮਹੀਨੇ ਤੱਕ ਇਹ ਵੱਧ ਕੇ 37,37,881 ਰੁਪਏ ਹੋ ਗਈ ਹੈ। ਉਨ੍ਹਾਂ ਨੇ ਦੱਸਿਆ ਕਿ ਪੰਜਾਬ ਦੀ ਜਵਾਨੀ ਨੂੰ ਨਸ਼ੇ ਤੋਂ ਬਚਾਉਣ ਲਈ ਆਫ ਸੀਜਨ ਦੌਰਾਨ ਮੰਡੀਆਂ ਵਿੱਚ ਬਣੇ ਵੱਡੇ-ਵੱਡੇ ਕਵਰ ਸ਼ੈੱਡਾਂ ਵਿੱਚ ਇੰਨਡੋਰ ਖੇਡਾਂ ਵੀ ਸ਼ੁਰੂ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਪਿਛਲੀਆਂ ਸਰਕਾਰਾਂ ਵੱਲੋਂ ਲਏ ਕਰੀਬ 2000 ਕਰੋੜ ਰੁਪਏ ਦੇ ਲੋਨ ਦੀਆਂ ਕਿਸ਼ਤਾਂ ਨੂੰ ਵੀ ਭਰਿਆ ਜਾ ਚੁੱਕਿਆ ਹਨ। ਉਨ੍ਹਾਂ ਦੱਸਿਆ ਕਿ ਗ੍ਰਾਮ ਪੰਚਾਇਤ ਮਹਿਮਦਪੁਰ ਜਿਲ੍ਹਾਂ ਪਟਿਆਲਾ ਵੱਲੋਂ ਮੰਡੀ ਬਣਾਉਣ ਲਈ ਕੁੱਲ 83 ਵਿੱਘੇ ਜਮੀਨ ਪੰਜਾਬ ਮੰਡੀ ਬੋਰਡ ਨੂੰ ਦਾਨ ਦਿੱਤੀ ਗਈ, ਜਿੱਥੇ ਜਲਦ ਹੀ ਸਬਜੀ ਮੰਡੀ ਸ਼ੁਰੂ ਕੀਤੀ ਜਾ ਰਹੀ ਹੈ।

2-MAR-PAGE-10.qxd 3/1/2024 10:36 PM Page 1



## ਵਾਤਾਵਰਨ ਤੇ ਬੇਟੀ ਬਚਾਓ ਨੂੰ ਸਮਰਪਤ ਪੌਦੇ ਲਗਾਉਣ ਦੀ ਮੁਹਿਮ ਦਾ ਆਗਾਜ਼

**ਮਲੋਟ (ਗੁਰਮੀਤ ਸਿੰਘ ਮੱਕੜ)**

ਮਲੋਟ ਵਿਖੇ ਵਾਤਾਵਰਨ ਬਚਾਓ ਤੇ ਬੇਟੀ ਬਚਾਓ ਨੂੰ ਸਮਰਪਤ ਪੌਦੇ ਲਗਾਉਣ ਦੀ ਮੁਹਿਮ ਦਾ ਆਗਾਜ਼ ਕੀਤਾ ਗਿਆ, ਜਿਸ ਦੀ ਸ਼ੁਰੂਆਤ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਵੱਲੋਂ ਕੀਤੀ ਗਈ। ਇਸ ਮੌਕੇ ਗੱਲਬਾਤ ਕਰਦੇ ਹੋਏ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਇਸ ਮੁਹਿਮ ਦੌਰਾਨ ਉਨ੍ਹਾਂ ਵਾਤਾਵਰਨ ਤੇ ਧੀਆਂ ਨੂੰ ਬਚਾਉਣ ਦੀ ਗੱਲ ਕੀਤੀ ਹੈ, ਜਿਸ ਦੇ ਸਬੰਧ ਵਿੱਚ ਉਨ੍ਹਾਂ ਪੌਦੇ ਲਗਾਏ ਹਨ ਤੇ ਹਰ ਇੱਕ ਪੌਦਾ ਇੱਕ ਧੀ ਨੂੰ ਸਮਰਪਤ ਕੀਤਾ ਹੈ ਅਤੇ ਧੀਆਂ ਦੇ ਮਾਪਿਆਂ ਨੂੰ ਅਪੀਲ ਕੀਤੀ ਕਿ ਜਿਸ ਤਰ੍ਹਾਂ ਅਸੀਂ ਆਪਣੀਆਂ ਧੀਆਂ ਨੂੰ ਪਾਲ ਰਹੇ ਹਾਂ, ਉਸੇ ਤਰ੍ਹਾਂ ਇਨ੍ਹਾਂ ਰੁੱਖਾਂ ਨੂੰ ਪਾਲਣਾ ਹੈ। ਉਨ੍ਹਾ ਕਿਹਾ ਕਿ ਇਸ ਤੋਂ ਇਲਾਵਾ ਆਉਣ ਵਾਲੇ ਔਰਤ ਦਿਵਸ 'ਤੇ ਵੀ ਇਸੇ ਤਰ੍ਹਾਂ ਪੌਦੇ ਲਗਾਉਣ ਦਾ ਉਪਰਾਲਾ ਕੀਤਾ ਜਾਵੇਗਾ, ਜਿਸ ਵਿੱਚ ਉਨ੍ਹਾਂ ਸਮੂਹ ਮਲੋਟ ਨਿਵਾਸੀਆਂ ਨੂੰ ਆਪਣੀਆਂ ਧੀਆਂ ਦੇ ਨਾਮ ਲਿਖਵਾਉਣ ਦੀ ਅਪੀਲ ਕੀਤੀ। ਇਸ ਮੌਕੇ ਆਪ ਦਫ਼ਤਰ ਦੇ ਇੰਚਾਰਜ ਰਮੇਸ਼ ਅਰਨੀਵਾਲਾ ਤੇ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ।

# ਬੱਚੀ ਨਾਲ ਜਿਸਮਾਨੀ ਛੇੜਛਾੜ ਦੇ ਮਾਮਲੇ 'ਚ ਪੁਲਸ ਨੇ ਧਾਰੀ ਚੁੱਪ

### ਐੱਸ ਐੱਸ ਪੀ ਪਟਿਆਲਾ ਨੂੰ ਮਿਲੇਗਾ ਜਨਤਕ ਜਥੇਬੰਦੀਆਂ ਦਾ ਵਫ਼ਦ



**ਨਾਭਾ (ਵਰਿੰਦਰ ਵਰਮਾ)**

13 ਸਾਲਾ ਬੱਚੀ ਨਾਲ ਬਲਾਤਕਾਰ ਕਰਨ ਦੀ ਕੋਸ਼ਿਸ਼ ਕਰਨ ਵਾਲੇ ਅਪਰਾਧੀ ਨੂੰ ਗ੍ਰਿਫ਼ਤਾਰ ਕਰਾਉਣ ਸਬੰਧੀ ਜਨਤਕ ਜਥੇਬੰਦੀਆਂ ਵੱਲੋਂ ਰਵਿਦਾਸ ਕਮਿਊਨਿਟੀ ਹਾਲ ਵਿਖੇ ਮੀਟਿੰਗ ਹੋਈ, ਜਿਸ ਵਿੱਚ ਐਸ.ਐਸ.ਪੀ ਪਟਿਆਲਾ ਨੂੰ ਮਿਲਣ ਦਾ ਪ੍ਰੋਗਰਾਮ ਬਣਾਇਆ ਗਿਆ। ਇਸਤਰੀ ਜਾਗ੍ਰਿਤੀ ਮੰਚ ਵੱਲੋਂ ਅਮਨ ਦਿਓਲ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਗੁਰਵਿੰਦਰ ਬੌੜਾ, ਨਰੇਗਾ ਰੁਜ਼ਗਾਰ ਪ੍ਰਾਪਤ ਯੂਨੀਅਨ ਵੱਲੋਂ ਕਸ਼ਮੀਰ ਗੁਦਾਈਆ, ਡੈਮੋਕ੍ਰੇਟਿਕ ਨਰੇਗਾ ਫਰੰਟ ਵੱਲੋਂ ਅਵਤਾਰ ਸਿੰਘ ਅਗੇਤੀ, ਡੈਮੋਕ੍ਰੇਟਿਕ ਟੀਚਰਜ ਫਰੰਟ ਵੱਲੋਂ ਸਾਦਿਕ, ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਗੁਰਧਿਆਨ ਹਰੀਗੜ੍ਹ ਪੈਪਸੀਕੋ ਵਰਕਰ ਯੂਨੀਅਨ ਵੱਲੋਂ ਕ੍ਰਿਸ਼ਨ ਭੜੋ ਨੇ ਕਿਹਾ ਕਿ ਲਗਭਗ ਇੱਕ ਮਹੀਨਾ ਪਹਿਲਾਂ ਨਾਭਾ ਵਿੱਚ 13 ਸਾਲ ਦੀ ਬੱਚੀ ਨਾਲ ਜਿਸਮਾਨੀ ਛੇੜਛਾੜ ਅਤੇ ਰੇਪ ਕਰਨ ਦੀ ਕੋਸ਼ਿਸ਼ ਦਾ ਮਾਮਲਾ ਸਾਹਮਣੇ ਆਇਆ ਸੀ। ਪੁਲਸ ਵੱਲੋਂ ਉਸ ਅਪਰਾਧੀ ਖ਼ਿਲਾਫ਼ ਪੀ.ਓ.ਸੀ.ਐਸ.ਓ ਅਤੇ ਆਈ.ਪੀ.ਸੀ 1860 ਦੀ ਧਾਰਾ 354 ਤੇ 354-ਏ ਤਹਿਤ ਪਰਚਾ ਦਰਜ ਕਰਨ ਤੋਂ ਬਾਅਦ ਕੋਈ ਵੀ ਅਗਲੇਰੀ ਕਾਰਵਾਈ ਨਹੀਂ ਕੀਤੀ ਗਈ। ਅਪਰਾਧੀ ਹਲੇ ਵੀ ਖੁੱਲ੍ਹਾ ਘੁੰਮ ਰਿਹਾ ਹੈ। ਬੱਚੀ ਤੇ ਉਸ ਦਾ ਪਰਵਾਰ ਪੁਲਸ ਦੀ ਢਿੱਲੀ ਕਾਰਗੁਜ਼ਾਰੀ ਕਾਰਨ ਇਨਸਾਫ਼ ਨਾ ਮਿਲਣ ਤੋਂ ਦੁਖੀ ਹੈ। ਆਗੂਆਂ ਨੇ ਕਿਹਾ ਕਿ ਇਸ ਤਰ੍ਹਾਂ ਦੇ ਮਾਮਲੇ ਨਿੱਤ ਵਾਪਰਦੇ ਹਨ, ਪਰ ਸਾਰੇ ਮਾਮਲੇ ਸਾਹਮਣੇ ਨਹੀਂ ਆਉਂਦੇ ਜਿਹੜੇ ਕੋਈ ਇੱਕਾ-ਦੁੱਕਾ ਮਾਮਲੇ ਸਾਹਮਣੇ ਆਉਂਦੇ ਹਨ, ਉਸ 'ਤੇ ਵੀ ਪੁਲਸ ਵੱਲੋਂ ਕੋਈ ਸਖ਼ਤ ਕਾਰਵਾਈ ਨਹੀਂ ਹੁੰਦੀ ਅਤੇ ਪੀੜਤ ਪਰਵਾਰ ਕਈ ਕਈ ਸਾਲ ਖੱਜਲ ਖੁਆਰ ਹੁੰਦੇ ਰਹਿੰਦੇ ਹਨ। ਇਸ ਤਰ੍ਹਾਂ ਦੇ ਅਪਰਾਧੀ ਕਾਨੂੰਨ ਨੂੰ ਟਿੱਚ ਸਮਝਣ ਲੱਗ ਜਾਂਦੇ ਹਨ। ਇਸ ਮਾਮਲੇ ਵਿੱਚ ਲਗਭਗ 2 ਹਫ਼ਤੇ ਪਹਿਲਾਂ ਇਸਤਰੀ ਜਾਗ੍ਰਿਤੀ ਮੰਚ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਤੇ ਪੰਜਾਬ ਲੋਕ ਨਿਰਮਾਣ ਯੂਨੀਅਨ ਦਾ ਇੱਕ ਵਫ਼ਦ ਡੀਐਸਪੀ ਨੂੰ ਮਿਲਿਆ ਸੀ, ਜਿਸ ਵਿੱਚ ਡੀਐਸਪੀ ਵੱਲੋਂ ਅਗਲੀ ਕਾਰਵਾਈ ਦਾ ਭਰੋਸਾ ਦਿਵਾਇਆ ਸੀ।

ਪੁਲਸ ਵੱਲੋਂ ਅਪਰਾਧੀ ਲਈ ਅਪਣਾਏ ਨਰਮ ਰੁਖ ਤੇ ਗ੍ਰਿਫ਼ਤਾਰੀ ਲਈ ਆਗੂਆਂ ਦਾ ਵਫ਼ਦ ਐਸ.ਐਸ.ਪੀ ਪਟਿਆਲਾ ਨੂੰ ਮਿਲੇਗਾ। ਉਨ੍ਹਾਂ ਕਿਹਾ ਕਿ ਜੇਕਰ ਇਸ ਮਾਮਲੇ ਦਾ ਹੱਲ ਨਾ ਨਿਕਲਿਆ ਤਾਂ ਸੰਘਰਸ਼ ਤੇਜ਼ ਕੀਤਾ ਜਾਵੇਗਾ।

## ਤਰੀਕ ਭੁਗਤਣ ਆਏ ਫੌਜੀ ਦੇ ਮੋਟਰਸਾਈਕਲ 'ਚ ਚਿੱਟਾ ਰੱਖ ਕੇ ਫਸਾਉਣ ਦੀ ਕੋਸ਼ਿਸ਼, ਇੱਕ ਗ੍ਰਿਫ਼ਤਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਖਮਾਣੋਂ ਦੀ ਅਦਾਲਤ 'ਚ ਕੇਸ ਦੀ ਤਰੀਕ ਭੁਗਤਣ ਆਏ ਪਿੰਡ ਜਟਾਣਾ ਨੀਵਾਂ ਦੇ ਇੱਕ ਫੌਜੀ ਦੇ ਮੋਟਰਸਾਈਕਲ 'ਚ ਚਿੱਟਾ ਰੱਖਣ ਦੇ ਦੋਸ਼ ਹੇਠ ਪੁਲਸ ਵੱਲੋਂ ਇੱਕ ਵਿਅਕਤੀ ਵਿਰੁੱਧ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਹੈ। ਪੁਲਸ ਦੇ ਸੂਤਰਾਂ ਅਨੁਸਾਰ ਪਿੰਡ ਜਟਾਣਾ ਨੀਵਾਂ ਦਾ ਇੱਕ ਫੌਜੀ ਜਵਾਨ ਕਿਸੇ ਕੇਸ ਦੀ ਤਰੀਕ ਭੁਗਤਣ ਲਈ ਖਮਾਣੋਂ ਦੀ ਅਦਾਲਤ ਵਿੱਚ ਆਇਆ ਸੀ, ਜਿੱਥੇ ਉਹ ਆਪਣਾ ਮੋਟਰਸਾਈਕਲ ਪਾਰਕਿੰਗ 'ਚ ਖੜਾ ਕਰਕੇ ਤਰੀਕ ਭੁਗਤਣ ਲਈ ਚਲਾ ਗਿਆ, ਪਰ ਇਸ ਦੌਰਾਨ ਉਸ ਦੇ ਬੁਲੇਟ ਮੋਟਰਸਾਈਕਲ 'ਚ ਕਿਸੇ ਵਿਅਕਤੀ ਨੇ ਨਸ਼ੀਲਾ ਪਦਾਰਥ (ਚਿੱਟਾ) ਰੱਖ ਦਿੱਤਾ ਅਤੇ ਆਪ ਹੀ ਪੁਲਸ ਨੂੰ ਫੋਨ 'ਤੇ ਸੂਚਨਾ ਦੇ ਦਿੱਤੀ ਕਿ ਉਕਤ ਮੋਟਰਸਾਈਕਲ ਚਾਲਕ ਨਸ਼ੇ ਦੀ ਤਸਕਰੀ ਕਰਦਾ ਹੈ, ਜਿਸ ਨੇ ਬੁਲੇਟ ਦੇ ਹੈੱਡਲਾਈਟ ਵਿੱਚ ਨਸ਼ੀਲਾ ਪਦਾਰਥ ਲੁਕਾ ਕੇ ਰੱਖਿਆ ਹੋਇਆ ਹੈ, ਜਿਸ 'ਤੇ ਪੁਲਸ ਵੱਲੋਂ ਜਦੋਂ ਆ ਕੇ ਫੌਜੀ ਜਗਜੀਤ ਸਿੰਘ ਦੇ ਮੋਟਰ ਸਾਇਕਲ ਨੂੰ ਕਬਜ਼ੇ 'ਚ ਲਿਆ ਗਿਆ ਤਾਂ ਉਕਤ ਗੱਲ ਫੌਜੀ ਜਵਾਨ ਦੇ ਰਿਸ਼ਤੇਦਾਰਾਂ ਤੇ ਪਰਵਾਰ ਨੂੰ ਪਤਾ ਲੱਗ ਗਈ, ਜੋ ਵੱਡੀ ਗਿਣਤੀ 'ਚ ਇਕੱਠੇ ਹੋ ਕੇ ਥਾਣੇ ਪਹੁੰਚ ਗਏ। ਪੁਲਸ ਨੇ ਜਦੋਂ ਇਸ ਮਾਮਲੇ ਦੀ ਬਰੀਕੀ ਨਾਲ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਪੁਲਸ ਨੂੰ ਫੋਨ ਕਰਨ ਵਾਲੇ ਵਿਅਕਤੀ ਨੇ ਹੀ ਫੌਜੀ ਜਵਾਨ ਦੇ ਮੋਟਰਸਾਈਕਲ ਵਿੱਚ ਚਿੱਟਾ ਰੱਖਿਆ ਸੀ, ਜਿਸ ਦੀ ਪਛਾਣ ਪਿੰਡ ਜਟਾਣਾ ਉੱਚਾ ਦੇ ਅਮਰਜੀਤ ਸਿੰਘ ਵਜੋਂ ਹੋਈ, ਜਿਸ ਨੇ ਕਾਬੂ ਆਉਣ 'ਤੇ ਮੰਨਿਆ ਕਿ ਉਸ ਨੇ ਹੀ ਫੌਜੀ ਜਵਾਨ ਤੋਂ ਬਦਲਾ ਲੈਣ ਲਈ ਉਸ ਦੇ ਮੋਟਰਸਾਈਕਲ 'ਚ ਚਿੱਟਾ ਰੱਖਿਆ ਸੀ। ਥਾਣਾ ਖਮਾਣੋਂ ਵਿਖੇ ਅਮਰਜੀਤ ਸਿੰਘ ਵਿਰੁੱਧ ਅ/ਧ 21 ਐਨ.ਡੀ.ਪੀ.ਐਸ ਐਕਟ ਤਹਿਤ ਮੁਕੱਦਮਾ ਦਰਜ ਕਰਕੇ ਸਹਾਇਕ ਥਾਣੇਦਾਰ ਕਸ਼ਮੀਰੀ ਲਾਲ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ। ਮਾਮਲੇ 'ਚ ਗ੍ਰਿਫ਼ਤਾਰ ਕੀਤੇ ਵਿਅਕਤੀ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿਸ ਨੂੰ ਅਦਾਲਤ ਵੱਲੋਂ ਦੋ ਦਿਨ ਦੇ ਪੁਲਸ ਰਿਮਾਂਡ 'ਤੇ ਭੇਜ ਦਿੱਤਾ ਗਿਆ।

## ਸਕੂਲ 'ਚ ਚੋਰੀ ਕਰਨ ਵਾਲੇ ਗ੍ਰਿਫ਼ਤਾਰ



**ਬਰੇਟਾ (ਰੀਤਵਾਲ)**-ਬੀਤੀ 12 ਫਰਵਰੀ ਦੀ ਰਾਤ ਨੂੰ ਪਿੰਡ ਅਕਬਰਪੁਰ ਖੁਡਾਲ ਦੇ ਸਰਕਾਰੀ ਪ੍ਰਾਇਮਰੀ ਸਕੂਲ 'ਚ ਚੋਰਾਂ ਵੱਲੋਂ ਚੋਰੀ ਕੀਤੀ ਗਈ ਸੀ, ਜਿਸ 'ਚ ਬਰੇਟਾ ਪੁਲਸ ਨੇ ਚੋਰਾਂ ਨੂੰ ਕਾਬੂ ਕਰਕੇ ਵੱਡੀ ਕਾਮਯਾਬੀ ਹਾਸਲ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜਾਂਚ ਅਧਿਕਾਰੀ ਦਰਸ਼ਨ ਸਿੰਘ ਨੇ ਦੱਸਿਆ ਕਿ ਪੁਲਸ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਚੋਰੀ ਕਰਨ ਵਾਲੇ ਅਰੋਪੀ ਦਿਲਪ੍ਰੀਤ ਸਿੰਘ ਵਾਸੀ ਕਾਹਨਗੜ੍ਹ ਨੂੰ ਉਸ ਦੇ ਪਿੰਡੋਂ ਗ੍ਰਿਫ਼ਤਾਰ ਕੀਤਾ, ਜਿਸ ਤੋਂ ਪੁੱਛ-ਪੜਤਾਲ ਕਰਨ ਉਪਰੰਤ ਉਸ ਨੇ ਕਬੂਲ ਕੀਤਾ ਕਿ ਮੈਂ ਤੇ ਮੇਰੇ ਸਾਥੀ ਹਰਵਿੰਦਰ ਸਿੰਘ ਨੇ ਸਕੂਲ 'ਚੋਂ ਐੱਲਸੀਡੀਆਂ ਤੇ ਪ੍ਰਿੰਟਰ ਤੋਂ ਇਲਾਵਾ ਹੋਰ ਸਾਮਾਨ ਚੋਰੀ ਕੀਤਾ ਸੀ ਤੇ ਉਨ੍ਹਾਂ ਨੇ ਚੋਰੀ ਕੀਤਾ ਕੁੱਝ ਸਾਮਾਨ ਬਰੇਟਾ ਦੀ ਗਣਪਤੀ ਨਾਮ ਦੀ ਦੁਕਾਨ 'ਤੇ ਸੇਲ ਕਰ ਦਿੱਤਾ ਸੀ, ਜਿਸ ਤੋਂ ਬਾਅਦ ਪੁਲਸ ਨੇ ਦੁਕਾਨ ਮਾਲਕ ਕਰੁਣ ਕੁਮਾਰ ਉਰਫ ਰਵੀ ਕੁਮਾਰ ਨੂੰ ਉਸ ਦੇ ਘਰ ਦੇ ਨਜ਼ਦੀਕੋਂ ਕਾਬੂ ਕੀਤਾ, ਜਿਸ ਨੇ ਪੁੱਛ ਪੜਤਾਲ ਉਪਰੰਤ ਦੱਸਿਆ ਕਿ ਉਸ ਨੇ ਇਨ੍ਹਾਂ ਤੋਂ ਚੋਰੀ ਹੋਇਆ ਸਾਮਾਨ ਖ੍ਰੀਦਿਆ ਸੀ, ਜਿਸ ਤੋਂ ਬਾਅਦ ਬਰੇਟਾ ਪੁਲਸ ਨੇ ਤਿੰਨ ਅਰੋਪੀਆਂ ਖਿਲਾਫ ਮੁਕੱਦਮਾ ਦਰਜ ਕਰਕੇ ਆਈ ਪੀ ਸੀ ਦੀਆਂ ਵੱਖ-ਵੱਖ ਧਰਾਵਾਂ ਸਮੇਤ ਮਾਮਲਾ ਦਰਜ ਕਰ ਕੇ ਤਿੰਨੇ ਦੋਸ਼ੀਆਂ ਨੂੰ ਜੇਲ੍ਹ ਭੇਜ ਦਿੱਤਾ ਹੈ।

## ਸਰਵਹਿੱਤਕਾਰੀ ਸਕੂਲ 'ਚ ਚੰਗੀਆਂ ਆਦਤਾਂ ਤੇ ਸੰਸਕਾਰ ਬਾਰੇ ਚਰਚਾ



**ਜਗਰਾਉਂ (ਅਮਿਤ ਖੰਨਾ)**-ਪੰਜਾਬ ਪ੍ਰਾਂਤ ਦੇ ਸਿਖਲਾਈ ਤੇ ਪ੍ਰੀਖਿਆ ਪ੍ਰਮੁੱਖ ਸ੍ਰੀ ਵਿਕਰਮ ਸਮਿਆਲ ਦਾ ਸ੍ਰੀਮਤੀ ਸਤੀਸ਼ ਗੁਪਤਾ ਸਰਵਹਿੱਤਕਾਰੀ ਵਿੱਦਿਆ ਮੰਦਿਰ ਸੀਨੀਅਰ ਸੈਕੰਡਰੀ ਸਕੂਲ ਜਗਰਾਉਂ ਵਿਖੇ ਪਰਵਾਸ ਦੌਰਾਨ ਵਿਕਰਮ ਸਮਿਆਲ ਜੀ ਨੇ ਪ੍ਰਾਰਥਨਾ ਸਭਾ ਵਿੱਚ ਬੱਚਿਆਂ ਨਾਲ ਚੰਗੀਆਂ ਆਦਤਾਂ ਤੇ ਸੰਸਕਾਰ ਦੇ ਬਿੰਦੂਆਂ 'ਤੇ ਚਰਚਾ ਕੀਤੀ ਤੇ ਜ਼ਿੰਦਗੀ ਵਿੱਚ ਹਮੇਸ਼ਾ ਹੀ ਚੰਗੀਆਂ ਆਦਤਾਂ ਨੂੰ ਅਪਨਾ ਕੇ ਚੰਗੇ ਸੰਸਕਾਰਾਂ ਦੇ ਮਾਰਗ 'ਤੇ ਚੱਲ ਕੇ ਆਪਣੀ ਜ਼ਿੰਦਗੀ ਨੂੰ ਸਫਲ ਬਣਾ ਸਕਦੇ ਹਨ। ਉਪਰੰਤ ਵਿਕਰਮ ਸਮਿਆਲ ਜੀ ਨੇ ਜਮਾਤਾਂ ਦੇ ਮਾਨੀਟਰਾਂ ਨਾਲ ਗੱਲਬਾਤ ਕਰਦੇ ਸਿੱਖਿਆ ਦਿੱਤੀ ਕਿ ਆਪਸੀ ਪਿਆਰ ਸਾਂਝ ਮਿਲਵਰਤਨ ਵਰਗੇ ਅਨਮੋਲ ਗੁਣਾਂ ਨੂੰ ਅਪਨਾ ਕੇ ਅਸੀਂ ਆਪਣਾ ਤਾਲਮੇਲ ਵਧਾ ਸਕਦੇ ਹਾਂ ਜੋ ਇੱਕ ਜਮਾਤ ਨੂੰ ਸੰਗਠਨ ਕਰਨ ਲਈ ਬਹੁਤ ਸਹਿਯੋਗ ਦੇ ਸਕਦਾ ਹੈ। ਫਿਰ ਵਿਕਰਮ ਜੀ ਨੇ ਸਟਾਫ ਨਾਲ ਬੈਠਕ ਕਰਦਿਆਂ ਸਕੂਲ ਦੀ ਬਿਹਤਰੀ ਦੇ ਮਹੱਤਵਪੂਰਨ ਬਿੰਦੂਆਂ ਨੂੰ ਛੋਹਿਆ ਕਿ ਕਿਸ ਤਰ੍ਹਾਂ ਆਪਣੇ ਯਤਨਾ ਸਦਕਾ ਸਕੂਲ ਨੂੰ ਉੱਨਤੀ ਤੇ ਤਰੱਕੀ ਦੇ ਰਸਤੇ ਲਿਜਾ ਸਕਦੇ ਹਨ ਤਾਂ ਜੋ ਸਿੱਖਿਆ ਪ੍ਰਨਾਲੀ ਦਾ ਢਾਂਚਾ ਮਜ਼ਬੂਤ ਹੋ ਸਕੇ। ਉਨ੍ਹਾਂ ਨਾਲ ਪ੍ਰਾਂਤ ਦੇ ਨੈਤਿਕ ਤੇ ਅਧਿਆਤਮਕ ਪ੍ਰਮੁੱਖ ਅਤੇ ਲੁਧਿਆਣਾ ਦੇ ਸੰਸਕਾਰ ਕੇਂਦਰਾਂ ਦੇ ਪ੍ਰਮੁੱਖ ਸਹਿਦੇਵ ਸ਼ਰਮਾ ਜੀ ਵੀ ਮੌਜੂਦ ਸਨ। ਅੰਤ ਵਿੱਚ ਪ੍ਰਿੰਸੀਪਲ ਸ੍ਰੀਮਤੀ ਨੀਲੂ ਨਰੂਲਾ ਨੇ ਸ੍ਰੀ ਵਿਕਰਮ ਨੂੰ ਵਿਸ਼ਵਾਸ ਦਿਵਾਇਆ ਕਿ ਵਿੱਦਿਆ ਮੰਦਿਰ ਵਿੱਚ ਸਾਰੇ ਨਿਯਮਾਂ ਨੂੰ ਲਾਗੂ ਕੀਤਾ ਜਾਵੇਗਾ, ਜੋ ਸਕੂਲ ਦਾ ਮੀਲ ਪੱਥਰ ਸਨ।

## ਵੂਮਨ ਡਿਵੈਲਪਮੈਂਟ ਸੈੱਲ ਵੱਲੋਂ ਵਰਕਸ਼ਾਪ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਬਾਬਾ ਫ਼ਰੀਦ ਕਾਲਜ ਆਫ਼ ਇੰਜਨੀਅਰਿੰਗ ਐਂਡ ਟੈਕਨਾਲੋਜੀ ਦੇ ਵੂਮੈਨ ਡਿਵੈਲਪਮੈਂਟ ਸੈੱਲ ਅਤੇ 20 ਪੰਜਾਬ ਬਟਾਲੀਅਨ ਐਨ.ਸੀ.ਸੀ. ਯੂਨਿਟ, ਬਠਿੰਡਾ ਨੇ ਰਾਸ਼ਟਰੀ ਮਹਿਲਾ ਦਿਵਸ ਦੇ ਸੰਬਧ ਵਿੱਚ ਬੀ.ਐਫ.ਸੀ.ਈ.ਟੀ. ਦੇ ਸਟਾਫ਼ ਤੇ ਵਿਦਿਆਰਥੀਆਂ ਲਈ 'ਨਾਰੀ ਸ਼ਕਤੀ- ਅੰਦਰੂਨੀ ਸ਼ਕਤੀ' ਬਾਰੇ ਵਰਕਸ਼ਾਪ ਦਾ ਆਯੋਜਨ ਕੀਤਾ, ਜਿਸ ਦਾ ਉਦੇਸ਼ ਔਰਤਾਂ ਦੀਆਂ ਪ੍ਰਾਪਤੀਆਂ, ਲਚਕੀਲੇਪਨ ਅਤੇ ਸਸ਼ਕਤੀਕਰਨ ਤੋਂ ਇਲਾਵਾ ਇਸ ਤੱਥ ਨੂੰ ਉਜਾਗਰ ਕਰਨਾ ਸੀ ਕਿ ਸਮਾਜ ਵਿੱਚ ਔਰਤਾਂ ਤੇ ਮਰਦਾਂ ਦੋਵਾਂ ਦੀ ਬਰਾਬਰ ਭੂਮਿਕਾ ਹੈ। ਬੀ.ਕੇ. ਸ਼ਿਵਾਨੀ, ਇੱਕ ਰਾਜ ਯੋਗਾ ਮੈਡੀਟੇਸ਼ਨ ਇੰਸਟਰਕਟਰ ਤੇ ਕਾਊਂਸਲਰ ਨੇ ਇਸ ਸੈਸ਼ਨ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਸਟਾਫ਼ ਤੇ ਵਿਦਿਆਰਥੀਆਂ ਨੂੰ ਔਰਤਾਂ ਪ੍ਰਤੀ ਉਨ੍ਹਾਂ ਦੀਆਂ ਧਾਰਨਾਵਾਂ ਬਾਰੇ ਸੁਆਲ ਪੁੱਛੇ।

ਔਰਤਾਂ ਨੂੰ ਇਸ ਕੁਦਰਤੀ ਸ਼ਕਤੀ ਨੂੰ ਪਛਾਨਣ ਅਤੇ ਇਸ ਦੀ ਵਰਤੋਂ ਕਰਨ ਦੇ ਮਹੱਤਵ 'ਤੇ ਜ਼ੋਰ ਦਿੱਤਾ। ਸਮਾਗਮ ਦਾ ਸੰਚਾਲਨ ਡਾ. ਸੁਮਨ ਰਾਣੀ, ਕੋਆਰਡੀਨੇਟਰ ਵਿਮਨ ਡਿਵੈਲਪਮੈਂਟ ਸੈੱਲ ਤੇ ਟੀਮ ਅਤੇ ਐਨ.ਸੀ.ਸੀ. ਵਿਭਾਗ ਦੇ ਕੋਆਰਡੀਨੇਟਰ ਲੈਫਟੀਨੈਂਟ ਬਲਵੰਤ ਸਿੰਘ ਦੁਆਰਾ ਸਫ਼ਲਤਾਪੂਰਵਕ ਕੀਤਾ ਗਿਆ। ਕਾਲਜ ਦੀ ਪ੍ਰਿੰਸੀਪਲ ਡਾ. ਜੋਤੀ ਬਾਂਸਲ, ਐਚ.ਓ.ਡੀਜ਼ ਤੇ ਡੀਨ ਵੀ ਹਾਜ਼ਰ ਸਨ। ਬੀ.ਐਫ.ਜੀ.ਆਈ. ਦੇ ਚੇਅਰਮੈਨ ਡਾ. ਗੁਰਮੀਤ ਸਿੰਘ ਧਾਲੀਵਾਲ ਨੇ ਬਾਬਾ ਫ਼ਰੀਦ ਕਾਲਜ ਆਫ਼ ਇੰਜਨੀਅਰਿੰਗ ਐਂਡ ਟੈਕਨਾਲੋਜੀ ਦੇ ਵਿਮਨ ਡਿਵੈਲਪਮੈਂਟ ਸੈੱਲ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ।

## ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸਜਾਏ ਧਾਰਮਿਕ ਦੀਵਾਨ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਸ੍ਰੀ ਗੁਰੂ ਰਵਿਦਾਸ ਮੰਦਰ ਕਮੇਟੀ ਪਾਤੜਾਂ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਗਏ ਪ੍ਰਕਾਸ਼ ਦਿਹਾੜੇ ਮੌਕੇ ਧਾਰਮਿਕ ਦੀਵਾਨ ਸਜਾਏ ਗਏ, ਜਿੱਥੇ ਵੱਖ-ਵੱਖ ਰਾਗੀ ਜਥਿਆਂ ਵੱਲੋਂ ਗੁਰਬਾਣੀ ਦੇ ਇਲਾਹੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਨ੍ਹਾਂ ਸਮਾਗਮਾਂ ਸੰਬੰਧੀ ਜਾਣਕਾਰੀ ਦਿੰਦਿਆਂ ਪ੍ਰਧਾਨ ਸਤਨਾਮ ਸਿੰਘ ਤੇ ਖਜ਼ਾਨਚੀ ਸੋਨੀ ਸਿੰਘ ਨੇ ਦੱਸਿਆ ਕਿ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਬੀਤੇ ਦਿਨੀਂ ਸ਼ਹਿਰ ਅੰਦਰ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ ਤੇ ਪਿਛਲੇ 13 ਦਿਨਾਂ ਤੋਂ ਰੋਜ਼ਾਨਾ ਪ੍ਰਭਾਤ ਫੇਰੀਆਂ ਵੀ ਕੱਢੀਆਂ ਗਈਆਂ। ਉਨ੍ਹਾਂ ਦੱਸਿਆ ਕਿ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਕੱਢੇ ਗਏ ਨਗਰ ਕੀਰਤਨ ਦੌਰਾਨ ਜਿੱਥੇ ਸੰਗਤਾਂ ਨੇ ਭਰਪੂਰ ਸਹਿਯੋਗ ਦਿੱਤਾ, ਉੱਥੇ ਹੀ ਸ੍ਰੀ ਗੁਰੂ ਰਵਿਦਾਸ ਮੰਦਿਰ ਵਿਖੇ ਸਜਾਏ ਗਏ ਦੀਵਾਨਾਂ ਲਈ ਵੀ ਇਲਾਕੇ ਦੀਆਂ ਸੰਗਤਾਂ ਵੱਲੋਂ ਭਰਪੂਰ ਸਹਿਯੋਗ ਦਿੱਤਾ ਗਿਆ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਸ਼ੁਤਰਾਣਾ ਦੇ ਇੰਚਾਰਜ ਬਾਬੂ ਕਬੀਰ ਦਾਸ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਗੁਰੂ ਰਵਿਦਾਸ ਵੱਲੋਂ ਸਰਬ ਸਾਂਝੀ ਵਾਲਤਾ ਦੇ ਦਿੱਤੇ ਸੰਦੇਸ਼ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ। ਇਸ ਮੌਕੇ ਵੱਡੀ ਗਿਣਤੀ 'ਚ ਹਾਜ਼ਰ ਸੰਗਤਾਂ ਨੂੰ ਬਾਬਾ ਨਾਮਦੇਵ ਸਿੰਘ ਘੱਗਾ ਵਾਲੇ ਤੇ ਸ੍ਰੀ ਗੁਰੂ ਰਵਿਦਾਸ ਮੰਦਰ ਕਮੇਟੀ ਦੇ ਹੈੱਡ ਗ੍ਰੰਥੀ ਬਾਬਾ ਜਸਵੀਰ ਸਿੰਘ ਦੇ ਰਾਗੀ ਜਥਿਆਂ ਨੇ ਗੁਰਬਾਣੀ ਦੇ ਇਲਾਹੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਗੁਰਨਾਮ ਸਿੰਘ ਜੇ ਈ, ਜਸਪਾਲ ਸਿੰਘ ਖਾਲਸਾ, ਪ੍ਰਧਾਨ ਸਤਨਾਮ ਸਿੰਘ, ਖਜ਼ਾਨਚੀ ਸੋਨੀ ਸਿੰਘ, ਸੈਕਟਰੀ ਕੁਲਦੀਪ ਸਿੰਘ ਰਾਠੀ, ਜਥੇਦਾਰ ਗੁਰਪ੍ਰੀਤ ਸਿੰਘ, ਜਥੇਦਾਰ ਕਰਮਜੀਤ ਸਿੰਘ, ਹਰਪਿੰਦਰ ਪਾਲ ਸਿੰਘ, ਜੱਗੀ ਸਿੰਘ ਪਿੰਡ ਪਾਥੜਾਂ, ਗੁਰਵਿੰਦਰ ਸਿੰਘ, ਨਿੱਕਾ ਸਿੰਘ, ਮਾਲਕ ਸਿੰਘ ਦਤਾਲ, ਜਸਪਾਲ ਸਿੰਘ ਸਮਰਾ, ਬਲਦੇਵ ਸਿੰਘ ਬਤਰਾ, ਸਮੇਤ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

## ਦਰਸ਼ਨ ਸਿੰਘ ਮੇਟ ਸੇਵਾ ਮੁਕਤ



**ਮਾਨਸਾ (ਆਤਮਾ ਸਿੰਘ ਪਮਾਰ)**-ਦਰਸ਼ਨ ਸਿੰਘ ਮੇਟ ਡਰੇਨਜ਼ ਵਿਭਾਗ ਵਿੱਚ 38 ਸਾਲ ਚਾਰ ਮਹੀਨੇ ਸ਼ਾਨਾਮੱਤੀ ਨੌਕਰੀ ਕਰਨ ਉਪਰੰਤ ਸੇਵਾਮੁਕਤ ਹੋ ਗਏ ਹਨ। ਦਰਸ਼ਨ ਸਿੰਘ ਨੇ ਡਰੇਨਜ ਵਿਭਾਗ ਵਿੱਚ 1985 ਨੂੰ ਤਰਸ ਦੇ ਆਧਾਰ 'ਤੇ ਨੌਕਰੀ ਵਿੱਚ ਆਪਣੀ ਪਹਿਲੀ ਹਾਜ਼ਰੀ ਦਿੱਤੀ ਸੀ ਤੇ 2018 ਵਿੱਚ ਬਤੌਰ ਮੇਟ ਪ੍ਰਮੋਟ ਹੋਏ। ਦਰਸ਼ਨ ਸਿੰਘ ਨੇ ਵਿਭਾਗ ਵਿੱਚ ਆਪਣੇ ਅਧਿਕਾਰੀਆਂ ਤੇ ਮੁਲਾਜ਼ਮ ਸਾਥੀਆਂ ਨਾਲ ਪੂਰਾ ਮੇਲ ਜੋਲ ਰੱਖਿਆ ਅਤੇ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਈ। ਵਿਦਾਇਗੀ ਪਾਰਟੀ ਸਮੇਂ ਦਫ਼ਤਰ ਵੱਲੋਂ ਕਾਰਜਕਾਰੀ ਇੰਜਨੀਅਰ, ਜੇਈ ਤੇ ਦਫ਼ਤਰੀ ਸਟਾਫ਼ ਤੋਂ ਇਲਾਵਾ ਫੀਲਡ ਵਰਕਸ਼ਾਪ ਵਰਕਰਜ਼ ਯੂਨੀਅਨ ਦੇ ਸੂਬਾਈ ਪ੍ਰਧਾਨ ਬਿੱਕਰ ਸਿੰਘ ਮਾਖਾ, ਸੂਬਾਈ ਆਗੂ ਜਸਮੇਲ ਸਿੰਘ ਅਤਲਾ, ਜ਼ਿਲ੍ਹਾ ਆਗੂ ਹਿੰਮਤ ਸਿੰਘ ਦੂਲੋਵਾਲ, ਗੁਰਸੇਵਕ ਸਿੰਘ ਭੀਖੀ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਸ੍ਰੀ ਰੂਪ ਸਿੰਘ ਢਿੱਲੋਂ ਭੀਖੀ, ਉੱਘੇ ਟਰੇਡ ਯੂਨੀਅਨ ਆਗੂ ਕਰਨੈਲ ਸਿੰਘ ਭੀਖੀ ਭਰਾਤਰੀ ਜਥੇਬੰਦੀ ਦੇ ਆਗੂ ਮੇਜਰ ਸਿੰਘ ਮਾਖੇਵਾਲਾ ਅਤੇ ਜੱਗਾ ਸਿੰਘ ਭੀਖੀ ਆਦਿ ਵੀ ਸਾਥੀ ਸ਼ਾਮਲ ਸਨ।

## ਡਾ. ਬਖ਼ਸ਼ੀ ਤੀਰਥ ਸਿੰਘ ਦੀ ਬਰਸੀ ਮੌਕੇ ਦੰਦਾਂ ਦਾ ਮੁਫ਼ਤ ਚੈੱਕਅਪ ਕੈਂਪ



**ਧੂਰੀ (ਸੁਖਦੇਵ ਧੂਰੀ)**-ਸੋਸ਼ਲ ਵੈਲਫੇਅਰ ਯੂਨਿਟ ਵੱਲੋਂ ਡਾ. ਬਖ਼ਸ਼ੀ ਤੀਰਥ ਸਿੰਘ ਗੁਰੂਕੁਲ ਕਾਨਵੈਂਟ ਪਬਲਿਕ ਸਕੂਲ ਵਿਖੇ ਸੋਸ਼ਲ ਵੈਲਫੇਅਰ ਯੂਨਿਟ ਵੱਲੋਂ ਡਾਕਟਰ ਬਖ਼ਸ਼ੀ ਤੀਰਥ ਸਿੰਘ ਦੀ 32ਵੀਂ ਬਰਸੀ ਮੌਕੇ ਸਕੂਲੀ ਵਿਦਿਆਰਥੀਆਂ ਦੇ ਦੰਦਾਂ ਦੀ ਜਾਂਚ ਲਈ ਮੁਫ਼ਤ ਚੈੱਕਅਪ ਕੈਂਪ ਲਾਇਆ ਗਿਆ। ਸਕੂਲ ਪ੍ਰਿੰਸੀਪਲ ਮੈਡਮ ਕਮਲੇਸ਼ ਬਖ਼ਸ਼ੀ ਦੀ ਰਹਿਨੁਮਾਈ ਹੇਠ ਦੰਦਾਂ ਦੀਆ ਬਿਮਾਰੀਆਂ ਦੇ ਮਾਹਿਰ ਡਾਕਟਰ ਮੀਨਾ ਸ਼ਰਮਾ ਨੇ 90 ਤੋਂ ਵੱਧ ਬੱਚਿਆਂ ਦੇ ਦੰਦਾਂ ਦਾ ਚੈੱਕਅਪ ਕੀਤਾ ਤੇ ਬੱਚਿਆਂ ਨੂੰ ਦੰਦਾਂ ਦੀ ਸਾਂਭ-ਸੰਭਾਲ ਵਾਰੇ ਪੂਰੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਰਾਤ ਨੂੰ ਹਰ ਰੋਜ਼ ਸੌਣ ਤੋਂ ਪਹਿਲਾਂ ਬੁਰਸ਼ ਕਰਨਾ ਬਹੁਤ ਜ਼ਰੂਰੀ ਹੈ। ਇਸ ਮੌਕੇ ਕਰਮ ਸਿੰਘ ਸੋਢੀ ਰਿਟਾਇਰਡ ਸੁਪਰਡੈਂਟ (ਜੇਲ੍ਹ) ਤੇ ਰਾਜ ਕੁਮਾਰ ਸਿੰਗਲਾ ਟਾਈਪਿਸਟ ਦੇ ਸਹਿਯੋਗ ਨਾਲ ਯੂਨਿਟ ਵੱਲੋਂ ਬੱਚਿਆਂ ਨੂੰ ਮੁਫ਼ਤ ਟੁੱਥ ਪੇਸਟ ਤੇ ਟੁੱਥ ਬੁਰਸ਼ ਦਿੱਤੇ ਗਏ। ਇਸ ਮੌਕੇ ਯੂਨਿਟ ਦੇ ਚੇਅਰਮੈਨ ਸਤੀਸ਼ ਚੰਦਰ ਅਰੋੜਾ, ਮਨਜੀਤ ਸਿੰਘ ਬਖ਼ਸ਼ੀ ਡੀ.ਪੀ.ਆਰ.ਓ ਰਿਟਾਇਰਡ, ਉਘੇ ਸਮਾਜ ਸੇਵੀ ਸਵਰਨਕਾਰ ਸੰਘ ਦੇ ਚੇਅਰਮੈਨ ਮਲਕੀਤ ਸਿੰਘ ਚਾਂਗਲੀ, ਪੈਨਸ਼ਨ ਵੈਲਫੇਅਰ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਪ੍ਰੀਤਮ ਸਿੰਘ ਧੂਰਾ, ਨਰਿੰਦਰ ਪਾਲ ਸਿੰਗਲਾ, ਕ੍ਰਿਸ਼ਨ ਕੁਮਾਰ ਕੇ.ਕੇ, ਰਿਟਾਇਰਡ ਜੇ.ਈ. ਸੁਭਾਸ਼ ਕੁਮਾਰ ਤੋਂ ਇਲਾਵਾ ਯੂਨਿਟ ਦੇ ਮੈਂਬਰ ਵੀ ਹਾਜ਼ਰ ਸਨ। ਸਕੂਲ ਪ੍ਰਿੰਸੀਪਲ ਕਮਲੇਸ਼ ਬਖ਼ਸ਼ੀ ਵੱਲੋਂ ਸਭਨਾਂ ਦਾ ਧੰਨਵਾਦ ਕੀਤਾ ਗਿਆ।

## ...ਤੇ ਫਿਰ ਟੁੱਟੀ ਪੁਲੀ ਦਾ ਕੰਮ ਸਮਾਜ ਸੇਵੀ ਨੇ ਆਪਣੇ ਜੇਬ ਖਰਚੇ 'ਤੇ ਕਰਵਾਇਆ

### ਦੁਕਾਨਦਾਰਾਂ ਤੇ ਰਾਹਗੀਰਾਂ ਵੱਲੋਂ ਸਮਾਜ ਸੇਵੀ ਪਵਨ ਗੋਇਲ ਦਾ ਧੰਨਵਾਦ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਥਾਨਕ ਸ਼ਹਿਰ ਦੇ ਨਿਹਾਲ ਸਿੰਘ ਵਾਲਾ ਰੋਡ ਤੇ ਕਾਲੇਕੇ ਰੋਡ ਨੂੰ ਜੋੜਦੀ ਜੰਤਾ ਧਰਮਸ਼ਾਲਾ ਵਾਲੀ ਗਲੀ 'ਚ ਸਥਿਤ ਇੱਕ ਟੁੱਟੀ ਪੁਲੀ ਦੇ ਕਾਰਨ ਦੁਕਾਨਦਾਰਾਂ ਦੇ ਇਲਾਵਾ ਰਾਹਗੀਰਾਂ ਨੂੰ ਪਿਛਲੇ ਲੰਮੇ ਸਮੇਂ ਤੋਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਤੇ ਇਸ ਟੁੱਟੀ ਪੁਲੀ ਕਾਰਨ ਕਈ ਵਾਰ ਰਾਤ-ਬਰਾਤੇ ਪੈਦਲ ਜਾਣ ਵਾਲੇ ਰਾਹਗੀਰਾਂ ਤੇ ਵ੍ਹੀਕਲ ਚਾਲਕ ਨਾਲ ਹਾਦਸੇ ਵੀ ਵਾਪਰੇ। ਆਸ-ਪਾਸ ਦੇ ਦੁਕਾਨਦਾਰਾਂ ਨੇ ਟੁੱਟੀ ਪੁਲੀ ਸਬੰਧੀ ਨਗਰ ਕੌਂਸਲ ਬਾਘਾ ਪੁਰਾਣਾ ਨੂੰ ਜਾਣੂ ਕਰਵਾਇਆ ਤਾਂ ਕਿ ਸ਼ਹਿਰੀਆਂ ਤੇ ਰਾਹਗੀਰਾਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਤੋਂ ਛੁਟਕਾਰਾ ਮਿਲ ਸਕੇ, ਪਰ ਨਗਰ ਕੌਂਸਲ ਦੇ ਕੰਨ 'ਤੇ ਜੂੰਅ ਤੱਕ ਨਾ ਸਰਕੀ ਤੇ ਲੋਕ ਇਸ ਟੁੱਟੀ ਪੁਲੀ ਦਾ ਸ਼ਿਕਾਰ ਹੁੰਦੇ ਰਹੇ। ਜਦ ਉਕਤ ਟੁੱਟੀ ਪੁਲੀ ਸਬੰਧੀ ਸ਼ਹਿਰ ਦੇ ਸਮਾਜ ਸੇਵੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਪਵਨ ਗੋਇਲ ਨੂੰ ਪਤਾ ਲੱਗਾ ਤਾਂ ਉਨ੍ਹਾਂ ਤੁਰੰਤ ਆਪਣੇ ਜੇਬ ਖਰਚੇ ਰਾਹੀਂ ਇਸ ਟੁੱਟੀ ਪੁਲੀ ਦਾ ਹੱਲ ਕਰਵਾਇਆ ਤਾਂ ਜੋ ਸ਼ਹਿਰ ਵਾਸੀਆਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਤੋਂ ਨਿਜ਼ਾਤ ਮਿਲ ਸਕੇ। ਇਸ ਤਰ੍ਹਾਂ ਪਵਨ ਗੋਇਲ ਨੇ ਇਕ ਲੋਹੇ ਦੀ ਮੋਟੀ ਜਾਲੀ ਤੇ ਐਂਗਲ ਬਣਵਾ ਕੇ ਇਸ ਟੁੱਟੀ ਪੁਲੀ ਉਪਰ ਰਖਵਾਉਣ ਦੇ ਬਾਅਦ ਲੋਕਾਂ ਨੂੰ ਸੁੱਖ ਦਾ ਸਾਹ ਆਇਆ। ਇਸ ਤਰ੍ਹਾਂ ਜੋ ਕਾਰਜ ਨਗਰ ਕੌਂਸਲ ਬਾਘਾ ਪੁਰਾਣਾ ਵੱਲੋਂ ਕਰਵਾਉਣਾ ਬਣਦਾ ਸੀ, ਉਸ ਨੂੰ ਸਮਾਜ ਸੇਵੀ ਪਵਨ ਗੋਇਲ ਵੱਲੋਂ ਕਰਵਾਉਣ 'ਤੇ ਵਿਪਨ ਮਿੱਤਲ, ਰਿਟਾ. ਐੱਸ.ਡੀ.ਓ. ਕ੍ਰਿਸ਼ਨ ਹਾਸਲ, ਰਮਨ ਗੁਪਤਾ, ਗੁਰਸੇਵਕ ਸਿੰਘ, ਗਿਰਧਾਰੀ ਲਾਲ, ਬਲਵੀਰ ਸਿੰਘ ਤੇ ਹੋਰ ਦੁਕਾਨਦਾਰਾਂ ਨੇ ਪਵਨ ਗੋਇਲ ਦਾ ਧੰਨਵਾਦ ਕੀਤਾ।

## ਕਿਰਤੀ ਕਿਸਾਨ ਯੂਨੀਅਨ ਵੱਲੋਂ ਰੋਸ ਮਾਰਚ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਕਿਰਤੀ ਕਿਸਾਨ ਯੂਨੀਅਨ ਵੱਲੋਂ ਸਾਰੇ ਪੰਜਾਬ ਅੰਦਰ ਰੋਸ ਮਾਰਚ ਕੀਤਾ ਗਿਆ। ਸ਼ਹੀਦ ਨੂੰ ਸ਼ਰਧਾਂਜਲੀ ਦੇ ਕੇ ਇਸ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ। ਭਾਈ ਮਹਾ ਸਿੰਘ ਹਾਲ ਵਿੱਚ ਇਕੱਤਰ ਹੋ ਕੇ ਸ਼ਹੀਦ ਨੂੰ ਸ਼ਰਧਾਂਜਲੀ ਦਿੱਤੀ ਗਈ। ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਜਸਵਿੰਦਰ ਸਿੰਘ ਝਬੇਲਵਾਲੀ, ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਲੰਡੇ ਰੋਡੇ, ਜ਼ਿਲ੍ਹਾ ਆਗੂ ਬਲਵਿੰਦਰ ਸਿੰਘ ਕੋਟਲੀ ਸੰਗਰ, ਜਗਮੀਤ ਸਿੰਘ ਅਬੁਲਕੋਟਲੀ, ਬਿੱਟੂ ਗੋਨਿਆਣਾ, ਜਰਨੈਲ ਸਿੰਘ ਸਰਾਵਾਂ ਬੋਦਲਾ ਨੇ ਕਿਹਾ ਕਿ ਸੈਂਟਰ ਸਰਕਾਰ ਦੀ ਸ਼ਹਿ 'ਤੇ ਖੱਟੜ ਦੀ ਹਰਿਆਣਾ ਸਰਕਾਰ ਵੱਲੋਂ ਸ਼ਾਂਤੀਪੂਰਵਕ ਦਿੱਲੀ ਵੱਲ ਜਾਂਦੇ ਕਿਸਾਨਾਂ ਨੂੰ ਬਾਰਡਰਾਂ 'ਤੇ ਰੋਕਿਆ ਗਿਆ। ਕਿਸਾਨਾਂ 'ਤੇ ਤਸ਼ੱਦਦ ਕੀਤਾ ਗਿਆ। ਟਰੈਕਟਰ-ਟਰਾਲੀਆਂ ਜੀਪਾਂ, ਕਾਰਾਂ ਦੀ ਭੰਨਤੋੜ ਕੀਤੀ ਗਈ। ਸਾਡੇ ਕਿਸਾਨਾਂ ਦੇ ਬੱਚਿਆਂ ਨੂੰ ਗੋਲੀਆਂ ਮਾਰ ਕੇ ਸ਼ਹੀਦ ਕੀਤਾ ਗਿਆ। ਕਿਰਤੀ ਕਿਸਾਨ ਯੂਨੀਅਨ ਇਸ ਵਰਤਾਰੇ ਦੀ ਪੁਰਜ਼ੋਰ ਨਿੰਦਿਆ ਕਰਦੀ ਹੈ ਤੇ ਮੰਗ ਕਰਦੀ ਹੈ ਕਿ ਦੋਸ਼ੀਆਂ ਨੂੰ ਜਲਦੀ ਤੋਂ ਜਲਦੀ 302 ਦਾ ਪਰਚਾ ਦਰਜ ਕਰਕੇ ਸਲਾਖਾਂ ਪਿੱਛੇ ਸੁੱਟਿਆ ਜਾਵੇ ਤੇ ਸ਼ਹੀਦ ਸ਼ੁਭਕਰਨ ਸਿੰਘ ਨੂੰ ਇਨਸਾਫ਼ ਦਿਵਾਇਆ ਜਾਵੇ। ਪ੍ਰਗਟ ਸਿੰਘ ਝਬੇਲਵਾਲੀ, ਬਲਜੀਤ ਸਿੰਘ ਝਬੇਲਵਾਲੀ, ਦੀਰਾ ਸਿੰਘ ਥਾਂਦੇਵਾਲਾ, ਗੁਰਦੇਵ ਸਿੰਘ ਥਾਂਦੇਵਾਲਾ, ਸਰਬਜੀਤ ਸਿੰਘ, ਗੁਰਟੇਕ ਸਿੰਘ ਲੰਡੇ ਰੋਡੇ, ਮਨਜਿੰਦਰ ਸਿੰਘ ਡੋਹਕ, ਹਰਜਿੰਦਰ ਸਿੰਘ, ਲੱਖਾ ਸਿੰਘ ਵੜਿੰਗ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ 14 ਮਾਰਚ ਨੂੰ ਦਿੱਲੀ ਦੇ ਰਾਮ ਲੀਲਾ ਗਰਾਊਂਡ ਵਿੱਚ ਮਹਾਂਪੰਚਾਇਤ ਕਰ ਰਿਹਾ ਹੈ, ਜਿਸ ਵਿੱਚ ਭਾਰਤ ਭਰ ਦੀਆਂ ਸੈਂਕੜੇ ਜਥੇਬੰਦੀਆਂ ਹਿੱਸਾ ਲੈਣਗੀਆਂ ਔਰ ਮੋਦੀ ਨੂੰ ਵੰਗਾਰਿਆ ਕਿ ਮੋਦੀ ਨੇ ਜੋ ਕਰਨਾ ਹੈ, ਕਰ ਲਵੇ, ਅਸੀਂ ਦਿੱਲੀ ਜਾ ਕੇ ਰਹਾਂਗੇ। ਕਿਰਤੀ ਕਿਸਾਨ ਯੂਨੀਅਨ ਵੱਡੀ ਗਿਣਤੀ ਵਿੱਚ ਇਸ ਮਹਾਂਪੰਚਾਇਤ ਵਿੱਚ ਹਾਜ਼ਰ ਹੋਵੇਗੀ। ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਮੀਤ ਪ੍ਰਧਾਨ ਬਲਵਿੰਦਰ ਸਿੰਘ ਥਾਂਦੇਵਾਲਾ ਨੇ ਕਿਹਾ ਕਿ ਜਿੰਨਾ ਚਿਰ ਸ਼ਹੀਦ ਸ਼ੁਭਕਰਨ ਨੂੰ ਇਨਸਾਫ਼ ਨਹੀਂ ਮਿਲ ਜਾਂਦਾ ਤੇ ਦੋਸ਼ੀਆਂ ਨੂੰ 302 ਦਾ ਪਰਚਾ ਕੱਟ ਕੇ ਜੇਲ੍ਹਾਂ ਵਿੱਚ ਨਹੀਂ ਭੇਜਿਆ ਜਾਂਦਾ, ਕਿਰਤੀ ਕਿਸਾਨ ਯੂਨੀਅਨ ਸੰਘਰਸ਼ ਕਰਦੀ ਰਹੇਗੀ।

## ਧਾਰਮਿਕ ਨਾਟਕ ਖੇਡ ਕੇ ਦਿੱਤਾ ਸਮਾਜਿਕ ਬੁਰਾਈਆਂ ਵਿਰੁੱਧ ਜਾਗਰੂਕਤਾ ਦਾ ਹੋਕਾ



**ਸੰਗਰੂਰ (ਪ੍ਰਵੀਨ ਸਿੰਘ)**-ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਮੁੱਖ ਰੱਖਦਿਆਂ ਪਿੰਡ ਕਿਲਾ ਹਕੀਮਾਂ ਵਿਖੇ ਮਾਸਟਰ ਮਲੂਕ ਚੰਦ ਦੀ ਟੀਮ ਵੱਲੋਂ ਧਾਰਮਿਕ ਨਾਟਕ ਖੇਡ ਕੇ ਸਮਾਜਿਕ ਬੁਰਾਈਆਂ ਵਿਰੁੱਧ ਜਾਗਰੂਕਤਾ ਦਾ ਹੋਕਾ ਦਿੱਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪੀਏਸੀ ਮੈਂਬਰ ਸ੍ਰ. ਬਹਾਦਰ ਸਿੰਘ ਭਸੌੜ ਸਨ, ਜਿਨ੍ਹਾਂ ਨੂੰ ਪਿੰਡ ਦੇ ਪਤਵੰਤਿਆਂ ਤੇ ਸਮਾਗਮ ਦੇ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਨਾਟਕ ਟੀਮ ਵੱਲੋਂ ਖੇਡੇ ਗਏ ਡਰਾਮੇ ਵਿੱਚ ਦਿਖਾਇਆ ਗਿਆ ਕਿ ਸ਼੍ਰੋਮਣੀ ਭਗਤ ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਮੌਕੇ ਸਮਾਜ ਵਿੱਚ ਕਿਸ ਤਰ੍ਹਾਂ ਬੁਰਾਈਆਂ ਦਾ ਬੋਲਬਾਲਾ ਸੀ, ਜਾਤ-ਪਾਤ, ਉਚ-ਨੀਚ ਦਾ ਭੇਦਭਾਵ ਸੀ, ਜਿਨ੍ਹਾਂ ਨੂੰ ਗਿਆਨ ਦਾ ਚਾਨਣ ਕਰਕੇ ਸ਼੍ਰੋਮਣੀ ਭਗਤ ਸ੍ਰੀ ਗੁਰੂ ਰਵਿਦਾਸ ਜੀ ਨੇ ਖਤਮ ਕਰਦੇ ਹੋਏ ਬਰਾਬਰਤਾ ਦਾ ਸੁਨੇਹਾ ਦਿੱਤਾ। ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਸ੍ਰ. ਭਸੌੜ ਨੇ ਪ੍ਰਬੰਧਕਾਂ ਵੱਲੋਂ ਸਮਾਜਿਕ ਬੁਰਾਈਆਂ ਪ੍ਰਤੀ ਜਾਗਰੂਕਤਾ ਫੈਲਾਉਣ ਲਈ ਕੀਤੇ ਗਏ ਇਸ ਉਪਰਾਲੇ ਤੇ ਨਾਟਕ ਟੀਮ ਵੱਲੋਂ ਖੇਡੇ ਗਏ ਨਾਟਕ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜਾਤ-ਪਾਤ, ਉਚ-ਨੀਚ, ਦਹੇਜ, ਕੰਨਿਆ ਭਰੂਣ ਹੱਤਿਆ ਆਦਿ ਸਾਡੇ ਸਮਾਜ ਦੀਆਂ ਪ੍ਰਮੁੱਖ ਬੁਰਾਈਆਂ ਹਨ, ਜੋ ਸਾਡੇ ਸਮਾਜ 'ਤੇ ਬਹੁਤ ਵੱਡਾ ਧੱਬਾ ਹਨ। ਇੱਕ ਚੰਗੇ ਸਮਾਜ ਦੀ ਸਿਰਜਣਾ ਲਈ ਇਨ੍ਹਾਂ ਸਮਾਜਿਕ ਬੁਰਾਈਆਂ ਵਿਰੁੱਧ ਜਾਗਰੂਕ ਹੋਣਾ ਬੇਹੱਦ ਜ਼ਰੂਰੀ ਹੈ। ਇਸ ਮੌਕੇ ਪਿੰਡ ਦੇ ਸਾਬਕਾ ਸਰਪੰਚ ਗੁਰਮੁੱਖ ਸਿੰਘ ਕਿਲ੍ਹਾ ਹਕੀਮਾਂ, ਅਮਰੀਕ ਸਿੰਘ ਕਿਲ੍ਹਾ ਹਕੀਮਾਂ ਤੋਂ ਇਲਾਵਾ ਵੱਡੀ ਗਿਣਤੀ 'ਚ ਪਿੰਡ ਵਾਸੀ ਹਾਜ਼ਰ ਸਨ।

## ਫੂਡ ਸੇਫਟੀ ਟੀਮ ਵੱਲੋਂ ਸ਼ੇਅਰ ਫੂਡ ਸੰਬੰਧੀ ਸੈਮੀਨਾਰ



**ਤਪਾ ਮੰਡੀ (ਅਰੁਣ ਗੋਇਲ)**

ਫੂਡ ਐਂਡ ਡਰੱਗ ਪ੍ਰਸ਼ਾਸਨ ਵੱਲੋਂ ਪ੍ਰਾਪਤ ਹਦਾਇਤਾਂ ਅਨੁਸਾਰ ਫੂਡ ਸੇਫਟੀ ਟੀਮ ਬਰਨਾਲਾ ਵੱਲੋਂ ਪ੍ਰਾਚੀਨ ਸਰਾਂ ਮੰਦਿਰ ਤਪਾ 'ਚ ਸ਼ੇਅਰ ਫੂਡ ਸੰਬੰਧੀ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਟੀਮ ਵੱਲੋਂ ਦੁਕਾਨਦਾਰਾਂ ਨੂੰ ਭੋਜਨ ਨੂੰ ਬਚਾ ਕੇ ਉਨ੍ਹਾਂ ਨੂੰ ਅੱਗੇ ਗਰੀਬ ਲੋਕਾਂ ਵਿੱਚ ਵੰਡਣ ਲਈ ਤੇ ਸਾਰੇ ਦੁਕਾਨਦਾਰਾਂ ਨੂੰ ਲਾਇਸੈਂਸ ਤੇ ਰਜਿਸਟ੍ਰੇਸ਼ਨ ਬਣਵਾਉਣ ਲਈ ਜਾਗਰੂਕ ਕੀਤਾ ਗਿਆ।

ਇਸ ਮੌਕੇ ਜ਼ਿਲ੍ਹਾ ਸਿਹਤ ਅਫਸਰ ਜਸਪਰੀਤ ਸਿੰਘ ਗਿੱਲ ਤੇ ਫੂਡ ਸੇਫਟੀ ਅਫਸਰ ਮੈਡਮ ਸੀਮਾ ਬਾਵਾ ਨੇ ਸਾਂਝੇ ਤੌਰ 'ਤੇ ਦੁਕਾਨਦਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਿਨ੍ਹਾਂ ਦੁਕਾਨਦਾਰਾਂ ਦੀ ਵਿਕਰੀ 12 ਲੱਖ ਤੱਕ ਹੈ, ਉਹ ਅਪਣੀ ਰਜਿਸਟਰੇਸ਼ਨ ਜ਼ਰੂਰ ਕਰਵਾਉਣ, ਜਿਸ ਦੀ ਸਾਲਾਨਾ ਲਾਇਸੈਂਸ ਫੀਸ ਸਿਰਫ 100 ਰੁਪਏ ਹੈ ਤੇ ਜਿਨ੍ਹਾਂ ਦੀ ਵਿਕਰੀ ਇਸ ਤੋਂ ਉੱਪਰ ਹੈ, ਉਸ ਦੀ ਸਾਲਾਨਾ ਲਾਇਸੈਂਸ ਫੀਸ 2 ਹਜ਼ਾਰ ਰੁਪੈ ਰੱਖੀ ਗਈ ਹੈ। ਲਾਇਸੈਂਸ ਨਾ ਲੈਣ ਵਾਲੇ ਦੁਕਾਨਦਾਰ ਨੂੰ ਜੁਰਮਾਨਾ ਲੱਗ ਸਕਦਾ ਹੈ। ਉਨ੍ਹਾਂ ਦੁਕਾਨਦਾਰਾਂ ਨੂੰ ਅਪੀਲ ਕਰਦਿਆਂ ਕਿਹਾਕਿ ਜਦ ਸੈਂਪਲਿੰਗ ਟੀਮ ਸੈਂਪਲ ਲੈਣ ਲਈ ਪਹੁੰਚਦੀ ਹੈ ਤਾਂ ਸਾਰੇ ਦੁਕਾਨਦਾਰ ਆਪਣੀਆਂ ਦੁਕਾਨਾਂ ਬੰਦ ਕਰ ਦਿੰਦੇ ਹਨ, ਉਹ ਬੇਝਿਜਕ ਹੋ ਕੇ ਸੈਂਪਲ ਦੇਣ ਕਿਸੇ ਨਾਲ ਜ਼ਿਆਦਤੀ ਨਹੀਂ ਕੀਤੀ ਜਾਵੇਗੀ।

ਇਸ ਮੌਕੇ ਹਰਪਾਲ ਸਿੰਘ ਜੂਨੀਅਰ ਅਸਿਸਟੈਂਟ, ਪਵਨ ਕੁਮਾਰ ਅਰੋੜਾ, ਅਤੁੱਲ ਸਿੰਗਲਾ, ਹਰੀਸ਼ ਕੁਮਾਰ ਗੋਸ਼ਾ, ਮੁਕੇਸ਼ ਕੁਮਾਰ, ਭੁਪੇਸ਼ ਬਾਂਸਲ, ਧੀਰਜ ਕੁਮਾਰ, ਜਗਜੀਤ ਰਾਈਆ, ਮੁਨੀਸ਼ ਲੁਹਾਰੇ ਵਾਲਾ, ਸ਼ਾਮ ਲਾਲ ਮਲੋਟ ਵਾਲਾ, ਰਮੇਸ਼ ਕੁਮਾਰ ਭੈਣੀ, ਰਾਜ ਕੁਮਾਰ ਪੱਖੋ, ਆਸ਼ੂ ਕੁਮਾਰ, ਪ੍ਰਦੀਪ ਕੁਮਾਰ, ਬੌਬਾ ਕੁਮਾਰ ਤਾਜੋ, ਲਵਲੀ ਕੁਮਾਰ, ਰਾਜਿੰਦਰ ਮੋੜ, ਰੂਬੀ, ਦਰਸ਼ਨ ਕੁਮਾਰ, ਕੇਸ਼ਪਾਲ ਰੂੜੇਕੇ ਕਲਾਂ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਦੁਕਾਨਦਾਰ ਹਾਜ਼ਰ ਸਨ।

## ਸੁਖਜੀਤ ਮਾਹਲਾ ਦੀ ਅਗਵਾਈ 'ਚ ਯੂਥ ਵਰਕਰਾਂ ਵੱਲੋਂ ਕੈਂਡਲ ਮਾਰਚ

### ਸ਼ੁਭਕਰਨ ਸਿੰਘ ਦੇ ਕਾਤਲਾਂ 'ਤੇ ਪਰਚਾ ਦਰਜ ਕਰਨ ਦੀ ਮੰਗ




**ਬਾਘਾ ਪੁਰਾਣਾ (ਮਨੀ ਸਿੰਗਲਾ)**

ਯੂਥ ਅਕਾਲੀ ਦਲ ਬਾਘਾ ਪੁਰਾਣਾ ਦੀ ਟੀਮ ਵੱਲੋਂ ਕੌਮੀ ਜਨਰਲ ਸਕੱਤਰ ਜਥੇਦਾਰ ਤੀਰਥ ਸਿੰਘ ਮਾਹਲਾ ਦੇ ਸਪੁੱਤਰ ਸੀਨੀਅਰ ਯੂਥ ਆਗੂ ਤੇ ਕੋਰ ਕਮੇਟੀ ਦੇ ਪ੍ਰਧਾਨ ਸੁਖਜੀਤ ਸਿੰਘ ਮਾਹਲਾ ਦੀ ਅਗਵਾਈ ਹੇਠ ਖਨੌਰੀ ਬਾਰਡਰ 'ਤੇ ਸ਼ਹੀਦ ਹੋਏ ਕਿਸਾਨ ਸ਼ੁਭਕਰਨ ਸਿੰਘ ਨੂੰ ਸ਼ਰਧਾਂਜਲੀ ਦੇਣ ਲਈ ਸ਼ਹਿਰ 'ਚ ਕੈਂਡਲ ਮਾਰਚ ਕੀਤਾ ਗਿਆ। ਇਹ ਮਾਰਚ ਸੁਭਾਸ਼ ਮੰਡੀ ਨਿਹਾਲ ਸਿੰਘ ਵਾਲਾ ਰੋਡ ਤੋਂ ਸ਼ੁਰੂ ਹੋ ਕੇ ਸ਼ਹਿਰ ਦੇ ਵੱਖ-ਵੱਖ ਰੋਡਾਂ ਤੋਂ ਹੁੰਦਾ ਹੋਇਆ ਮੇਨ ਚੌਕ ਵਿਖੇ ਸੰਪੰਨ ਹੋਇਆ। ਇਸ ਸਮੇਂ ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਨੌਜਵਾਨ ਕਿਸਾਨ ਦੀ ਮੌਤ ਹਰਿਆਣਾ ਪੁਲਸ ਦੀ ਗੋਲੀ ਨਾਲ ਹੋਈ ਹੈ, ਇਸ ਲਈ ਪਰਚਾ ਦਰਜ ਕੀਤਾ ਜਾਵੇ। ਯੂਥ ਅਕਾਲੀ ਦਲ ਵੱਲੋਂ ਕੇਂਦਰ ਸਰਕਾਰ ਵਿਰੁੱਧ ਨਾਅਰੇਬਾਜ਼ੀ ਵੀ ਕੀਤੀ ਗਈ। ਸੀਨੀਅਰ ਆਗੂ ਸੁਖਜੀਤ ਸਿੰਘ ਮਾਹਲਾ ਨੇ ਕਿਹਾ ਕਿ ਭਾਜਪਾ ਸਰਕਾਰ ਨੇ ਹਮੇਸ਼ਾ ਹੀ ਪੰਜਾਬ ਦੀਆਂ ਹੱਕੀ ਮੰਗਾਂ ਨੂੰ ਅਣਗੌਲਿਆ ਕਰਕੇ ਕਾਰਪੋਰੇਟ ਘਰਾਣਿਆਂ ਨੂੰ ਪਹਿਲ ਦਿੱਤੀ ਹੈ। ਮਾਹਲਾ ਨੇ ਕਿਹਾ ਕਿ ਕਿਸਾਨਾਂ ਦੀਆਂ ਛਾਤੀਆਂ ਤੇ ਪਿੱਠਾ ਉਤੇ ਗੋਲੀਆਂ ਦੇ ਛਰ੍ਹੇ ਦੱਸਦੇ ਹਨ ਕਿ ਹਰਿਆਣਾ ਦੀ ਪੁਲਸ ਤੇ ਕੇਂਦਰ ਦੀਆਂ ਭੇਜੀਆਂ ਸੁਰੱਖਿਆ ਟੁੱਕੜੀਆਂ ਕਿਸ ਤਰ੍ਹਾਂ ਸਾਡੇ ਨੌਜਵਾਨਾਂ ਦਾ ਖੂਨ ਪੀਣ ਨੂੰ ਉਤਾਵਲੀਆਂ ਹਨ।

ਉਨ੍ਹਾ ਕਿਹਾ ਕਿ ਕਿਸਾਨ ਵੱਲੋਂ ਹੱਡ-ਚੀਰਵੀਂ ਮਿਹਨਤ ਕਰਕੇ ਅਨਾਜ ਪੈਦਾ ਕੀਤਾ ਜਾਂਦਾ ਹੈ ਤਾਂ ਫਿਰ ਸਰਕਾਰ ਕਿਸਾਨਾਂ ਦੀਆਂ ਮੰਗਾਂ ਕਿਉਂ ਨਹੀਂ ਮੰਨ ਰਹੀ? ਇਸ ਮੌਕੇ ਪ੍ਰਧਾਨ ਪਵਨ ਗੋਇਲ, ਰਣਜੀਤ ਝੀਤੇ, ਹਰਜੋਤ ਸਿੰਘ ਡੇਮਰੂ, ਪਵਨ ਢੰਡ, ਜਸਪ੍ਰੀਤ ਸਿੰਘ ਮਾਹਲਾ, ਸੀਰੂ ਬਾਘਾ ਪੁਰਾਣਾ, ਤਰਲੋਚਨ ਸਿੰਘ ਕਾਲੇਕੇ, ਰਕੇਸ਼ ਜਿੰਦਲ ਤੋਤਾ, ਚਰਨਪ੍ਰੀਤ ਸਿੰਘ, ਬਲਵੀਰ ਸਿੰਘ ਭੰਗੂ, ਵਿੱਕੀ ਫੂਲੇਵਾਲਾ, ਜਿੰਮੀ ਸਰਪੰਚ, ਸਤਨਾਮ ਸਿੰਘ ਸੱਤੂ, ਚੈਰੀ ਭਾਟੀਆ, ਅਮਰਜੀਤ ਸਿੰਘ ਮਾਣੂੰਕੇ, ਪ੍ਰਿਥੀ ਸਿੰਘ, ਕਾਕਾ ਬਰਾੜ, ਸ਼ੇਰ ਬਰਾੜ, ਜਗਮੋਹਨ ਸਿੰਘ ਬਰਾੜ, ਭਾਈ ਕਰਮਜੀਤ ਸਿੰਘ, ਜਸਵੀਰ ਸਿੰਘ, ਜਗਸੀਰ ਸਿੰਘ ਲੰਗੇਆਣਾ, ਬਿੱਟੂ ਰੋਡੇ, ਸੁਖਦੀਪ ਸਿੰਘ ਰੋਡੇ, ਹਰਜਿੰਦਰ ਸਿੰਘ ਰੋਡੇ ਨੇ ਕੇਂਦਰ ਸਰਕਾਰ ਵੱਲੋਂ ਕਿਸਾਨਾਂ 'ਤੇ ਕੀਤੇ ਜਾ ਰਹੇ ਅੱਤਿਆਚਾਰ ਦੀ ਨਿਖੇਧੀ ਕੀਤੀ।

## ਲਵਿੰਗ ਲਿਟਲ ਪਲੇਵੇ ਸਕੂਲ ਵਿਖੇ ਕੋਨਵੋਕੇਸ਼ਨ ਤੇ ਵਿਦਾਇਗੀ ਪਾਰਟੀ



**ਮਲੋਟ (ਗੁਰਮੀਤ ਸਿੰਘ ਮੱਕੜ)**-ਸਥਾਨਕ ਲਵਿੰਗ ਲਿਟਲ ਪਲੇਵੇ ਐਂਡ ਪ੍ਰੇਪਰੇਟਰੀ ਸਕੂਲ ਵਿਖੇ ਸੈਸ਼ਨ 2023-24 ਦੌਰਾਨ ਪ੍ਰੀ-ਨਰਸਰੀ ਪ੍ਰੀਖਿਆ ਪਾਸ ਕਰਨ ਵਾਲੇ ਨੰਨ੍ਹੇ ਮੁੰਨੇ ਬੱਚਿਆਂ ਲਈ ਕੋਨਵੋਕੇਸ਼ਨ ਤੇ ਵਿਦਾਇਗੀ ਪਾਰਟੀ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਮੀਨਾ ਅਰੋੜਾ ਵੱਲੋਂ ਪ੍ਰੀਖਿਆ ਪਾਸ ਕਰਨ ਵਾਲੇ ਬੱਚਿਆਂ ਨੂੰ ਪ੍ਰਮਾਣ ਪੱਤਰ ਤਕਸੀਮ ਕੀਤੇ ਗਏ। ਇਸ ਮੌਕੇ ਸੰਬੋਧਨ ਕਰਦੇ ਹੋਏ ਪ੍ਰਿੰਸੀਪਲ ਮੀਨਾ ਅਰੋੜਾ ਨੇ ਬੱਚਿਆਂ ਨੂੰ ਮਿਹਨਤ ਤੇ ਲਗਨ ਨਾਲ ਪੜ੍ਹਾਈ ਕਰਕੇ ਆਪਣੇ ਮਾਪਿਆਂ ਤੇ ਇਲਾਕੇ ਦਾ ਨਾਂਅ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ। ਪ੍ਰਿੰਸੀਪਲ ਮੀਨਾ ਅਰੋੜਾ ਤੇ ਸਮੂਹ ਸਟਾਫ਼ ਨੇ ਬੱਚਿਆਂ ਨੂੰ ਆਪਣੀਆਂ ਸ਼ੁਭ-ਕਾਮਨਾਵਾਂ ਭੇਟ ਕਰਦੇ ਹੋਏ ਆਪਣੇ ਟੀਚੇ ਵੱਲ ਵਧਣ ਲਈ ਪ੍ਰੇਰਿਆ ਤੇ ਉਨ੍ਹਾਂ ਨੂੰ ਮਠਿਆਈਆਂ ਅਤੇ ਤੋਹਫ਼ੇ ਵੰਡੇ ਗਏ। ਇਸ ਮੌਕੇ ਬੱਚਿਆਂ ਵਲੋਂ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਮੌਕੇ ਮੈਡਮ ਅਨੂੰ, ਆਰਤੀ ਤੇ ਨਿਸ਼ਾ ਆਦਿ ਹਾਜ਼ਰ ਸਨ।

## ਜ਼ਿਲ੍ਹੇ 'ਚੋਂ ਅੱਵਲ ਰਾਜੋਮਾਜਰਾ ਸਕੂਲ ਦਾ ਸਿੱਖਿਆ ਮੰਤਰੀ ਵੱਲੋਂ ਸਨਮਾਨ




**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਸਕੂਲ ਸਿੱਖਿਆ ਵਿਭਾਗ ਵੱਲੋਂ ਹਾਲ ਹੀ ਵਿੱਚ ਈ-ਪੰਜਾਬ ਪੋਰਟਲ ਰਾਹੀਂ ਕਰਵਾਏ ਗਏ ਸਰਵੇਖਣ 'ਚ ਹਲਕਾ ਧੂਰੀ ਦੇ ਸਰਕਾਰੀ ਹਾਈ ਸਕੂਲ ਰਾਜੋਮਾਜਰਾ ਨੂੰ ਹਾਈ ਸਕੂਲ ਦੀ ਕੈਟਾਗਿਰੀ ਵਿੱਚ ਸੰਗਰੂਰ ਜ਼ਿਲ੍ਹੇ ਦੇ ਸਭ ਤੋਂ ਵਧੀਆ ਸਕੂਲਾਂ ਦਾ ਦਰਜਾ ਮਿਲਣ ਤੋਂ ਬਾਅਦ ਪੰਜਾਬ ਦੇ ਸਿੱਖਿਆ ਮੰਤਰੀ ਐਡਵੋਕੇਟ ਹਰਜੋਤ ਸਿੰਘ ਬੈਂਸ ਨੇ ਸਕੂਲ ਮੁਖੀ ਵਿਪਨ ਕੁਮਾਰ ਗਰਗ ਦਾ ਸਨਮਾਨ ਕਰਦਿਆਂ ਉਨ੍ਹਾ ਨੂੰ ਸਰਟੀਫਿਕੇਟ ਵੀ ਸੌਂਪਿਆ। ਦੱਸਣਯੋਗ ਹੈ ਕਿ ਰਾਜੋਮਾਜਰਾ ਸਕੂਲ ਨੂੰ ਹਾਈ ਸਕੂਲ ਦੀ ਕੈਟਾਗਿਰੀ ਵਿੱਚੋਂ ਜ਼ਿਲ੍ਹਾ ਸੰਗਰੂਰ 'ਚੋਂ ਅਵਲ ਸਥਾਨ ਮਿਲਿਆ ਹੈ ਤੇ ਸਕੂਲ ਨੂੰ ਵਿਕਾਸ ਕੰਮਾਂ ਲਈ 7.50 ਲੱਖ ਰੁਪੈ ਦੀ ਗਰਾਂਟ ਜਾਰੀ ਕੀਤੀ ਗਈ ਹੈ। ਸਕੂਲ ਮੁਖੀ ਵਿਪਨ ਕੁਮਾਰ ਗਰਗ ਨੇ ਪੰਜਾਬ ਸਰਕਾਰ ਤੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਵੱਲੋਂ ਅੱਵਲ ਸਕੂਲ ਦਾ ਦਰਜਾ ਮਿਲਣ 'ਤੇ ਧੰਨਵਾਦ ਕਰਦਿਆਂ ਕਿਹਾ ਕਿ ਇਹ ਦਰਜਾ ਮਿਲਣ ਨਾਲ ਉਨ੍ਹਾਂ ਦੀ ਜ਼ਿੰਮੇਵਾਰੀ ਹੋਰ ਵਧ ਗਈ ਹੈ। ਇਸ ਮੌਕੇ ਅੱਵਲ ਸਕੂਲ ਦਾ ਦਰਜਾ ਲੈ ਕੇ ਸਕੂਲ ਪਹੁੰਚੇ ਸਕੂਲ ਮੁਖੀ ਵਿਪਨ ਕੁਮਾਰ ਗਰਗ ਤੇ ਸਮੂਹ ਸਟਾਫ਼ ਦਾ ਸਕੂਲ ਮੈਨੇਜਮੈਂਟ ਕਮੇਟੀ ਤੇ ਪਿੰਡ ਵਾਸੀਆਂ ਨੇ ਸਨਮਾਨ ਕਰਦਿਆਂ ਮੁਬਾਰਕਾਂ ਦਿੱਤੀਆਂ।

## ਸਵੀਪ ਟੀਮ ਵੱਲੋਂ ਇਸਤਰੀ ਵੋਟਰ ਮਤਦਾਨ 'ਚ ਵਾਧੇ ਲਈ ਸੈਲਫ ਹੈਲਪ ਗਰੁੱਪਾਂ ਨਾਲ ਰਾਬਤਾ



**ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)**-ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਧੀਮਾਨ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਚੋਣ ਤਹਿਸੀਲਦਾਰ ਚਾਂਦ ਪ੍ਰਕਾਸ਼, ਜ਼ਿਲ੍ਹਾ ਸਵੀਪ ਨੋਡਲ ਅਫਸਰ ਡਾ. ਸਤਿੰਦਰ ਸਿੰਘ, ਇਲੈਕਸ਼ਨ ਕਾਨੂੰਗੋ ਮੈਡਮ ਗਗਦੀਪ ਸਮੁੱਚੀ ਜਾਗਰੂਕਤਾ ਟੀਮ ਸਮਾਜ ਦੇ ਵੱਖ-ਵੱਖ ਖੇਤਰਾਂ ਨਾਲ ਸੰਪਰਕ ਕਰਕੇ ਮਤਦਾਨ ਦਰ ਨੂੰ ਤੇਜ਼ ਕਰਨ ਲਈ ਭਾਰੀ ਉਤਸ਼ਾਹ ਤੇ ਸਰਗਰਮੀ ਨਾਲ ਅਭਿਆਨ ਚਲਾਇਆ ਜਾ ਰਿਹਾ ਹੈ।ਇਲੈਕਟੋਰਲ ਲਿਟਰੇਸੀ ਕਲੱਬ ਦੀ ਹਾਲ ਹੀ ਵਿੱਚ ਇਲੈਕਟੋਰਲ ਰਜਿਸਟ੍ਰੇਸ਼ਨ ਅਫਸਰ-ਕਮ-ਐੱਸ.ਡੀ.ਐੱਮ. ਗਗਨਦੀਪ ਸਿੰਘ ਵੱਲੋਂ ਬੁਲਾਈ ਗਈ। ਮੀਟਿੰਗ ਦੌਰਾਨ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਮਹਿਲਾ ਵੋਟਰਾਂ ਨੂੰ ਜਾਗਰੂਕ ਬਣਾਉਣ ਲਈ ਸੈਲਫ ਹੈਲਪ ਆਜੀਵਕਾ ਗਰੁੱਪ ਨੂੰ ਵਿਸ਼ੇਸ਼ ਤੌਰ 'ਤੇ ਵਿਚਾਰ ਚਰਚਾ ਕੀਤੀ ਗਈ।ਗੁਰੂ ਹਰਸਹਾਏ ਬਲਾਕ ਕੋਆਰਡੀਨੇਟਰ ਬਿਮਲਾ ਦੇਵੀ ਨੇ ਔਰਤਾਂ ਨੂੰ ਚੋਣ ਪ੍ਰਕਿਰਿਆ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਲਈ ਉਤਸ਼ਾਹਤ ਕੀਤਾ।ਸਵੀਪ ਕੋਆਰਡੀਨੇਟਰ ਪਰਵਿੰਦਰ ਸਿੰਘ ਨੇ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਈ.ਵੀ.ਐੱਮ. ਬਾਰੇ ਵਿਆਪਕ ਸਿਖਲਾਈ ਪ੍ਰਦਾਨ ਕੀਤੀ ਤੇ ਪੇਂਡੂ ਔਰਤਾਂ ਦੇ ਸਸ਼ਕਤੀਕਰਨ ਵਿੱਚ ਵਰਕਰਾਂ ਦੇ ਸਮਰਪਤ ਯਤਨਾਂ ਦੀ ਸ਼ਲਾਘਾ ਕੀਤੀ।ਇਹ ਦੋ-ਹਫ਼ਤਾਵਾਰ ਮੀਟਿੰਗਾਂ ਚੋਣ ਪ੍ਰਕਿਰਿਆ ਦੀ ਡੂੰਘੀ ਸਮਝ ਤੇ ਹਰੇਕ ਵੋਟ ਦੀ ਮਹੱਤਤਾ ਨੂੰ ਉਤਸ਼ਾਹਤ ਕਰਨ ਲਈ ਮਹੱਤਵਪੂਰਨ ਪਲੇਟਫਾਰਮ ਵਜੋਂ ਰੋਲ ਅਦਾ ਕਰਨ ਲਈ ਪ੍ਰੇਰਣਾ ਸਰੋਤ ਸਾਬਿਤ ਹੋਣਗੀਆਂ।ਚੋਣ ਦਫਤਰ ਦੀ ਟੀਮ ਸੁਪਰਡੈਂਟ ਕੇਵਲ ਕ੍ਰਿਸ਼ਨ, ਅੰਮ੍ਰਿਤ ਸਿੰਘ, ਗੋਲਡੀ ਸੋਢੀ, ਹੈਪੀ ਸ਼ਰਮਾ, ਸਚਿਨ ਕੰਧਾਰੀ, ਸੁਖਵਿੰਦਰ ਸਿੰਘ ਲੱਖਾ ਤੋਂ ਇਲਾਵਾ ਉੱਘੇ ਸਮਾਜ ਸੇਵੀ ਮਾਸਟਰ ਕੇਵਲ ਤੇਜੀ, ਸਵੀਪ ਟੀਮ ਦੇ ਮੈਂਬਰਾਂ ਪ੍ਰਿੰਸ ਕਰਨ ਵੀਰ ਸਿੰਘ, ਜਸਵਿੰਦਰ ਸਿੰਘ, ਤੇ ਹਰਮਨਪ੍ਰੀਤ ਸਿੰਘ ਦਾ ਭਰਵਾਂ ਸਹਿਯੋਗ ਮਿਲ ਰਿਹਾ ਹੈ।

## ਦਹੀਆ ਤੇ ਭੁੱਲਰ ਨੇ ਦਿਵਿਆਂਗਾਂ ਨੂੰ ਬਨਾਵਟੀ ਅੰਗ ਤੇ ਉਪਕਰਨ ਵੰਡੇ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਦਿਵਿਆਂਗਜਨਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਲਿਆਉਣ ਲਈ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਦੇ ਕਲਿਆਣ ਤੇ ਪੁਨਰਵਾਸ ਲਈ ਵੱਡੀ ਪੱਧਰ 'ਤੇ ਕੰਮ ਕੀਤੇ ਜਾ ਰਹੇ ਹਨ।ਇਸੇ ਲੜੀ ਤਹਿਤ ਮਿਤੀ 21 ਤੋਂ 25 ਨਵੰਬਰ 2023 ਤੱਕ ਫਿਰੋਜ਼ਪੁਰ, ਜ਼ੀਰਾ, ਗੁਰ ਹਰਸਹਾਏ, ਤਲਵੰਡੀ ਤੇ ਮੱਖੂ ਵਿੱਚ ਦਿਵਿਆਂਗਜਨਾਂ ਲਈ ਸ਼ਨਾਖਤੀ ਕੈਂਪ ਲਗਾਏ ਗਏ ਸਨ ਅਤੇ ਇਨ੍ਹਾਂ ਕੈਂਪਾਂ ਦੌਰਾਨ ਸ਼ਨਾਖਤ ਕੀਤੇ ਗਏ ਦਿਵਿਆਂਗਜਨਾਂ ਨੂੰ ਅੱਜ ਮੁਫਤ ਉਪਕਰਣ ਵੰਡੇ ਗਏ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪੁੱਜੇ ਵਿਧਾਇਕ ਫਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ, ਵਿਧਾਇਕ ਫਿਰੋਜ਼ਪੁਰ ਦਿਹਾਤੀ ਰਜਨੀਸ਼ ਦਹੀਆ ਤੇ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਵੱਲੋਂ ਬਨਾਵਟੀ ਅੰਗ ਅਤੇ ਉਪਕਰਨ ਜਿਵੇਂ ਕਿ ਮੋਟਰਾਈਜਡ ਟਰਾਈਸਾਈਕਲ, ਟਰਾਈਸਾਈਕਲ, ਵਹੀਲਚੇਅਰ, ਵਿਸਾਖੀਆਂ, ਛੜੀਆਂ, ਰੋਲੇਟਰ, ਕੰਨਾਂ ਦੀਆਂ ਮਸ਼ੀਨਾਂ, ਸਮਾਰਟ ਕੇਨ, ਸੀ ਪੀ ਚੇਅਰ ਆਦਿ ਦੀ ਵੰਡ ਦਿਵਿਆਂਗਜਨ ਲਾਭਪਾਤਰੀਆਂ ਨੂੰ ਕੀਤੀ ਗਈ।

ਇਸ ਮੌਕੇ ਵਿਧਾਇਕ ਫਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ ਤੇ ਵਿਧਾਇਕ ਫਿਰੋਜ਼ਪੁਰ ਦਿਹਾਤੀ ਰਜਨੀਸ਼ ਦਹੀਆ ਨੇ ਦੱਸਿਆ ਕਿ ਇਸ ਸਮਾਰੋਹ ਵਿੱਚ ਲਗਭਗ 281 ਦਿਵਿਆਂਗਜਨਾਂ ਨੂੰ ਭਾਰਤੀ ਰੇਲਵੇ ਵਿੱਤ ਨਿਗਮ ਦੀ ਸੀਐੱਸਆਰ ਪ੍ਰੋਗਰਾਮ ਦੇ ਤਹਿਤ ਲਗਭਗ 63 ਲੱਖ ਰੁਪਏ ਦੀ ਲਾਗਤ ਦੇ ਸਹਾਇਕ ਉਪਕਰਣ ਵੰਡੇ ਗਏ ਹਨ।ਲਾਭਪਾਤਰੀਆਂ ਨੂੰ ਮੁਫਤ ਵੰਡੇ ਗਏ ਉਪਕਰਨਾਂ ਵਿੱਚ ਸੀ.ਐੱਸ.ਆਰ. ਪ੍ਰੋਗਰਾਮ ਤਹਿਤ ਅਲਿਮਕੋ ਵੱਲੋਂ ਨਿਰਮਿਤ ਕੁੱਲ 368 ਸਹਾਇਕ ਉਪਕਰਨ ਵੰਡੇ ਜਾ ਰਹੇ ਹਨ, ਜਿਸ ਵਿੱਚ 102 ਮੋਟਰਾਈਜਡ ਟਰਾਈਸਾਈਕਲ, 59 ਟਰਾਈਸਾਈਕਲ, 48 ਵਹੀਲਚੇਅਰ, 36 ਵਿਸਾਖੀਆਂ, 07 ਛੜੀਆਂ, 01 ਰੋਲੇਟਰ, 50 ਕੰਨਾਂ ਦੀਆਂ ਮਸ਼ੀਨਾਂ, 03 ਸਮਾਰਟ ਕੇਨ, 16 ਸੀ ਪੀ ਚੇਅਰ ਤੇ 46 ਬਨਾਵਟੀ ਅੰਗ ਤੇ ਕੈਲੀਪਰ ਹਨ। ਇਸ ਮੌਕੇ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਮਾਜਿਕ ਨਿਆਂ ਤੇ ਅਧਿਕਾਰਤਾ ਮੰਤਰਾਲੇ, ਭਾਰਤ ਸਰਕਾਰ ਦੇ ਦਿਵਿਆਂਗਜਨ ਸਸ਼ਕਤੀਕਰਨ ਵਿਭਾਗ ਦੇ ਅਧੀਨ ਕੰਮ ਕਰ ਰਹੇ ਭਾਰਤੀ ਕ੍ਰਿਤਰਮ ਅੰਗ ਨਿਰਮਾਣ ਨਿਗਮ (ਅਲਿਮਕੋ) ਤੇ ਭਾਰਤੀ ਰੇਲਵੇ ਵਿੱਤ ਨਿਗਮ (ਆਈਆਰਐੱਫਸੀ) ਦੀ ਭਾਗੀਦਾਰੀ ਨਾਲ ਜ਼ਿਲ੍ਹਾ ਪ੍ਰਸ਼ਾਸਨ ਤੇ ਜ਼ਿਲ੍ਹਾ ਰੈੱਡ ਕਰਾਸ ਸੰਸਥਾ ਦੇ ਸਹਿਯੋਗ ਨਾਲ ਇਹ ਪ੍ਰੋਗਰਾਮ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਦਿਵਿਆਂਗਜਨ ਸਾਡੇ ਸਮਾਜ ਦੇ ਮੁੱਖ ਹਿੱਸਾ ਹਨ, ਇਸ ਲਈ ਦਿਵਿਆਂਗਜਨਾਂ ਨੂੰ ਹਰ ਸਹੂਲਤ ਮੁਹੱਈਆ ਕਰਵਾਉਣਾ ਸਾਡਾ ਸਾਰਿਆਂ ਦਾ ਨੈਤਿਕ ਤੇ ਸਮਾਜਿਕ ਫਰਜ਼ ਬਣਦਾ ਹੈ।ਇਸ ਮੌਕੇ ਸਕੱਤਰ ਰੈੱਡ ਕਰਾਸ ਅਸ਼ੋਕ ਬਹਿਲ ਨੇ ਸਤਿਕਾਰਤ ਸ਼ਖ਼ਸੀਅਤਾਂ, ਆਈਆਰਐੱਫਸੀ, ਅਲਿਮਕੋ ਆਦਿ ਸੰਸਥਾਵਾਂ ਦਾ ਧੰਨਵਾਦ ਕੀਤਾ।

## ਅੰਧ-ਵਿਸ਼ਵਾਸ 'ਚ ਫਸਣ ਤੋਂ ਪਹਿਲਾਂ ਵਿਗਿਆਨਕ ਪਹਿਲੂ ਵਿਚਾਰੇ ਜਾਣ : ਡਾ. ਹੁੰਦਲ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ ਦੇ ਖੇਤੀਬਾੜੀ ਤੇ ਲਾਈਫ ਸਾਇੰਸ ਵਿਭਾਗ ਦੇ ਐਗਰਿਮ ਕਲੱਬ ਨੇ ਰਾਸ਼ਟਰੀ ਵਿਗਿਆਨ ਦਿਵਸ ਮਨਾਇਆ। ਇਸ ਮੌਕੇ ਵਿਕਸਤ ਭਾਰਤ ਲਈ ਸਥਾਨਕ ਤਕਨੀਕਾਂ 'ਤੇ ਆਧਾਰਤ ਮਾਹਰਾਂ ਦੀ ਗੱਲਬਾਤ ਤੇ ਵਿਗਿਆਨ ਮੁਕਾਬਲੇ ਕਰਵਾਏ ਗਏ। ਇਸ ਮੌਕੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸੇਵਾਮੁਕਤ ਪ੍ਰੋਫੈਸਰ ਡਾ. ਐੱਸ. ਐੱਸ. ਹੁੰਦਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪ੍ਰੋਗਰਾਮ ਦਾ ਉਦਘਾਟਨ ਡੀਬੀਯੂ ਦੇ ਚਾਂਸਲਰ ਡਾ: ਜ਼ੋਰਾ ਸਿੰਘ ਤੇ ਪ੍ਰੋ-ਚਾਂਸਲਰ ਡਾ: ਤੇਜਿੰਦਰ ਕੌਰ ਨੇ ਸ਼ਮ੍ਹਾਂ ਰੌਸ਼ਨ ਕਰਕੇ ਕੀਤਾ। ਇਸ ਮੌਕੇ ਡਾ. ਹੁੰਦਲ ਨੇ ਸਵਦੇਸ਼ੀ ਟੈਕਨੋਲੋਜੀ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਇਸ ਨੂੰ ਆਦਿਵਾਸੀ ਭਾਈਚਾਰਿਆਂ ਦੁਆਰਾ ਵਿਕਸਤ ਕੀਤੇ ਸੰਦਾਂ, ਤਕਨੀਕਾਂ, ਸ਼ਿਲਪਕਾਰੀ ਤੇ ਪ੍ਰਣਾਲੀਆਂ ਵਜੋਂ ਦਰਸਾਇਆ ਗਿਆ। ਉਨ੍ਹਾਂ ਵਿਗਿਆਨ ਨੂੰ ਸਾਡੇ ਜੀਵਨ, ਇਸ ਦੇ ਬਾਹਰਮੁਖੀ ਸੁਭਾਅ ਤੇ ਤਸਦੀਕ ਵਿੱਚ ਜੋੜਨ ਦੀ ਲੋੜ 'ਤੇ ਜ਼ੋਰ ਦਿੱਤਾ। ਇਸ ਮੌਕੇ ਸਥਾਨਕ ਤਕਨਾਲੋਜੀ ਵਿੱਚ ਭਾਰਤ ਦੀਆਂ ਪ੍ਰਾਪਤੀਆਂ ਦਾ ਵੀ ਜ਼ਿਕਰ ਕੀਤਾ ਗਿਆ। ਸਮਾਗਮ ਦੇ ਹਿੱਸੇ ਵਜੋਂ ਕੁਇਜ਼ ਮੁਕਾਬਲਾ ਵੀ ਕਰਵਾਇਆ ਗਿਆ। ਵਿਭਾਗ ਦੇ ਮੁਖੀ ਡਾ. ਐੱਚ ਕੇ ਸਿੱਧੂ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ। ਇਸ ਮੌਕੇ ਡਾ: ਸੁਰਜੀਤ ਕੌਰ ਪਥੇਜਾ, ਭੁਪਿੰਦਰ ਪਾਲ ਤੇ ਸੰਸਥਾ ਦੇ ਹੋਰ ਮੈਂਬਰ ਹਾਜ਼ਰ ਸਨ।

2-March-PAGE-11-Majha-24.qxd 3/1/2024 10:41 PM Page 1



# ਪੰਜਾਬ ਸਰਕਾਰ ਦੀ ਸਿੱਖਿਆ ਕ੍ਰਾਂਤੀ ਨੇ ਸਰਕਾਰੀ ਸਕੂਲਾਂ ਦੀ ਨੁਹਾਰ ਬਦਲੀ : ਹਰਭਗਵੰਤ ਸਿੰਘ

## * ਹੋਰਨਾਂ ਸੂਬਿਆਂ ਲਈ ਪੰਜਾਬ ਸਿੱਖਿਆ ਦੇ ਖੇਤਰ 'ਚ ਰੋਲ ਮਾਡਲ ਬਣਿਆ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਮੁੱਖ ਮੰਤਰੀ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਿੱਚ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਦੇਖ-ਰੇਖ ਹੇਠ ਆਈ ਸਿੱਖਿਆ ਕ੍ਰਾਂਤੀ ਨੇ ਰਾਜ ਦੇ ਸਰਕਾਰੀ ਸਕੂਲਾਂ ਦਾ ਮੁਹਾਂਦਰਾ ਬਦਲ ਕੇ ਰੱਖ ਦਿੱਤਾ ਹੈ, ਜਿਸ ਕਰਕੇ ਇਥੇ ਪੜ੍ਹਨ ਵਾਲੇ ਵਿਦਿਆਰਥੀਆਂ ਦਾ ਭਵਿੱਖ ਸੁਨਹਿਰੀ ਹੋਵੇਗਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਹਰਭਗਵੰਤ ਸਿੰਘ ਦਫਤਰ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਪਠਾਨਕੋਟ-1 ਐਟ ਘਰੋਟਾ ਤੋਂ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਪੰਕਜ ਅਰੋੜਾ ਦੀ ਅਗਵਾਈ ਹੇਠ ਚਲਾਈ ਗਈ ਦਾਖਲਾ ਜਾਗਰੂਕਤਾ ਵੈਨ ਨੂੰ ਬਲਾਕ ਦੇ ਵੱਖ-ਵੱਖ ਪਿੰਡਾਂ ਲਈ ਰਵਾਨਾ ਕਰਦਿਆਂ ਕੀਤਾ।




ਇਸ ਮੌਕੇ ਉਨ੍ਹਾਂ ਨਾਲ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਡੀਜੀ ਸਿੰਘ, ਡੀਐੱਸਐੱਮ ਬਲਵਿੰਦਰ ਸੈਣੀ, ਪ੍ਰਿੰ. ਪੰਕਜ ਮਹਾਜਨ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਇਸ ਮੌਕੇ ਸੰਬੋਧਨ ਕਰਦਿਆਂ ਜ਼ਿਲ੍ਹਾ ਸਿੱਖਿਆ ਅਫਸਰ ਹਰਭਗਵੰਤ ਸਿੰਘ ਨੇ ਕਿਹਾ ਕਿ ਸਿੱਖਿਆ ਕ੍ਰਾਂਤੀ ਬਾਰੇ ਵੱਧ ਤੋਂ ਵੱਧ ਲੋਕਾਂ ਨੂੰ ਜਾਗਰੂਕ ਕਰਨ ਲਈ ਪਠਾਨਕੋਟ ਜ਼ਿਲ੍ਹੇ ਦੇ ਪਿੰਡਾਂ, ਸ਼ਹਿਰਾਂ ਵਿੱਚ ਦਾਖਲਾ ਜਾਗਰੂਕਤਾ ਵੈਨ ਰਾਹੀਂ ਪ੍ਰਚਾਰ ਕਰਦਿਆਂ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਦਾਖਲਿਆਂ ਸਬੰਧੀ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਡੀਜੀ ਸਿੰਘ ਨੇ ਕਿਹਾ ਕਿ ਸਰਕਾਰੀ ਸਕੂਲਾਂ ਦੀ ਸਥਿਤੀ ਵਿੱਚ ਦਹਾਕਿਆਂ ਬਾਅਦ ਚੋਖਾ ਸੁਧਾਰ ਹੋਇਆ ਹੈ। ਇਸ ਮੌਕੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਪੰਕਜ ਅਰੋੜਾ ਨੇ ਵੀ ਮਾਪਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਆਏ ਬਿਹਤਰ ਸੁਧਾਰਾਂ ਪ੍ਰਤੀ ਜਾਗਰੂਕ ਕੀਤਾ ਅਤੇ ਕਿਹਾ ਕਿ ਉਹ ਆਪਣੇ ਹੀ ਨਹੀਂ ਬਲਕਿ ਜਾਣਕਾਰਾਂ ਦੇ ਬੱਚਿਆਂ ਨੂੰ ਵੀ ਸਰਕਾਰੀ ਸਕੂਲਾਂ ਵਿਚ ਦਾਖ਼ਲ ਕਰਵਾ ਕੇ ਉਨ੍ਹਾਂ ਨੂੰ ਸਿੱਖਿਆ ਦਾ ਬਿਹਤਰ ਮੌਕਾ ਦੇਣ।

ਇਸ ਮੌਕੇ ਅਕਾਊਂਟੈਂਟ ਰਾਜ ਕੁਮਾਰ, ਕਲਰਕ ਜਤਿੰਦਰ ਕੁਮਾਰ, ਸਮਾਰਟ ਸਕੂਲ ਕੋਆਰਡੀਨੇਟਰ ਸੰਜੀਵ ਮਨੀ, ਬਲਕਾਰ ਅੱਤਰੀ, ਸੀਐੱਚਟੀ ਦੀਪਕ ਕਮਲ, ਸੀਐੱਚਟੀ ਬਾਬਾ ਸਿੰਘ, ਐਚਟੀ ਤਰਸੇਮ ਸਿੰਘ, ਤੇਜਿੰਦਰ ਸਿੰਘ, ਪ੍ਰਦੀਪ ਕੁਮਾਰ, ਰੂਪ ਲਾਲ, ਸੋਹਨ ਲਾਲ ਸਟੇਟ ਅਵਾਰਡੀ, ਹਰਸ਼, ਕਸ਼ਮੀਰਾ ਲਾਲ ਆਦਿ ਹਾਜ਼ਰ ਸਨ।

# ਪ੍ਰੀ-ਮੈਟ੍ਰਿਕ ਵਜ਼ੀਫੇ ਲਈ ਘੱਟ ਅਪਲਾਈ ਹੋਣ ਪਿੱਛੇ ਸਿੱਖਿਆ ਵਿਭਾਗ ਦੀਆਂ ਬੇਲੋੜੀਆਂ ਸ਼ਰਤਾਂ ਜ਼ਿੰਮੇਵਾਰ: ਡੀ ਟੀ ਐੱਫ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਸਕੂਲ ਸਿੱਖਿਆ ਵਿਭਾਗ ਵੱਲੋਂ ਪਹਿਲਾਂ ਦੇ ਮੁਕਾਬਲੇ ਆਮਦਨ, ਜਾਤੀ ਅਤੇ ਰਿਹਾਇਸ਼ ਸਰਟੀਫਿਕੇਟਾਂ ਦੀਆ ਲਗਾਈਆਂ ਨਵੀਆਂ ਸਖ਼ਤ ਸ਼ਰਤਾਂ ਕਾਰਨ ਦਰਪੇਸ਼ ਔਕੜਾਂ ਦੇ ਮੱਦੇਨਜ਼ਰ ਇਸ ਵਰ੍ਹੇ ਪ੍ਰੀ-ਮੈਟ੍ਰਿਕ ਐੱਸਸੀ ਵਜ਼ੀਫੇ ਲਈ ਘੱਟ ਵਿਦਿਆਰਥੀਆਂ ਵੱਲੋਂ ਅਪਲਾਈ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਤਰਨ ਤਾਰਨ ਵੱਲੋਂ 126 ਦੇ ਕਰੀਬ ਸਕੂਲ ਮੁਖੀਆਂ ਨੂੰ 35% ਤੋਂ ਘੱਟ ਅਪਲਾਈ ਹੋਣ ਦੇ ਹਵਾਲੇ ਨਾਲ 'ਕਾਰਨ ਦੱਸੋ' ਨੋਟਿਸ ਜਾਰੀ ਕਰਨ ਵਿਰੁੱਧ ਅਧਿਆਪਕ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ (ਡੀ.ਟੀ.ਐੱਫ.) ਨੇ ਸਖ਼ਤ ਇਤਰਾਜ਼ ਦਰਜ ਕਰਵਾਇਆ ਹੈ। ਡੀਟੀਐੱਫ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜਨਰਲ ਸਕੱਤਰ ਮੁਕੇਸ਼ ਕੁਮਾਰ, ਵਿੱਤ ਸਕੱਤਰ ਅਸ਼ਵਨੀ ਅਵਸਥੀ, ਤਰਨ ਤਾਰਨ ਤੋਂ ਜ਼ਿਲ੍ਹਾ ਪ੍ਰਧਾਨ ਪ੍ਰਤਾਪ ਸਿੰਘ ਠੱਠਗੜ੍ਹ ਅਤੇ ਸੀਨੀਅਰ ਮੀਤ ਪ੍ਰਧਾਨ ਕੰਵਰਦੀਪ ਸਿੰਘ ਢਿੱਲੋਂ ਨੇ ਬਿਆਨ ਜਾਰੀ ਕਰਦਿਆਂ ਕਿਹਾ ਕੇ ਜ਼ਮੀਨੀ ਹਕੀਕਤਾਂ ਤੋਂ ਕੋਰੇ ਉੱਚ ਸਿੱਖਿਆ ਅਧਿਕਾਰੀਆਂ ਦੇ ਦਬਾਅ ਹੇਠ ਜ਼ਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਸਕੂਲ ਮੁਖੀਆਂ ਨੂੰ ਅਜਿਹੇ ਨੋਟਿਸ ਜਾਰੀ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕੇ ਜਿੱਥੇ ਪਹਿਲਾਂ ਪਿਤਾ ਦੇ ਜਾਤੀ ਸਰਟੀਫਿਕੇਟ ਦੇ ਅਧਾਰ 'ਤੇ ਵਜ਼ੀਫਾ ਅਪਲਾਈ ਹੋ ਜਾਂਦਾ ਸੀ, ਉੱਥੇ ਹੁਣ ਵਿਦਿਆਰਥੀ ਦਾ ਆਪਣਾ ਆਧਾਰ ਮੰਗਿਆਂ ਜਾ ਰਿਹਾ ਹੈ। ਪਹਿਲਾਂ ਆਮਦਨ ਅਤੇ ਰਿਹਾਇਸ਼ ਸਰਟੀਫਿਕੇਟ ਦੀ ਥਾਂ ਵਿਦਿਆਰਥੀ ਵੱਲੋਂ ਸਰਪੰਚ ਤੋਂ ਤਸਦੀਕਸ਼ੁਦਾ ਸਵੈ ਘੋਸ਼ਣਾ ਹੀ ਕਾਫੀ ਹੁੰਦੀ ਸੀ। ਵਿਭਾਗ ਵੱਲੋਂ ਲਈਆਂ ਨਵੀਆਂ ਗੈਰ ਵਾਜਿਬ ਸ਼ਰਤਾਂ ਪੂਰੀਆਂ ਕਰਨੀਆਂ ਦਿਹਾੜੀਦਾਰਾਂ ਅਤੇ ਹੋਰਨਾਂ ਕਿਰਤੀਆਂ ਲਈ ਬੜੀ ਟੇਢੀ ਖੀਰ ਸਾਬਿਤ ਹੋ ਰਿਹਾ ਹੈ। ਜਥੇਬੰਦੀ ਵੱਲੋਂ ਇਨ੍ਹਾਂ ਨਵੀਆਂ ਸ਼ਰਤਾਂ ਨੂੰ ਵਾਪਸ ਲੈਣ ਅਤੇ ਵਜ਼ੀਫਾ ਰਾਸ਼ੀ ਵਧਾਉਣ ਨੂੰ ਲੈ ਕੇ ਪਿਛਲੇ ਸਮੇਂ ਵਿੱਚ ਜ਼ਿਲ੍ਹਾ ਪੱਧਰ ਤੇ ਪੰਜਾਬ ਸਰਕਾਰ ਵੱਲ 'ਮੰਗ ਪੱਤਰ' ਵੀ ਭੇਜੇ ਗਏ ਸਨ ਪ੍ਰੰਤੂ ਸਾਰੇ ਵਿਦਿਆਰਥੀਆਂ ਨੂੰ ਵਜ਼ੀਫਾ ਮਿਲਣਾ ਯਕੀਨੀ ਬਨਾਉਣ ਲਈ ਪ੍ਰਕ੍ਰਿਆ ਨੂੰ ਆਸਾਨ ਕਰਨ ਦੀ ਥਾਂ ਸਕੂਲ ਮੁਖੀਆਂ ਨੂੰ ਹੀ ਨਿਸ਼ਾਨੇ 'ਤੇ ਲੈਣਾ ਨਿਖੇਧੀਯੋਗ ਵਰਤਾਰਾ ਹੈ। ਸਕੂਲਾਂ ਵਿੱਚ ਪਹਿਲਾਂ ਹੀ ਪ੍ਰਿੰਸੀਪਲਾਂ, ਮੁੱਖ ਅਧਿਆਪਕਾਂ, ਅਧਿਆਪਕਾਂ ਅਤੇ ਨਾਨ ਟੀਚਿੰਗ ਕਰਮਚਾਰੀਆਂ ਦੀਆਂ ਹਜ਼ਾਰਾਂ ਅਸਾਮੀਆਂ ਖਾਲੀ ਹਨ ਅਤੇ ਹੁਣ ਵਜ਼ੀਫੇ ਦੀਆਂ ਸਖ਼ਤ ਸ਼ਰਤਾਂ ਅਨੁਸਾਰ ਕਾਗਜ਼ ਪੂਰੇ ਕਰਨ ਦੀ ਜ਼ਿੰਮੇਵਾਰੀ ਵੀ ਸਕੂਲ ਮੁਖੀਆਂ 'ਤੇ ਪਾਉਣਾ ਅਤੇ ਨੋਟਿਸ ਜਾਰੀ ਕਰਕੇ ਧਮਕੀਆਂ ਦੇਣਾ ਉੱਕਾ ਹੀ ਠੀਕ ਨਹੀਂ ਹੈ। ਜਥੇਬੰਦੀ ਨੇ ਵਜ਼ੀਫੇ ਦੀਆਂ ਸ਼ਰਤਾਂ ਨਰਮ ਕਰਨ ਦੀ ਮੰਗ ਕਰਦਿਆਂ ਸਕੂਲ ਮੁਖੀਆਂ ਅਤੇ ਅਧਿਆਪਕਾਂ ਖਿਲਾਫ਼ ਅਜਿਹੀਆਂ ਕਾਰਵਾਈਆਂ ਦੇ ਵਾਪਸ ਨਾ ਹੋਣ ਦੀ ਸੂਰਤ ਵਿੱਚ ਸੰਘਰਸ਼ਾਂ ਦੀ ਚੇਤਾਵਨੀ ਦਿੱਤੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਪ੍ਰਧਾਨ ਨਛੱਤਰ ਸਿੰਘ ਅਤੇ ਡੀਟੀਐੱਫ ਆਗੂ ਅਮਰਦੀਪ ਸ਼ਰਮਾ, ਸਰਬਜੀਤ ਸਿੰਘ, ਭੁਪਿੰਦਰ ਸਿੰਘ, ਬਲਰਾਜ ਸਿੰਘ, ਵਰਿੰਦਰ ਸਿੰਘ, ਮਨਿੰਦਰਜੀਤ ਸਿੰਘ, ਗਗਨ ਕੱਕੜ, ਗੁਲਜ਼ਾਰ ਸਿੰਘ, ਕਸ਼ਮੀਰ ਸਿੰਘ ਚੋਹਲਾ, ਗੁਰਬਾਜ ਸਿੰਘ, ਗੁਰਪ੍ਰੀਤ ਚੋਪੜਾ, ਪ੍ਰਿੰਸਦੀਪ ਅਤੇ ਜਸਕੀਰਤ ਸਿੰਘ ਆਦਿ ਹਾਜ਼ਰ ਹੋਏ।



# ਡੇਰਾ ਬਾਬਾ ਨਾਨਕ ਤਹਿਸੀਲ 'ਚ ਲੋਕਲ ਛੁੱਟੀ ਦਾ ਐਲਾਨ

ਗੁਰਦਾਸਪੁਰ (ਜਨਕ ਮਹਾਜਨ)-ਜ਼ਿਲ੍ਹਾ ਗੁਰਦਾਸਪੁਰ ਦੇ ਉਪ ਮੰਡਲ ਡੇਰਾ ਬਾਬਾ ਨਾਨਕ ਵਿਖੇ ਹਰ ਸਾਲ ਸ੍ਰੀ ਚੋਲ੍ਹਾ ਸਾਹਿਬ ਦਾ ਮੇਲਾ ਬੜੀ ਹੀ ਸ਼ਰਧਾ ਤੇ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਇਸ ਮੇਲੇ ਵਿੱਚ ਦੂਰ-ਦੂਰ ਤੋਂ ਸੰਗਤਾਂ/ਸੰਗ ਦਰਸ਼ਨਾਂ ਲਈ ਆਉਂਦੇ ਹਨ। ਇਸ ਸਬੰਧੀ ਉਪ ਮੰਡਲ ਮੈਜਿਸਟਰੇਟ ਡੇਰਾ ਬਾਬਾ ਨਾਨਕ ਵਲੋਂ ਪ੍ਰਾਪਤ ਹੋਈ ਰਿਪੋਰਟ ਅਤੇ ਸ੍ਰੀ ਚੋਲਾ ਸਾਹਿਬ ਜੀ ਦੇ ਮੇਲੇ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਨੇ ਉਪ ਮੰਡਲ ਡੇਰਾ ਬਾਬਾ ਨਾਨਕ ਵਿੱਚ ਪੈਂਦੇ ਪੰਜਾਬ ਸਰਕਾਰ ਦੇ ਸਮੂਹ ਦਫ਼ਤਰ, ਸਰਕਾਰੀ ਅਤੇ ਗੈਰ-ਸਰਕਾਰੀ ਵਿੱਦਿਅਕ ਸੰਸਥਾਵਾਂ ਵਿੱਚ 4 ਮਾਰਚ 2024 ਨੂੰ ਲੋਕਲ ਛੁੱਟੀ ਦਾ ਐਲਾਨ ਕੀਤਾ ਹੈ। ਛੁੱਟੀ ਦਾ ਐਲਾਨ ਕਰਦਿਆਂ ਡਿਪਟੀ ਕਮਿਸ਼ਨਰ ਨੇ ਇਹ ਵੀ ਸਪਸ਼ਟ ਕੀਤਾ ਹੈ ਕਿ ਇਸ ਦਿਨ ਕਾਰਪੋਰੇਸ਼ਨ, ਬੋਰਡ, ਯੂਨੀਵਰਸਿਟੀ ਅਤੇ ਵਿੱਦਿਅਕ ਸੰਸਥਾਵਾਂ ਵੱਲੋਂ ਲਈਆਂ ਜਾ ਰਹੀਆਂ ਪ੍ਰੀਖਿਆਵਾਂ ਪਹਿਲਾਂ ਦੀ ਤਰ੍ਹਾਂ ਹੀ ਹੋਣਗੀਆਂ।

# 'ਆਪ' ਸਰਕਾਰ ਆਪਦੇ ਦੁਆਰ ਸਕੀਮ ਤੋਂ ਹਰ ਵਰਗ ਖੁਸ਼: ਇੰਦਰਜੀਤ ਭਾਰਲ



ਕਲਾਨੌਰ, (ਮਨਦੀਪ ਕੋਹਲੀ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸਰਕਾਰ ਵੱਲੋਂ ਸ਼ੁਰੂ ਕੀਤੀ ਆਪ ਸਰਕਾਰ ਆਪਦੇ ਦੁਆਰ ਸਕੀਮ ਲੋੜਵੰਦ ਲੋਕਾਂ ਲਈ ਬਹੁਤ ਹੀ ਲਾਹੇਮੰਦ ਸਬਿਤ ਹੋਵੇਗੀ। ਇਹ ਗੱਲ ਕਲਾਨੌਰ ਵਿਖੇ ਨਵਾਂ ਜ਼ਮਾਨਾ ਨਾਲ ਗੱਲਬਾਤ ਕਰਦਿਆਂ ਆਮ ਆਦਮੀ ਪਾਰਟੀ ਦੇ ਨੌਜਵਾਨ ਆਗੂ ਇੰਦਰਜੀਤ ਭਾਰਲ ਨੇ ਕਹੀ। ਆਪ ਆਗੂ ਇੰਦਰਜੀਤ ਭਾਰਲ ਨੇ ਕਿਹਾ ਕਿ ਪੰਜਾਬ ਵਿੱਚ ਜਦੋਂ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਆਈ ਹੈ ਉਦੋਂ ਤੋਂ ਲੋਕਾਂ ਨੂੰ ਲੱਗਭੱਗ ਸਾਰੀਆਂ ਸਹੂਲਤਾਂ ਮਿਲ ਰਹੀਆਂ ਹਨ ਅਤੇ ਹੁਣ ਸਰਕਾਰ ਵੱਲੋਂ ਸ਼ੁਰੂ ਕੀਤੀ ਆਪ ਸਰਕਾਰ ਆਪਦੇ ਦੁਆਰ ਦੀ ਸਕੀਮ ਜਿਸ ਰਾਹੀਂ ਜ਼ਰੂਰਤਮੰਦ ਲੋਕਾਂ ਨੂੰ ਰਾਸ਼ਨ ਆਦਿ ਉਨ੍ਹਾਂ ਦੇ ਘਰ ਹੀ ਪਹੁੰਚਾਇਆ ਜਾ ਰਿਹਾ ਹੈ, ਨੂੰ ਲੋਕਾਂ ਦਾ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਅਤੇ ਲੋਕ ਆਪ ਸਰਕਾਰ ਤੋਂ ਬਹੁਤ ਖ਼ੁਸ਼ ਹਨ। ਉਨ੍ਹਾਂ ਕਿਹਾ ਕਿ ਇਸ ਸਕੀਮ ਦੇ ਨਾਲ ਜਿਹੜੇ ਵਿਰੋਧੀ ਪਾਰਟੀਆਂ ਵੱਲੋਂ ਬਿਨਾਂ ਜ਼ਰੂਰਤ ਲੋਕਾਂ ਨੂੰ ਅਜਿਹੀ ਸਕੀਮ ਨਾਲ ਜੋੜਿਆ ਗਿਆ ਹੈ ਉਹ ਵੀ ਸਾਹਮਣੇ ਆਉਣਗੇ ਅਤੇ ਲੋੜਮੰਦ ਵਿਅਕਤੀ ਨੂੰ ਇਹ ਸਹੂਲਤਾਂ ਮਿਲਣਗੀਆਂ। ਉਨ੍ਹਾਂ ਕਿਹਾ ਕਿ ਆਪ ਪਾਰਟੀ ਦੇ ਵਰਕਰ ਸਰਕਾਰ ਦੇ ਨਾਲ ਚੱਟਾਨ ਦੀ ਤਰ੍ਹਾਂ ਖੜੇ ਹਨ ਅਤੇ ਇਸ ਸਕੀਮ ਨੂੰ ਘਰ-ਘਰ ਪਹੁੰਚਾ ਰਹੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲੋਕਾਂ ਨਾਲ ਕੀਤੇ ਗਏ ਸਾਰੇ ਵਾਅਦਿਆਂ ਨੂੰ ਪੂਰਾ ਕੀਤਾ ਜਾਵੇਗਾ ਅਤੇ ਪੰਜਾਬ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਰੰਗਲਾ ਪੰਜਾਬ ਬਣਾਇਆ ਜਾਵੇਗਾ।

# ਰਮਾਣਾ ਚੱਕ ਦੇ ਕਈ ਪਰਿਵਾਰ ਕਾਂਗਰਸ ਤੇ ਅਕਾਲੀ ਦਲ ਨੂੰ ਛੱਡ ਕੇ 'ਆਪ' 'ਚ ਸ਼ਾਮਲ

ਟਾਂਗਰਾ: (ਲਾਡੀ ਮੱਲ੍ਹੀ)-ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀਆਂ ਲੋਕ ਭਲਾਈ ਨੀਤੀਆਂ ਤੋਂ ਖ਼ੁਸ਼ ਹੋ ਕੇ ਵੱਡੇ ਪੱਧਰ ਤੇ ਲੋਕ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ। ਦਿਨੋਂ ਦਿਨੀਂ ਆਮ ਆਦਮੀ ਪਾਰਟੀ ਦਾ ਰੁਤਬਾ ਲਗਾਤਾਰ ਵੱਧ ਰਿਹਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਕੀਤਾ। ਉਨ੍ਹਾਂ ਦੱਸਿਆ ਕਿ ਰਮਾਣਾ ਚੱਕ ਦੇ ਕਾਂਗਰਸੀਆਂ ਅਤੇ ਅਕਾਲੀਆਂ ਦੇ ਕੁਝ ਪਰਿਵਾਰਾਂ ਵੱਲੋਂ 'ਆਪ' 'ਚ ਸ਼ਾਮਲ ਹੋਣ ਨਾਲ ਆਮ ਆਦਮੀ ਪਾਰਟੀ ਨੂੰ ਭਾਰੀ ਬਲ ਮਿਲਿਆ ਹੈ। ਆਉਂਦੀਆਂ ਲੋਕਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਸੂਬੇ ਦੀਆਂ 13 ਸੀਟਾਂ 'ਤੇ ਬੇਮਿਸਾਲ ਜਿੱਤ ਹਾਸਿਲ ਕਰੇਗੀ। ਉਨ੍ਹਾਂ ਕਿਹਾ ਕਿ ਸਾਡੀ ਪਾਰਟੀ ਆਮ ਆਦਮੀ ਦੀ ਪਾਰਟੀ ਹੈ ਅਤੇ ਆਮ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਾਂਗਰਸ ਪਾਰਟੀ ਅਤੇ ਅਕਾਲੀ ਦਲ ਨੂੰ ਛੱਡ ਕੇ ਆਪ ਵਿੱਚ ਸ਼ਾਮਲ ਹੋਏ ਵਰਕਰਾਂ ਨੂੰ ਭਰੋਸਾ ਦਿਵਾਇਆ ਕਿ ਤੁਹਾਡਾ ਪਾਰਟੀ ਵਿੱਚ ਬਣਦਾ ਮਾਣ ਸਤਿਕਾਰ ਕੀਤਾ ਜਾਵੇਗਾ। ਕੈਬਨਿਟ ਮੰਤਰੀ ਈਟੀਓ ਨੇ ਸਮੂਹ ਪੰਚਾਇਤ ਨੂੰ ਕਿਹਾ ਕਿ ਉਹ ਆਉਂਦੀਆਂ ਲੋਕ ਸਭਾ ਚੋਣਾਂ ਲਈ ਤਿਆਰ ਰਹਿਣ ਅਤੇ ਪਾਰਟੀ ਨੂੰ ਭਾਰੀ ਬਹੁਮਤ ਨਾਲ ਜਿਤਾਉਣ। ਆਮ ਆਦਮੀ ਪਾਰਟੀ ਪਾਰਟੀ ਦੇ ਬਲਾਕ ਪ੍ਰਧਾਨ ਭੁਪਿੰਦਰ ਸਿੰਘ ਰਮਾਣਾ ਚੱਕ ਦੇ ਸਹਿਯੋਗ ਨਾਲ ਆਪ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਜਸਬੀਰ ਸਿੰਘ ਜੱਸਾ ਮੌਜੂਦਾ ਮੈਂਬਰ ਕਾਂਗਰਸ, ਸਤਨਾਮ ਸਿੰਘ, ਹਰਜਿੰਦਰ ਸਿੰਘ, ਦਲਵਿੰਦਰ ਸਿੰਘ, ਬਲਵਿੰਦਰ ਸਿੰਘ, ਜਸਵਿੰਦਰ ਸਿੰਘ ਨੰਬਰਦਾਰ, ਨਿਰਵੈਰ ਸਿੰਘ ਵਪਾਰੀ, ਵਰਿੰਦਰ ਸਿੰਘ, ਜਗਤਾਰ ਸਿੰਘ, ਪ੍ਰਗਟ ਸਿੰਘ, ਬਲਵਿੰਦਰ ਸਿੰਘ, ਸਰਵਨ ਸਿੰਘ, ਸੁਖਵਿੰਦਰ ਸਿੰਘ, ਬਲਦੇਵ ਸਿੰਘ, ਜੋਗਿੰਦਰ ਸਿੰਘ ਦੋਧੀ, ਅਮਰੀਕ ਸਿੰਘ, ਸਾਬਕਾ ਮੈਂਬਰ ਕਾਂਗਰਸ, ਸੁਖਬੀਰ ਸਿੰਘ, ਪ੍ਰਤਾਪ ਸਿੰਘ ਸਵਰਨ ਸਿੰਘ, ਅਮਰਜੀਤ ਸਿੰਘ, ਪਰਮਜੀਤ ਸਿੰਘ, ਦਲਬੀਰ ਸਿੰਘ ਠੇਕੇਦਾਰ, ਸਰਬਜੀਤ ਸਿੰਘ ਆਦਿ ਹਾਜ਼ਰ ਸਨ।



# ਔਰਤ ਪਾਸੋਂ ਪਰਸ ਝਪਟ ਕੇ ਲੁਟੇਰੇ ਫ਼ਰਾਰ, ਮਾਮਲਾ ਦਰਜ

ਗੁਰਦਾਸਪੁਰ (ਜਨਕ ਮਹਾਜਨ)-ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਮੋਟਰਸਾਈਕਲ ਚੋਰੀ ਕਰਨ ਵਾਲੇ ਨਾ-ਮਲੂਮ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ।

ਪੁਲਸ ਨੂੰ ਦਿੱਤੇ ਬਿਆਨਾਂ ਵਿਚ ਸੋਫੀਆ ਮੰਗੋਤਰਾ ਪੁੱਤਰੀ ਪ੍ਰਬੋਧ ਮੰਗੋਤਰਾ ਵਾਸੀ ਪੁੱਡਾ ਕਲੋਨੀ ਬੈਕ ਸਾਇਡ ਜੇਲ੍ਹ ਗੁਰਦਾਸਪੁਰ ਨੇ ਦੱਸਿਆ ਕਿ 29 ਫਰਵਰੀ ਨੂੰ ਆਪਣੀ ਸਕੂਟਰੀ ਐਕਟਿਵਾ ਨੰਬਰ ਪੀ.ਬੀ.06.ਬੀ.ਐਫ. 2624 'ਤੇ ਸਵਾਰ ਹੋ ਕੇ ਡਾਕਖਾਨਾ ਚੌਕ ਵੱਲੋਂ ਆਪਣੇ ਘਰ ਨੂੰ ਜਾ ਰਹੀ ਸੀ। ਸਮਾਂ ਕਰੀਬ 7:15 ਪੀ.ਐਮ. ਜਦ ਉਹ ਗੁਰੂ ਨਾਨਕ ਪਾਰਕ ਜੇਲ੍ਹ ਰੋਡ ਨਜ਼ਦੀਕ ਪੁੱਜੀ ਤਾਂ ਪਿੱਛੇ ਤੋਂ ਇੱਕ ਸਪਲੈਂਡਰ ਮੋਟਰਸਾਈਕਲ 'ਤੇ ਦੋ ਨਾ-ਮਲੂਮ ਵਿਅਕਤੀ ਆਏ ਅਤੇ ਮੇਰੀ ਮੋਪਡ ਦੇ ਅੱਗੇ ਰੱਖੇ ਬੈਗ ਨੂੰ ਖੋਹ ਕੇ ਚਲੇ ਗਏ। ਮੇਰੇ ਬੈਗ ਵਿੱਚ ਇਕ ਫੋਨ ਅਤੇ ਹੋਰ ਵੀ ਸਾਮਾਨ ਸੀ। ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਨਾ-ਮਲੂਮ ਵਿਅਕਤੀਆਂ ਖ਼ਿਲਾਫ਼ 379 ਬੀ ਅਤੇ 34 ਅਧੀਨ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਬੱਲ ਕਲਾਂ ਇੰਡਸਟਰੀਅਲ ਪਾਰਕ 'ਚ ਐਮਰਜੈਂਸੀ ਰਿਸਪਾਂਸ ਵਹੀਕਲ ਤਾਇਨਾਤ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਬੀਤੇ ਦਿਨ ਡਿਪਟੀ ਕਮਿਸ਼ਨਰ ਘਨਸ਼ਾਮ ਥੋਰੀ ਵੱਲੋਂ ਸ਼ਹਿਰ ਦੇ ਕਾਰੋਬਾਰੀਆਂ ਅਤੇ ਸਨਤਕਾਰਾਂ ਨਾਲ ਉਨ੍ਹਾਂ ਦੀਆਂ ਮੰਗਾਂ ਸਬੰਧੀ ਕੀਤੀ ਗਈ ਮੀਟਿੰਗ ਵਿੱਚ ਕਾਰੋਬਾਰੀਆਂ ਵੱਲੋਂ ਉਠਾਏ ਗਏ ਸੁਰੱਖਿਆ ਦੇ ਮੁੱਦੇ ਦਾ ਅੱਜ ਜ਼ਿਲ੍ਹਾ ਪੁਲਸ ਮੁਖੀ ਸਤਿੰਦਰ ਸਿੰਘ ਨੇ ਪੱਕਾ ਹੱਲ ਕਰ ਦਿੱਤਾ। ਉਨ੍ਹਾਂ ਇੰਡਸਟਰੀਅਲ ਪਾਰਕ ਬਲ ਕਲਾਂ ਵਿੱਚ ਐਮਰਜੰਸੀ ਰਿਸਪਾਂਸ ਵਹੀਕਲ ਤਾਇਨਾਤ ਕਰ ਦਿੱਤੇ ਹਨ।



ਇਹ ਜਾਣਕਾਰੀ ਦਿੰਦੇ ਜ਼ਿਲ੍ਹਾ ਪੁਲਸ ਮੁਖੀ ਸਤਿੰਦਰ ਸਿੰਘ ਨੇ ਦੱਸਿਆ ਕਿ ਕੱਲ ਹੀ ਮੁੱਖ ਮੰਤਰੀ ਵੱਲੋਂ ਮਿਲੀਆਂ ਨਵੀਆਂ ਗੱਡੀਆਂ ਵਿੱਚੋਂ ਇੱਕ ਗੱਡੀ ਅੱਜ ਪੁਲਸ ਨੇ ਬਲ ਕਲਾਂ ਖੇਤਰ ਵਿੱਚ ਪੱਕੇ ਤੌਰ 'ਤੇ ਸਟੇਸ਼ਨ ਕਰ ਦਿੱਤੀ ਹੈ ਅਤੇ ਉਸ ਨਾਲ ਪੁਲਸ ਮੁਲਾਜ਼ਮ ਰੋਟੇਸ਼ਨ ਵਾਈਜ਼ ਸਦਾ ਤਾਇਨਾਤ ਰਹਿਣਗੇ। ਉਨ੍ਹਾਂ ਦੱਸਿਆ ਕਿ ਅੱਜ ਇਸ ਬਾਬਤ ਸਾਡੇ ਪੁਲਸ ਅਧਿਕਾਰੀ ਰਜਿੰਦਰ ਮਿਨਹਾਸ ਨੇ ਸਨਤਕਾਰਾਂ ਨਾਲ ਮੀਟਿੰਗ ਕਰਕੇ ਉਨ੍ਹਾਂ ਨੂੰ ਦੱਸ ਦਿੱਤਾ ਹੈ ਕਿ ਉਹ 112 ਨੰਬਰ ਡਾਇਲ ਕਰਕੇ ਇਸ ਗੱਡੀ ਦੀ ਸਹੂਲਤ ਕਿਸੇ ਵੀ ਵੇਲੇ ਦਿਨ ਜਾਂ ਰਾਤ ਲੈ ਸਕਦੇ ਹਨ।

ਉਨ੍ਹਾਂ ਆਖਿਆ ਕਿ ਸ਼ਹਿਰ ਤੇ ਲੋਕਾਂ ਦੀ ਸੁਰੱਖਿਆ ਕਰਨਾ ਸਾਡਾ ਫਰਜ਼ ਹੈ ਅਤੇ ਅਸੀਂ ਕੱਲ ਹੀ ਕਾਰੋਬਾਰੀਆਂ ਵੱਲੋਂ ਉਠਾਏ ਗਏ ਮੁੱਦੇ ਨੂੰ ਹੱਲ ਕਰਦੇ ਹੋਏ ਇਹ ਪਹਿਲਕਦਮੀ ਕੀਤੀ ਹੈ।

# ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵੱਲੋਂ 11 ਨੂੰ ਰੇਲ ਦਾ ਚੱਕਾ ਜਾਮ ਕਰਨ ਦੀਆਂ ਤਿਆਰੀਆਂ ਆਰੰਭ

ਕਾਦੀਆ (ਯਾਦਵਿੰਦਰ ਸਿੰਘ ਮਲਹੋਤਰਾ)-ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵੱਲੋਂ ਵੱਖ-ਵੱਖ ਪਿੰਡਾਂ ਵਿੱਚ ਮੀਟਿੰਗਾਂ ਕਰਕੇ ਪੰਜਾਬ ਭਰ ਵਿੱਚ 11 ਮਾਰਚ ਨੂੰ ਰੇਲ ਦਾ ਚੱਕਾ ਜਾਮ ਕਰਨ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਸੂਬਾ ਪੱਧਰੀ ਸੱਦੇ ਤਹਿਤ ਅੱਜ ਪਿੰਡ ਘੋੜੇਵਾਹ ਵਿਖੇ ਮੀਟਿੰਗ ਕੀਤੀ। ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਯੂਥ ਵਿੰਗ ਦੇ ਸੂਬਾ ਆਗੂ ਮੇਜਰ ਸਿੰਘ ਕੋਟ ਟੋਡਰ ਮੱਲ ਨੇ ਪ੍ਰੈੱਸ ਨੂੰ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਜ਼ਦੂਰਾਂ ਦੇ ਭਖਦੇ ਮਸਲਿਆਂ ਦੇ ਹੱਲ ਲਈ ਰੇਲ ਦਾ ਚੱਕਾ ਜਾਮ ਕੀਤਾ ਜਾਵੇਗਾ। ਢੇਰ ਸਾਰੇ ਮਸਲਿਆਂ ਤੋਂ ਇਲਾਵਾ ਮਾਈਕਰੋ ਫਾਈਨਾਂਸ ਕੰਪਨੀਆਂ ਸਮੇਤ ਮਜ਼ਦੂਰਾਂ ਦੇ ਸਮੁੱਚੇ ਕਰਜ਼ੇ ਮਾਫ ਕਰਨ ਅਤੇ ਸਹਿਕਾਰੀ ਸਭਾ ਦੇ ਮੈਂਬਰ ਬਣਾ ਕੇ ਉਸ ਵਿੱਚ ਸਸਤੇ ਕਰਜ਼ੇ ਸਮੇਤ ਮਿਲਦੀਆਂ ਸਾਰੀਆਂ ਸਹੂਲਤਾਂ ਲਾਗੂ ਕਰਵਾਉਣ, ਪੰਜ ਪੰਜ ਮਰਲੇ ਪਲਾਟ ਅਤੇ ਮਕਾਨ ਉਸਾਰੀ ਲਈ ਪੰਜ ਲੱਖ ਰੁਪਏ ਗ੍ਰਾਂਟ ਜਾਰੀ ਕਰਵਾਉਣ, ਮਜ਼ਦੂਰਾਂ ਦੀ ਦਿਹਾੜੀ ਇੱਕ ਹਜ਼ਾਰ ਰੁਪਏ ਕਰਨ, ਪੰਚਾਇਤੀ ਜ਼ਮੀਨ ਦਾ ਤੀਜਾ ਹਿੱਸਾ ਦਲਿਤਾਂ ਨੂੰ ਪੱਕੇ ਤੌਰ ਤੇ ਦੁਆਉਣ , ਹਰ ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਅਤੇ ਬੁਢਾਪਾ, ਵਿਧਵਾ ਅਤੇ ਅੰਗਹੀਣਾਂ ਨੂੰ 15000 ਪ੍ਰਤੀ ਮਹੀਨਾ ਪੈਨਸ਼ਨ ਦੁਆਉਣ, ਮਨਰੇਗਾ ਦੇ ਫੰਡ ਵਿੱਚ ਵਾਧਾ ਕਰਵਾ ਕੇ 365 ਦਿਨ ਰੁਜ਼ਗਾਰ, ਮਜ਼ਦੂਰਾਂ ਉੱਪਰ ਦਰਜ ਸਾਰੇ ਪਰਚੇ ਰੱਦ ਕਰਵਾਉਣ ਦੀ ਮੰਗ ਨੂੰ ਲੈ ਕੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ 11 ਮਾਰਚ ਨੂੰ ਰੇਲਾਂ ਦਾ ਚੱਕਾ ਜਾਮ ਕਰਨ ਦਾ ਫੈਸਲਾ ਕੀਤਾ ਗਿਆ। ਉਨ੍ਹਾਂ ਨੇ ਦੱਸਿਆ ਕਿ ਚੱਕਾ ਜਾਮ ਦੇ ਐਲਾਨ ਨੂੰ ਸਫਲ ਕਰਨ ਲਈ ਅੱਜ ਤੋਂ ਹੀ ਪੰਜਾਬ ਭਰ ਦੇ ਸੈਂਕੜੇ ਪਿੰਡਾਂ ਵਿੱਚ ਮੁਹਿੰਮ ਚਲਾਈ ਜਾਵੇਗੀ।



# ਇੰਸਪੈਕਟਰ ਕਸ਼ਮੀਰ ਸਿੰਘ ਨੇ ਥਾਣਾ ਝਬਾਲ ਦਾ ਚਾਰਜ ਸੰਭਾਲਿਆ



ਝਬਾਲ (ਹਰਜਿੰਦਰ ਸਿੰਘ ਸੋਨੀ)-ਇੰਸਪੈਕਟਰ ਕਸ਼ਮੀਰ ਸਿੰਘ ਨੇ ਥਾਣਾ ਝਬਾਲ ਦਾ ਕਾਰਜਭਾਗ ਸੰਭਾਲ ਲਿਆ। ਇਸ ਮੌਕੇ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਇਲਾਕੇ ਵਿੱਚ ਅਮਨ-ਸ਼ਾਂਤੀ ਪੂਰੀ ਤਰ੍ਹਾਂ ਬਰਕਰਾਰ ਰੱਖੀ ਜਾਵੇਗੀ, ਕਿਸੇ ਨੂੰ ਵੀ ਕਾਨੂੰਨ ਦੀ ਉਲੰਘਣਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਥਾਣੇ ਵਿੱਚ ਆਉਣ ਵਾਲੇ ਹਰ ਇੱਕ ਆਮ ਤੇ ਖਾਸ ਨੂੰ ਇਨਸਾਫ ਦਿੱਤਾ ਜਾਵੇਗਾ। ਉਨ੍ਹਾਂ ਇਲਾਕੇ ਵਿੱਚ ਨਸ਼ਾ ਤਸਕਰਾਂ ਨੂੰ ਚੇਤਾਵਨੀ ਦਿੰਦੇ ਕਿਹਾ ਕਿ ਉਹ ਨਸ਼ੇ ਦਾ ਕਾਰੋਬਾਰ ਛੱਡ ਕੇ ਮਿਹਨਤ ਦੀ ਕਮਾਈ ਕਰਨ ਨਹੀਂ ਤਾਂ ਜੇਲ ਵਿੱਚ ਬੰਦ ਕੀਤਾ ਜਾਵੇਗਾ। ਥਾਣੇ ਵਿੱਚ ਪੁਰਾਣੇ ਪਏ ਕੇਸਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ। ਇਸ ਮੌਕੇ ਏਐੱਸਆਈ ਜਤਿੰਦਰ ਸਿੰਘ, ਮੁਨਸ਼ੀ ਜਸਵੰਤ ਸਿੰਘ, ਮੁਨਸ਼ੀ ਹਰਪਾਲ ਸਿੰਘ ਝਬਾਲ, ਮੁਨਸ਼ੀ ਸੁਖਵਿੰਦਰ ਸਿੰਘ ਹਾਜ਼ਰ ਸਨ।

# ਸਵੈ-ਸਹਾਇਤਾ ਸਮੂਹਾਂ ਨਾਲ ਜੁੜੀਆਂ ਔਰਤਾਂ ਨੂੰ ਸਾਮਾਨ ਵੇਚਣ ਦਾ ਪਲੇਟਫਾਰਮ ਮੁਹੱਈਆ ਕਰਵਾ ਰਿਹਾ 'ਆਬਾਦ ਹੁਨਰ ਹੱਟ'

ਗੁਰਦਾਸਪੁਰ (ਦਿਨੇਸ਼ ਕੁਮਾਰ)-ਅਜੀਵਕਾ ਮਿਸ਼ਨ ਤਹਿਤ ਜ਼ਿਲ੍ਹੇ ਵਿੱਚ ਸਵੈ ਸਹਾਇਤਾ ਸਮੂਹਾਂ ਨਾਲ ਜੁੜ ਕੇ ਕੰਮ ਕਰ ਰਹੀਆਂ ਔਰਤਾਂ ਨੂੰ ਆਪਣਾ ਸਾਮਾਨ ਵੇਚਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਬਣਾਏ ਗਏ 'ਆਬਾਦ ਹੁਨਰ ਹੱਟ' ਗੁਰਦਾਸਪੁਰ ਨੇ ਮਹੱਤਵਪੂਰਨ ਪਲੇਟਫ਼ਾਰਮ ਮੁਹੱਈਆ ਕਰਵਾਇਆ ਹੈ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਿਛਲੇ ਸਾਲ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਦੇ ਗੁਰਦਾਸਪੁਰ ਸਥਿਤ ਦਫ਼ਤਰ ਕੋਲ 'ਆਬਾਦ ਹੁਨਰ ਹੱਟ' ਦੀ ਸਥਾਪਨਾ ਕੀਤੀ ਗਈ ਸੀ, ਜੋ ਕਿ ਮਾਰਕੀਟਿੰਗ ਦੇ ਪੱਖ ਤੋਂ ਬਹੁਤ ਅਹਿਮ ਸਾਬਤ ਹੋਇਆ ਹੈ। ਉਨ੍ਹਾਂ ਕਿਹਾ ਕਿ ਆਬਾਦ ਹੁਨਰ ਹੱਟ ਨੂੰ ਇੱਕ ਸ਼ੋਅਰੂਮ ਵਾਂਗ ਬਣਾਇਆ ਗਿਆ ਹੈ ਅਤੇ ਇਸ ਦਾ ਪ੍ਰਬੰਧ ਚਲਾਉਣ ਲਈ ਇੱਕ ਸੇਲਜ਼ ਮੈਨੇਜਰ ਰੱਖਿਆ ਗਿਆ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਆਬਾਦ ਹੁਨਰ ਹੱਟ ਵਿੱਚ ਘਰੇਲੂ ਵਰਤੋਂ ਦੇ 50 ਤੋਂ ਵੱਧ ਉਤਪਾਦਾਂ ਦੀ ਵਿੱਕਰੀ ਕੀਤੀ ਜਾ ਰਹੀ ਹੈ, ਜਿਸ ਵਿੱਚ ਮੁਰੱਬਾ, ਅਚਾਰ, ਗੁੜ, ਸ਼ੱਕਰ, ਸਰ੍ਹੋਂ ਦਾ ਤੇਲ, ਸ਼ਹਿਦ, ਕੋਧਰੇ ਦਾ ਆਟਾ, ਹੈਂਡ ਵਾਸ਼, ਡਾਲੀਆ, ਗਿਰੀ ਦਾ ਤੇਲ, ਹਲਦੀ, ਸੇਵੀਆਂ, ਚੌਲ, ਸਾਬਣ, ਸਰਫ਼, ਟੂਥਪੇਸਟ, ਫਨਾਇਲ ਦਾ ਤੇਲ, ਕਿਚਨ ਮਸਾਲਾ, ਲੱਕੜ ਦੇ ਵੱਖ-ਵੱਖ ਖਿਡੌਣੇ, ਪੱਖੀਆਂ, ਜੂਟ ਦੇ ਬੈਗ, ਵਰਮੀਕੰਪੋਸਟ, ਫੁੱਲਕਾਰੀਆਂ, ਬਾਗ, ਸਜਾਵਟ ਦਾ ਸਾਮਾਨ, ਲੇਡੀਜ਼ ਪਰਸ, ਹੱਥੀਂ ਤਿਆਰ ਕੀਤੇ ਊਨੀ ਤੇ ਸੂਤੀ ਕੱਪੜੇ, ਸਜਾਵਟੀ ਫੁੱਲ, ਡੈਕੋਰੇਸ਼ਨ ਦਾ ਸਾਮਾਨ, ਰੰਗ-ਬਿਰੰਗੇ ਹਾਰ, ਸਜਾਵਟੀ ਤਸਵੀਰਾਂ ਸਮੇਤ ਘਰੇਲੂ ਵਰਤੋਂ ਦਾ ਹੋਰ ਸਾਮਾਨ ਵੀ ਵੇਚਿਆ ਜਾਂਦਾ ਹੈ। ਉਨ੍ਹਾਂ ਗੁਰਦਾਸਪੁਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਘਰੇਲੂ ਸਾਮਾਨ ਵਰਤੋਂ ਦਾ ਸਾਮਾਨ ਖ਼ਰੀਦਣ ਲਈ ਆਬਾਦ ਹੁਨਰ ਹੱਟ ਨੂੰ ਤਰਜੀਹ ਦੇਣ ਕਿਉਂਕਿ ਇੱਥੇ ਸਾਮਾਨ ਸਸਤਾ ਹੋਣ ਦੇ ਨਾਲ ਕੁਆਲਿਟੀ ਪੱਖੋਂ ਬਹੁਤ ਵਧੀਆ ਹੈ।




# ਚੇਅਰਮੈਨ ਕਸ਼ਮੀਰ ਸਿੰਘ ਮੰਨਣ ਨੂੰ ਸਦਮਾ, ਭਰਾ ਦਾ ਦਿਹਾਂਤ



ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਚੇਅਰਮੈਨ ਕਸ਼ਮੀਰ ਸਿੰਘ ਮੰਨਣ ਨੂੰ ਉਸ ਵੇਲੇ ਭਾਰੀ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਵੱਡੇ ਭਰਾ ਮੇਜਰ ਸਿੰਘ ਮੰਨਣ ਦਾ ਬੀਤੇ ਦਿਨੀਂ ਦਿਹਾਂਤ ਹੋ ਗਿਆ। ਕਾਮਰੇਡ ਦਵਿੰਦਰ ਸੋਹਲ ਜ਼ਿਲ੍ਹਾ ਸਕੱਤਰ ਸੀਪੀਆਈ, ਸਰਪੰਚ ਨਰਿੰਦਰ ਪੱਪਾ, ਚੇਅਰਮੈਨ ਹਰਵੰਤ ਸਿੰਘ, ਸਾਬਕਾ ਸਰਪੰਚ ਹਰਦਿਆਲ ਸਿੰਘ, ਸਾਬਕਾ ਸਰਪੰਚ ਵਰਿੰਦਰਜੀਤ ਸਿੰਘ ਹੀਰਾਪੁਰ, ਪੂਰਨ ਸਿੰਘ, ਚੇਅਰਮੈਨ ਰਮਨ ਕੁਮਾਰ, ਕੁਲਦੀਪ ਸਿੰਘ, ਬੀਐੱਸ ਟੇਲਰਜ਼, ਆੜ੍ਹਤੀ ਹਰੀਸ਼ ਕੁਮਾਰ ਨੰਦਾ, ਸਰਪੰਚ ਮਨਜਿੰਦਰ ਸਿੰਘ ਐਮਾ, ਦਲਜੀਤ ਸਿੰਘ ਐਮਾ, ਪ੍ਰਗਟ ਸਿੰਘ ਸੰਧੂ, ਪਲਵਿੰਦਰ ਸਿੰਘ, ਕਾਮਰੇਡ ਲੱਖਾ ਸਿੰਘ, ਜਗਜੀਤ ਸਿੰਘ, ਕਿਸਾਨ ਆਗੂ ਮੇਜਰ ਸਿੰਘ, ਪੱਪੂ ਭਲਵਾਨ, ਮਲਕੀਅਤ ਸਿੰਘ, ਸਾਬਕਾ ਮੈਨੇਜਰ ਪਰਮਜੀਤ ਸਿੰਘ ਮੁੰਡਾਪਿੰਡ, ਐੱਸ. ਪੀ. ਕੇਹਰ ਸਿੰਘ ਨੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਤੁਰ ਜਾਣ ਨਾਲ ਪਰਿਵਾਰ ਨੂੰ ਬਹੁਤ ਵੱਡਾ ਘਾਟਾ ਪਿਆ ਹੈ ਵਾਹਿਗੁਰੂ ਉਨ੍ਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ। ਕਸ਼ਮੀਰ ਸਿੰਘ ਮੰਨਣ ਨੇ ਕਿਹਾ ਕਿ ਆਤਮਿਕ ਸ਼ਾਂਤੀ ਲਈ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 5 ਮਾਰਚ ਮੰਗਲਵਾਰ ਨੂੰ ਸਾਡੇ ਗ੍ਰਹਿ ਵਿਖੇ ਪਾਏ ਜਾਣ ਉਪਰੰਤ ਸ਼ਬਦ ਕੀਰਤਨ ਤੇ ਅੰਤਿਮ ਅਰਦਾਸ ਗੁਰਦੁਆਰਾ ਬਾਬਾ ਨਾਨਕ ਪਿੰਡ ਮੰਨਣ ਵਿਖੇ ਹੋਵੇਗੀ।

# ਜਪੁਜੀ ਹੈਲਥ ਕੇਅਰ ਨੇ ਇਕ ਰੋਜ਼ਾ ਫਰੀ ਕੈਂਪ ਲਗਾਇਆ

ਅਜਨਾਲਾ, 1 ਮਾਰਚ (ਸੁਖਤਿੰਦਰ ਸਿੰਘ ਰਾਜੂ)-ਜਪੁਜੀ ਹੈਲਥ ਕੇਅਰ ਐਂਡ ਰਿਸਰਚ ਸੈਂਟਰ ਅਜਨਾਲਾ ਵੱਲੋਂ ਸਤਿਗੁਰੂ ਸੁਪਰ ਮਾਰਕੀਟ ਫਤਿਹਗੜ੍ਹ ਚੂੜੀਆਂ ਬਾਈਪਾਸ ਰੋਡ ਅਜਨਾਲਾ ਵਿਖੇ ਇੱਕ ਰੋਜ਼ਾ ਮੈਡੀਕਲ ਕੈਂਪ ਲਗਾਇਆ ਗਿਆ ਜਿਸ ਵਿੱਚ 150 ਤੋਂ ਵੱਧ ਮਰੀਜ਼ਾਂ ਦੀ ਮੁਫਤ ਜਾਂਚ ਅਤੇ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਡਾਕਟਰ ਪਰਮਜੀਤ ਸਿੰਘ ਵੱਲੋਂ ਸਾਰੇ ਮਰੀਜ਼ਾਂ ਦਾ ਇਲਾਜ ਫਰੀ ਵਿੱਚ ਕੀਤਾ ਗਿਆ ਅਤੇ ਆਧੁਨਿਕ ਤਕਨੀਕਾਂ ਨਾਲ ਇਲੈਕਟਰੋ ਹੋਮਿਓਪੈਥਿਕ ਦਵਾਈਆਂ ਦਿੱਤੀਆਂ ਗਈਆਂ ਅਤੇ ਸਿਹਤ ਦੀ ਹਾਨੀਕਾਰਕ ਅਤੇ ਲਾਭਦਾਇਕ ਚੀਜ਼ਾਂ ਬਾਰੇ ਜਾਗਰੂਕ ਕਰਵਾਇਆ ਗਿਆ। ਇਸ ਮੌਕੇ ਯੂਸਫ ਮੁਹੰਮਦ ਰਾਜਸਥਾਨ, ਡਾ. ਜਸਮੀਨ ਕੌਰ ਸ਼ਾਮਿਲ ਸਨ। ਇਸ ਮੌਕੇ ਦਵਿੰਦਰ ਕੌਰ, ਕੁਲਵਿੰਦਰ ਕੌਰ, ਜਸਬੀਰ ਕੌਰ, ਮਨਜਿੰਦਰ ਕੌਰ, ਵਿਕਰਮਜੀਤ ਸਿੰਘ, ਗੁਰਬੀਰ ਸਿੰਘ ਰਾਜੂ ਆਦਿ ਵੀ ਹਾਜ਼ਰ ਸਨ।



# ਓਰਲ ਹੈਲਥ ਦਿਵਸ ਸਬੰਧੀ ਸਿਵਲ ਸਰਜਨ ਦਫਤਰ ਵਿਖੇ ਪੋਸਟਰ ਰਿਲੀਜ਼

ਗੁਰਦਾਸਪੁਰ (ਦਿਨੇਸ਼ ਕੁਮਾਰ)-ਸਿਵਲ ਸਰਜਨ ਗੁਰਦਾਸਪੁਰ ਡਾ. ਹਰਭਜਨ ਰਾਮ ਮਾਂਡੀ ਨੇ ਅੱਜ ਸਿਵਲ ਸਰਜਨ ਦਫਤਰ ਵਿਖੇ ਵਿਸਵ ਓਰਲ ਹੈਲਥ ਦਿਵਸ ਸਬੰਧੀ ਪੋਸਟਰ ਰਿਲੀਜ਼ ਕੀਤਾ। ਇਸ ਮੌਕੇ ਜ਼ਿਲ੍ਹਾ ਗੁਰਦਾਸਪੁਰ ਦੇ ਸਮੂਹ ਡੈਂਟਲ ਸਰਜਨਾਂ ਦੀ ਮੀਟਿੰਗ ਵੀ ਕੀਤੀ ਗਈ ਜਿਸ ਦੌਰਾਨ ਡਿਪਟੀ ਡਾਇਰੈਕਟਰ-ਕਮ-ਜ਼ਿਲ੍ਹਾ ਡੈਂਟਲ ਸਿਹਤ ਅਫਸਰ ਡਾ. ਲੋਕੇਸ਼ ਗੁਪਤਾ ਨੇ ਜ਼ਿਲ੍ਹੇ ਦੇ ਮੈਡੀਕਲ ਅਫਸਰ ਡੈਂਟਲ ਦੀ ਕਾਰਗੁਜ਼ਾਰੀ ਸਬੰਧੀ ਤਸੱਲੀ ਪ੍ਰਗਟ ਕੀਤੀ ਅਤੇ ਸਮੂਹ ਡੈਂਟਲ ਸਰਜਨਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਪਿਛਲੇ ਸਾਲ ਵਿਸ਼ਵ ਓਰਲ ਹੈਲਥ ਸਬੰਧੀ ਪੀਐੱਚਸੀ ਰਣਜੀਤ ਬਾਗ਼ ਦੇ ਮੈਡੀਕਲ ਅਫਸਰ ਡੈਂਟਲ ਡਾ. ਨਤਾਸ਼ਾ ਅੱਤਰੀ ਨੂੰ ਸਿਹਤ ਮੰਤਰੀ ਪੰਜਾਬ ਵੱਲੋਂ ਓਰਲ ਹੈਲਥ ਮਹੀਨੇ ਦੀਆਂ ਗਤੀਵਿਧੀਆਂ ਸਬੰਧੀ ਸਨਮਾਨ ਹਾਸਲ ਹੋਇਆ ਸੀ। ਉਨ੍ਹਾਂ ਨੇ ਸਮੂਹ ਮੈਡੀਕਲ ਅਫਸਰ ਡੈਂਟਲ ਨੂੰ ਇਸ ਸਾਲ ਵੀ ਵਿਸ਼ਵ ਓਰਲ ਹੈਲਥ ਮਹੀਨੇ ਦੌਰਾਨ ਪੂਰੀ ਗਤੀਸ਼ੀਲਤਾ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ।



# ਐੱਸ ਡੀ ਐੱਮ ਢਿੱਲੋਂ ਵੱਲੋਂ ਮਾਤਾ ਸਾਹਿਬ ਕੌਰ ਪ੍ਰੀ-ਪ੍ਰਾਇਮਰੀ ਬਲਾਕ ਦਾ ਉਦਘਾਟਨ

ਮਜੀਠਾ (ਸੋਇਮ ਆਨੰਦ)-ਸ੍ਰੀ ਦਸਮੇਸ਼ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਕੋਟਲਾ ਸੁਲਤਾਨ ਸਿੰਘ ਵਿਖੇ ਮਾਤਾ ਸਾਹਿਬ ਕੌਰ ਦੇ ਨਾਮ 'ਤੇ ਪ੍ਰੀ-ਪ੍ਰਾਇਮਰੀ ਬਲਾਕ ਦੀ ਨਵੀਂ ਇਮਾਰਤ ਤਿਆਰ ਕੀਤੀ ਗਈ ਜਿਸ ਦਾ ਰਸਮੀ ਤੌਰ 'ਤੇ ਉਦਘਾਟਨ ਐੱਸ ਡੀ ਐੱਮ ਮਜੀਠਾ ਡਾ: ਹਰਨੂਰ ਕੌਰ ਢਿੱਲੋਂ ਨੇ ਕੀਤਾ। ਸਕੂਲ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਜਥੇਦਾਰ ਸੰਤੋਖ ਸਿੰਘ ਸਮਰਾ ਨੇ ਕਿਹਾ ਕਿ ਇਸ ਸੰਸਥਾ ਦਾ ਮੁੱਖ ਮਨੋਰਥ ਇਲਾਕੇ ਦੇ ਸਕੂਲੀ ਵਿਦਿਆਰਥੀਆਂ ਨੂੰ ਸਸਤੀ ਅਤੇ ਮਿਆਰੀ ਸਿੱਖਿਆ ਦੇਣਾ ਹੈ ਜਿਸ ਵਾਸਤੇ ਸਮੁੱਚੀ ਮੈਨੇਜਮੈਂਟ ਕਮੇਟੀ, ਸਕੂਲ ਪ੍ਰਿੰਸੀਪਲ ਅਤੇ ਸਟਾਫ ਹਰ ਵਕਤ ਤਤਪਰ ਰਹਿੰਦਾ ਹੈ। ਇਸ ਮੌਕੇ ਐੱਸਡੀਐੱਮ ਡਾ: ਹਰਨੂਰ ਕੌਰ ਢਿੱਲੋਂ ਦੇ ਨਾਲ ਪ੍ਰਧਾਨ ਜਥੇਦਾਰ ਸੰਤੋਖ ਸਿੰਘ ਸਮਰਾ, ਪ੍ਰਿੰ. ਵਿਨੋਦ ਸ਼ਰਮਾ, ਡਾ: ਰਣਧੀਰ ਸਿੰਘ ਗਿੱਲ, ਵਰਿੰਦਰ ਸਿੰਘ, ਧਿਆਨ ਸਿੰਘ, ਕਸ਼ਮੀਰ ਸਿੰਘ, ਪ੍ਰਿਤਪਾਲ ਸਿੰਘ, ਇਕਬਾਲ ਸਿੰਘ, ਹਰਪ੍ਰੀਤ ਸਿੰਘ, ਰੀਡਰ ਵਰਿੰਦਰ ਭਾਟੀਆ, ਦੀਪਕ ਭੱਟੀ, ਮੇਜਰ ਸਿੰਘ, ਕਵਲਜੀਤ ਸਿੰਘ ਚੰਡੇ, ਰਜਿੰਦਰ ਕੌਰ, ਕਿਰਨਦੀਪ ਕੌਰ, ਰਮਨਦੀਪ ਕੌਰ, ਸਮੇਤ ਸਕੂਲ ਦੇ ਸਟਾਫ ਮੈਂਬਰ ਵੀ ਹਾਜ਼ਰ ਸਨ।



# 6 ਲੱਖ ਰੁਪਏ ਰਿਸ਼ਵਤ ਲੈਣ ਵਾਲਾ ਏ ਐੱਸ ਆਈ ਗ੍ਰਿਫਤਾਰ

ਅੰਮ੍ਰਿਤਸਰ, (ਨਰਿੰਦਰਜੀਤ ਸਿੰਘ)-ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲ ਰਹੀ ਮੁਹਿੰਮ ਦੌਰਾਨ ਸਹਾਇਕ ਸਬ-ਇੰਸਪੈਕਟਰ (ਏਐੱਸਆਈ) ਰਾਜ ਕੁਮਾਰ, ਇੰਚਾਰਜ ਪੁਲਸ ਚੌਕੀ ਕੋਟ ਖਾਲਸਾ, ਅੰਮ੍ਰਿਤਸਰ ਸ਼ਹਿਰ ਨੂੰ ਛੇ ਲੱਖ ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ। ਇਹ ਪ੍ਰਗਟਾਵਾ ਕਰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਪੁਲਸ ਮੁਲਾਜ਼ਮ ਨੂੰ ਨਿਊ ਊਧਮ ਸਿੰਘ ਨਗਰ, ਅੰਮ੍ਰਿਤਸਰ ਦੇ ਵਸਨੀਕ ਅਮਨਚੈਨ ਸਿੰਘ ਵੱਲੋਂ ਮੁੱਖ ਮੰਤਰੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ ਵਿਖੇ ਦਰਜ ਕਰਵਾਈ ਗਈ ਔਨਲਾਈਨ ਸ਼ਿਕਾਇਤ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿੱਚ ਦੋਸ਼ ਲਾਇਆ ਕਿ ਉਕਤ ਏਐੱਸਆਈ ਨੇ ਥਾਣਾ ਡਵੀਜਨ-ਬੀ, ਅੰਮ੍ਰਿਤਸਰ ਵਿਖੇ ਦਰਜ ਇੱਕ ਕਤਲ ਕੇਸ ਦੀ ਜਾਂਚ ਦੌਰਾਨ ਉਸਨੂੰ ਅਤੇ ਉਸਦੇ ਚਾਰ ਰਿਸ਼ਤੇਦਾਰਾਂ ਨੂੰ ਬੇਕਸੂਰ ਠਹਿਰਾਉਣ ਬਦਲੇ ਉਸ ਤੋਂ ਛੇ ਲੱਖ ਰੁਪਏ ਦੀ ਰਿਸ਼ਵਤ ਲਈ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿੱਚ ਵਿਜੀਲੈਂਸ ਬਿਓਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿੱਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ। ਮੁਲਜ਼ਮਾਂ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਮੁਕੱਦਮੇ ਦੀ ਹੋਰ ਤਫਤੀਸ਼ ਜਾਰੀ ਹੈ।

# ਨਬਾਲਗਾ ਨੂੰ ਉਧਾਲਣ ਵਾਲੇ ਨੌਜਵਾਨ ਖ਼ਿਲਾਫ਼ ਮਾਮਲਾ ਦਰਜ

ਗੁਰਦਾਸਪੁਰ (ਜਨਕ ਮਹਾਜਨ)-ਥਾਣਾ ਸਿਟੀ ਗੁਰਦਾਸਪੁਰ ਨੂੰ ਦਿੱਤੀ ਸ਼ਿਕਾਇਤ ਵਿਚ ਲੜਕੀ ਦੇ ਪਿਤਾ ਨੇ ਦੱਸਿਆ ਕਿ ਮੇਰੀ ਲੜਕੀ ਦੀ ਉਮਰ ਕਰੀਬ 17 ਸਾਲ ਦੇ ਕਰੀਬ ਹੈ ਜੋ 27 ਫਰਵਰੀ 2024 ਨੂੰ ਵਕਤ ਕਰੀਬ 7 ਵਜੇ ਰਾਤ ਘਰ ਹਾਜ਼ਰ ਨਹੀਂ ਮਿਲੀ। ਸਾਡੇ ਪਰਿਵਾਰ ਵਲੋਂ ਕਾਫੀ ਭਾਲ ਕੀਤੀ ਗਈ ਹੈ ਪਰ ਲੜਕੀ ਨਹੀਂ ਮਿਲੀ। ਪੀੜਤ ਨੇ ਕਿਹਾ ਕਿ ਸਾਨੂੰ ਪੂਰਾ ਯਕੀਨ ਹੈ ਕਿ ਉਸ ਦੀ ਲੜਕੀ ਨੂੰ ਦੋਸ਼ੀ ਸੁਖਦੀਪ ਸਿੰਘ ਸੁੱਖਾ ਉਕਤ ਵਿਆਹ ਕਰਵਾਉਣ ਦੀ ਨੀਅਤ ਨਾਲ ਵਰਗਲਾ ਕੇ ਲੈ ਗਿਆ ਹੈ। ਪੁਲਸ ਨੇ ਕਥਿਤ ਦੋਸ਼ੀ ਖ਼ਿਲਾਫ਼ ਧਾਰਾ 363, 366 ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ ।

# ਉਡਣ ਦਸਤੇ ਵੱਲੋਂ ਪ੍ਰੀਖਿਆ ਕੇਂਦਰਾਂ ਦਾ ਅਚਨਚੇਤੀ ਨਿਰੀਖਣ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਵੱਖ-ਵੱਖ ਸਕੂਲਾਂ ਦੇ ਪ੍ਰੀਖਿਆ ਕੇਂਦਰਾਂ ਵਿੱਚ ਲਈ ਜਾ ਰਹੀ ਪ੍ਰੀਖਿਆ ਦਾ ਉਡਣ ਦਸਤੇ ਦੇ ਇੰਚਾਰਜ ਪ੍ਰਿੰਸੀਪਲ ਅਮਰਜੀਤ ਸਿੰਘ ਅਨੈਤਪੁਰਾ ਦੀ ਅਗਵਾਈ ਵਿੱਚ ਵੱਖ-ਵੱਖ ਕੇਂਦਰਾਂ ਦਾ ਨਿਰੀਖਣ ਕੀਤਾ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਪ੍ਰਿੰ. ਅਮਰਜੀਤ ਸਿੰਘ ਅਨੈਤਪੁਰਾ ਨੇ ਕਿਹਾ ਕਿ ਪੰਜਾਬ ਸਿੱਖਿਆ ਕ੍ਰਾਂਤੀ ਵੱਲ ਲਗਾਤਾਰ ਅੱਗੇ ਵੱਧ ਰਿਹਾ ਹੈ ਅਤੇ ਬੋਰਡ ਪ੍ਰੀਖਿਆਵਾਂ ਵਿੱਚ ਪ੍ਰੀਖਿਆਰਥੀ ਬੜੇ ਹੀ ਉਤਸ਼ਾਹ ਅਤੇ ਸ਼ਾਂਤੀਪੂਰਵਕ ਮਾਹੌਲ ਵਿੱਚ ਪ੍ਰੀਖਿਆ ਦੇ ਰਹੇ ਹਨ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਲਗਾਤਾਰ ਅਧਿਆਪਕਾਂ ਦੀ ਭਰਤੀ ਸਮੇਤ ਸਕੂਲਾਂ ਵਿੱਚ ਵੱਖ-ਵੱਖ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ, ਜਿਸ ਸਦਕਾ ਪ੍ਰੀਖਿਆਰਥੀ ਬਾਕੀ ਬੋਰਡਾਂ ਦੀ ਬਜਾਏ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਪ੍ਰੀਖਿਆ ਦੇਣ ਨੂੰ ਪਹਿਲ ਦੇ ਰਹੇ ਹਨ ਜਿਸ ਸਦਕਾ ਆਉਣ ਵਾਲੇ ਸਮੇਂ ਵਿੱਚ ਪੰਜਾਬ ਸਿੱਖਿਆ ਅਤੇ ਖੇਤਰ ਵਿੱਚ ਦੇਸ਼ ਨਾਲੋਂ ਮੋਹਰੀ ਸੂਬਾ ਬਣੇਗਾ। ਇਸ ਮੌਕੇ ਉਨ੍ਹਾਂ ਨਾਲ ਮਨਜੀਤ ਸਿੰਘ ਤੋਂ ਇਲਾਵਾ ਹੋਰ ਵੀ ਅਧਿਕਾਰੀ ਹਾਜ਼ਰ ਸਨ ।

# ਅੰਮ੍ਰਿਤਸਰ-ਝਬਾਲ ਰੋਡ ਦੀਆਂ ਊਣਤਾਈਆਂ ਦੇ ਰਹੀਆਂ ਸੜਕ ਹਾਦਸਿਆਂ ਨੂੰ ਸੱਦਾ

ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਝਬਾਲ ਤੋਂ ਅੰਮ੍ਰਿਤਸਰ ਰੋਡ ਜਿਸ ਨੂੰ ਵਿਚਕਾਰ ਡਵਾਈਡਰ ਬਣਾ ਕੇ ਡਬਲ ਕੀਤਾ ਜਾ ਰਿਹਾ ਹੈ ਪ੍ਰੰਤੂ ਇਕਸਾਰ ਸੜਕ ਵਿਚਕਾਰ ਡਿਵਾਈਡਰ ਬਣਾਉਣ ਦੀ ਜਗ੍ਹਾ ਕੁਝ ਥਾਂ ਛੱਡ ਕੇ ਡਿਵਾਈਡਰ ਬਣਾਏ ਜਾ ਰਹੇ ਹਨ ਅਤੇ ਥਾਂ-ਥਾਂ ਛੱਡੇ ਡਿਵਾਈਡਰਾਂ ਤੋਂ ਟੁੱਟੀ ਸੜਕ ਹਾਦਸਿਆਂ ਦਾ ਕਾਰਨ ਬਣ ਰਹੀ ਹੈ। ਬੀਤੀ ਰਾਤ ਝਬਾਲ ਵਾਸੀ ਪਰਿਵਾਰ ਦੀ ਇੱਕ ਕਾਰ ਖੈਰ ਦੀ ਨੇੜੇ ਬਿਨਾਂ ਰਿਫਲੈਕਟਰ ਦੇ ਛੱਡੇ ਡਿਵਾਈਡਰ ਨਾਲ ਨਾਲ ਟਕਰਾ ਗਈ ਜਿਸ ਨਾਲ ਮਰੂਤੀ ਕਾਰ ਦਾ ਭਾਰੀ ਨੁਕਸਾਨ ਹੋ ਗਿਆ ਪਰੰਤੂ ਬੇਸ਼ੱਕ ਜਾਨੀ ਨੁਕਸਾਨ ਦਾ ਬਚਾਅ ਹੋ ਗਿਆ, ਪਰ ਡਰਾਈਵਰ ਨੂੰ ਕਾਫੀ ਸੱਟਾਂ ਲੱਗੀਆਂ। ਮੌਕੇ 'ਤੇ ਬਿਨਾਂ ਰਿਫਲੈਕਟਰਾਂ ਵਾਲੇ ਹਾਦਸਿਆਂ ਦਾ ਕਾਰਨ ਬਣ ਰਹੇ ਡਿਵਾਈਡਰ ਤੇ ਟੁੱਟੀਆਂ ਸੜਕਾਂ ਨੂੰ ਵਿਖਾਉਂਦੇ ਹੋਏ ਕਾਮਰੇਡ ਦਵਿੰਦਰ ਕੁਮਾਰ ਸੋਹਲ, ਕਿਸਾਨ ਆਗੂ ਬਲਜਿੰਦਰ ਸਿੰਘ ਕਾਲਾ, ਅਕਾਲੀ ਆਗੂ ਦਲਜੀਤ ਸਿੰਘ ਐਮਾ, ਮਨਜਿੰਦਰ ਸਿੰਘ ਐਮਾ ਨੇ ਕਿਹਾ ਕਿ ਥਾਂ-ਥਾਂ 'ਤੇ ਛੱਡੇ ਡਿਵਾਈਡਰਾਂ 'ਤੇ ਰਿਫਲੈਕਟਰ ਲਾਏ ਜਾਣ ਅਤੇ ਇਨ੍ਹਾਂ ਛੱਡੇ ਨੂੰ ਕੰਪਲੀਟ ਕੀਤਾ ਜਾਵੇ ਤਾਂ ਕਿ ਕਿਸੇ ਭਿਆਨਕ ਹਾਦਸੇ ਕਾਰਨ ਕਿਸੇ ਦਾ ਜਾਨੀ ਮਾਲੀ ਨੁਕਸਾਨ ਨਾ ਹੋ ਸਕੇ। ਇਸ ਸਬੰਧੀ ਜਦੋਂ ਸੜਕ ਬਣਾ ਰਹੀ ਕੰਪਨੀ ਦੇ ਇੰਚਾਰਜ ਸੰਦੀਪ ਮਲਕ ਅਤੇ ਇੰਜੀਨੀਅਰ ਜੋਗਿੰਦਰ ਸਿੰਘ ਸੰਧੂ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਬਕਾਇਦਾ ਜਿੱਥੇ ਜਿੱਥੇ ਡਿਵਾਈਡਰ ਬਣਾ ਕੇ ਛੱਡੇ ਹਨ ਉਥੇ ਬੋਰਡ ਲਗਾਏ ਗਏ ਸਨ ਪਰੰਤੂ ਰਾਤ ਸਮੇਂ ਲੋਕ ਚੋਰੀ ਕਰਕੇ ਲੈ ਗਏ ਅਤੇ ਹੋਰ ਵੀ ਸਾਡੇ ਵੱਲੋਂ ਲਗਾਏ ਗਏ ਸੋਲਰ ਲਾਈਟਾਂ ਵਾਲੇ ਰਿਫਲੈਕਟਰ ਵੀ ਚੋਰੀ ਕਰਕੇ ਲੋਕ ਲੈ ਗਏ ਹਨ ਜਿਸ ਸਬੰਧੀ ਅਸੀਂ ਬਕਾਇਦਾ ਪੁਲਸ ਥਾਣਾ ਝਬਾਲ ਵਿਖੇ ਦਰਖਾਸਤ ਦਿੱਤੀ ਹੋਈ ਹੈ। ਹੁਣ ਫਿਰ ਜਲਦੀ ਹੀ ਇਨ੍ਹਾਂ ਥਾਵਾਂ ਤੇ ਰਿਫਲੈਕਟਰ ਲਗਾਏ ਜਾਣਗੇ ਅਤੇ ਨਾਲ ਹੀ ਬੋਰਡ ਲਗਾਏ ਜਾਣਗੇ ਤਾਂ ਕਿ ਕੋਈ ਹਾਦਸਾ ਨਾ ਵਾਪਰੇ ਅਤੇ ਜਿੱਥੋਂ ਜਿੱਥੋਂ ਟੁੱਟੀ ਸੜਕ ਹੈ ਉਸਨੂੰ ਵੀ ਬਹੁਤ ਜਲਦੀ ਬਣਾ ਦਿੱਤਾ ਜਾਵੇਗਾ।



# ਬਾਬਾ ਪਿੰਡੀ ਵਾਲੇ ਦਾ ਦੋ ਰੋਜ਼ਾ ਮੇਲਾ ਭਲਕ ਤੋਂ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)— ਇਥੋਂ ਨਜ਼ਦੀਕੀ ਪਿੰਡ ਤਰਫਾਨ ਵਿਖੇ ਸਥਿਤ ਲੱਖ ਦਾਤਾ ਦੀ ਦਰਗਾਹ ਬਾਬਾ ਪਿੰਡੀ ਵਾਲੇ ਦਾ ਸਾਲਾਨਾ ਜੋੜ ਮੇਲਾ ਸਮੂਹ ਇਲਾਕੇ ਦੀ ਸੰਗਤ ਵੱਲੋਂ 3 ਅਤੇ 4 ਮਾਰਚ ਨੂੰ ਮਨਾਇਆ ਜਾ ਰਿਹਾ ਹੈ ਜਿਸ ਸਬੰਧੀ ਜਾਣਕਾਰੀ ਦਿੰਦਿਆਂ ਸਤਨਾਮ ਸਿੰਘ ਤਰਫਾਨ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਮਨਾਏ ਜਾਣ ਵਾਲੇ ਇਸ ਮੇਲੇ ਦੇ ਸਬੰਧੀ ਇਲਾਕੇ ਵਿੱਚ ਭਾਰੀ ਉਤਸ਼ਾਹ ਹੈ ਅਤੇ ਸੰਗਤਾਂ ਰੋਜ਼ਾਨਾ ਹੀ ਹਰ ਰੋਜ਼ ਤਨਦੇਹੀ ਨਾਲ ਸੇਵਾ ਕਰ ਰਹੀਆਂ ਹਨ।

ਉਨ੍ਹਾਂ ਦੱਸਿਆ ਕਿ ਮਨਾਏ ਜਾ ਰਹੇ ਦੋ ਦਿਨਾ ਸਾਲਾਨਾ ਜੋੜ ਮੇਲੇ ਦੇ ਸੰਬੰਧ ਵਿੱਚ 3 ਅਤੇ 4 ਮਾਰਚ ਨੂੰ ਸੰਗਤਾਂ ਵੱਡੀ ਗਿਣਤੀ ਵਿੱਚ ਪਹੁੰਚ ਕੇ ਆਪਣੀਆਂ ਸੁੱਖਣਾ ਲਾਹੁਣਗੀਆਂ ਅਤੇ ਦੋਵੇਂ ਦਿਨ ਹੀ ਭਾਰੀ ਦੀਵਾਨ ਸੱਜਣਗੇ।

4 ਮਾਰਚ ਦੀ ਸ਼ਾਮ ਨੂੰ ਗੁਰਦਾਸਪੁਰ ਤੇ ਅੰਮ੍ਰਿਤਸਰ ਦੀਆਂ ਟੀਮਾਂ ਵਿਚਾਲੇ ਕਬੱਡੀ ਦੇ ਮੈਚ ਕਰਵਾਏ ਜਾਣਗੇ। .

# ਭੇਟ ਪੱਤਣ ਬਿਆਸ ਦਰਿਆ 'ਚ ਸੰਗਤਾਂ ਨੇ ਬੇੜਾ ਛੁਡਾਇਆ

ਧਾਰੀਵਾਲ/ਹਰਚੋਵਾਲ (ਮਨਦੀਪ ਸਿੰਘ ਵਿੱਕੀ)-ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਖਡਿਆਲਾ ਸੈਣੀਆਂ ਤੋਂ ਹਰ ਸਾਲ ਪੈਦਲ ਯਾਤਰਾ 1 ਮਾਰਚ ਨੂੰ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਅਰਦਾਸਾਂ ਕਰ ਕੇ ਡੇਰਾ ਬਾਬਾ ਨਾਨਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚੋਲਾ ਸਹਿਬ ਦਰਸ਼ਨਾਂ ਨੂੰ 4 ਦਿਨ ਪੈਦਲ ਚੱਲਣ ਵਾਲੀਆਂ ਸੰਗਤਾਂ 2 ਮਾਰਚ ਨੂੰ ਭੇਟ ਪੱਤਣ ਪਹੁੰਚਦੀਆਂ ਹਨ ਪਰ ਜਿਨ੍ਹਾਂ ਸੰਗਤਾਂ ਦੀਆਂ ਪੈਦਲ ਯਾਤਰਾ ਵਿੱਚ ਸੁੱਖਣਾਂ ਪੂਰੀਆਂ ਹੁੰਦੀਆਂ ਹਨ ਜਿਵੇਂ ਕਿਸੇ ਘਰ ਬੱਚਾ ਪੈਦਾ ਨਾ ਹੋਣਾ ਜਾਂ ਨੌਕਰੀ ਮਿਲਣ, ਵਿਆਹ, ਵਿਦੇਸ਼ 'ਚ ਪੱਕੇ ਹੋਣਾ ਆਦਿ ਸੁੱਖਣਾਂ ਹੁੰਦੀਆਂ ਹਨ। ਬਿਆਸ ਦਰਿਆ 'ਤੇ ਆ ਕੇ ਦਰਿਆ ਤੇ ਬੇੜਾ ਛੁਡਾਉਂਦੇ ਹਨ। ਬਹੁਤ ਸਾਰੀਆਂ ਸੰਗਤਾਂ ਵੱਲੋਂ ਭੇਟ ਪੱਤਣ ਬਿਆਸ ਦਰਿਆ ਦੇ ਕੰਢੇ ਤੇ ਇੱਕ ਸਾਈਡ ਅਖੰਡ ਪਾਠਾਂ ਸਾਹਿਬ ਦੀਆਂ ਲੜੀਆਂ ਚਲਦੀਆਂ ਹਨ। ਇਨ੍ਹਾਂ ਸੰਗਤਾਂ ਦੀਆਂ ਸੁੱਖਣਾ ਪੂਰੀਆਂ ਹੋਈਆਂ ਹੁੰਦੀਆਂ ਹਨ। ਇਕ ਮਾਰਚ ਨੂੰ ਇਹ ਸੰਗਤਾਂ ਬਿਆਸ ਦਰਿਆ ਨੇੜੇ ਪਿੰਡ ਕੋਟਲੀ (ਜ਼ਿਲ੍ਹਾ ਹੁਸ਼ਿਆਰਪੁਰ) ਰਾਤ ਠਹਿਰਣ ਉਪਰੰਤ 2 ਮਾਰਚ ਨੂੰ ਬਿਆਸ ਦਰਿਆ ਪਾਰ ਕਰਕੇ ਕਸਬਾ ਹਰਚੋਵਾਲ ਵਿਖੇ ਵੱਡਾ ਗੁਰਦੁਆਰਾ ਗੁਰੂ ਨਾਨਕ ਦਰਬਾਰ ਸਾਹਿਬ ਰਾਤ ਨੂੰ ਸੰਗਤਾਂ ਆਰਾਮ ਕਰਦੀਆਂ ਹਨ। ਸੰਗਤਾਂ ਵਿੱਚ ਬਹੁਤ ਉਤਸਾਹ ਪਾਇਆ ਜਾਂਦਾ ਹੈ।



# ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ 'ਚ ਕਰਵਾਇਆ ਗ੍ਰੈਜੂਏਸ਼ਨ ਸਮਾਰੋਹ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰਸੀਪਲ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਲਿਟਲ ਸਪਰਾਊਟ ਦੇ ਵਿਦਿਆਰਥੀਆਂ ਦਾ ਗ੍ਰੈਜੂਏਸ਼ਨ ਸਮਾਰੋਹ ਬਹੁਤ ਹੀ ਉਤਸ਼ਾਹਪੂਰਵਕ ਕਰਵਾਇਆ ਗਿਆ। ਇਸ ਸਮਾਰੋਹ ਦੌਰਾਨ ਮੁੱਖ ਮਹਿਮਾਨ ਦੇ ਤੌਰ 'ਤੇ ਨਗਰ ਕੌਂਸਲ ਪ੍ਰਧਾਨ ਅਸ਼ਵਨੀ ਕੁਮਾਰ ਦੁੱਗਲ, ਪਾਵਰਕੌਮ ਸਬ ਡਵੀਜ਼ਨ ਧਾਰੀਵਾਲ ਦੇ ਐੱਸਡੀਓ ਜਤਿੰਦਰ ਸ਼ਰਮਾ, ਨਵਾਂ ਯੁਗ ਨਵੀਂ ਸੋਚ ਸੰਸਥਾ ਦੇ ਚੇਅਰਮੈਨ ਨੀਰਜ ਮਹਾਜਨ ਅਤੇ ਕੌਂਸਲਰ ਦੀਪਕ ਕੁਮਾਰ ਨੇ ਸ਼ਿਰਕਤ ਕੀਤੀ। ਸਮਾਰੋਹ ਦੀ ਸ਼ੁਰੂਆਤ ਆਏ ਹੋਏ ਮੁੱਖ ਮਹਿਮਾਨਾਂ ਦੁਆਰਾ ਸ਼ਮ੍ਹਾ ਰੌਸ਼ਨ ਕਰਕੇ ਕੀਤੀ ਗਈ। ਇਸ ਸਮਾਰੋਹ ਦੌਰਾਨ ਛੋਟੇ-ਛੋਟੇ ਬੱਚਿਆਂ ਨੇ ਬਹੁਤ ਹੀ ਸੋਹਣਾ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਜਿਸ ਵਿੱਚ ਉਨ੍ਹਾਂ ਵੱਲੋਂ ਲੋਕ ਨਾਚ ਪੇਸ਼ ਕੀਤਾ ਗਿਆ ਅਤੇ ਸਭ ਦਾ ਦਿਲ ਮੋਹ ਲਿਆ। ਮੁੱਖ ਮਹਿਮਾਨਾਂ ਵੱਲੋਂ ਸਕੂਲ ਦੇ ਸਮੂਹ ਸਟਾਫ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਸਕੂਲ ਦਾ ਸਟਾਫ ਬਹੁਤ ਹੀ ਮਿਹਨਤੀ ਹੈ। ਇਸ ਸਕੂਲ ਵਿੱਚ ਬੱਚਿਆਂ ਦੇ ਭਵਿੱਖ ਨੂੰ ਉੱਜਵਲ ਕਰਨ ਲਈ ਪੂਰਨ ਮਿਹਨਤ ਕੀਤੀ ਜਾਂਦੀ ਹੈ। ਪ੍ਰਿੰ. ਕਿਰਨ ਕੇਸਰ ਦੇ ਮਾਰਗਦਰਸ਼ਨ ਨਾਲ ਵਿਦਿਆਰਥੀ ਆਪਣੇ ਜੀਵਨ ਵਿੱਚ ਸਫਲਤਾ ਪ੍ਰਾਪਤ ਕਰਨਗੇ ਅਤੇ ਸਕੂਲ ਦਿਨ ਦੁੱਗਣੀ ਅਤੇ ਰਾਤ ਚੌਗੁਣੀ ਤਰੱਕੀ ਕਰੇਗਾ। ਸਕੂਲ ਵਿੱਚ ਆਏ ਹੋਏ ਬੱਚਿਆਂ ਦੇ ਮਾਪਿਆਂ ਨੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਦੀ ਮਿਹਨਤ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਅਸੀਂ ਬਹੁਤ ਮਾਣ ਮਹਿਸੂਸ ਕਰਦੇ ਹਾਂ ਕਿ ਸਾਡੇ ਬੱਚੇ ਇਸ ਸਕੂਲ ਤੋਂ ਵਿੱਦਿਆ ਪ੍ਰਾਪਤ ਕਰ ਰਹੇ ਹਨ।



# ਦੇਸ਼ ਭਗਤ ਯਾਦਗਾਰ ਹਾਲ ਵੱਲੋਂ ਨਵਜੋਤ ਢਿੱਲੋਂ ਦਾ ਸਨਮਾਨ



**ਜਲੰਧਰ (ਕੇਸਰ)** ਕਨੇਡਾ ਦੇ ਮੀਡੀਆ ਦੀ ਜਾਣੀ ਪਹਿਚਾਣੀ ਆਵਾਜ਼ ਨਵਜੋਤ ਢਿੱਲੋਂ ਕਨੇਡਾ ਤੋਂ ਆਉਂਦੇ ਸਾਰ ਜਦੋਂ ਆਪਣੀ ਸਹੇਲੀ ਰਮਨਪ੍ਰੀਤ ਨਾਲ ਦੇਸ਼ ਭਗਤ ਯਾਦਗਾਰ ਹਾਲ ਆਏ ਤਾਂ ਦੇਸ ਭਗਤ ਯਾਦਗਾਰ ਕਮੇਟੀ ਵੱਲੋਂ ਉਹਨਾਂ ਨੂੰ ਕਿਤਾਬਾਂ ਦੇ ਸੈੱਟ ਨਾਲ ਸਨਮਾਨਿਤ ਕੀਤਾ। ਇਸ ਮੌਕੇ ਦੇਸ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਕਮੇਟੀ ਮੈਂਬਰ ਮੰਗਤ ਰਾਮ ਪਾਸਲਾ, ਸੁਰਿੰਦਰ ਕੁਮਾਰੀ ਕੋਛੜ, ਪ੍ਰਗਟ ਸਿੰਘ ਜਾਮਾਰਾਏ ਹਾਜ਼ਰ ਸਨ। ਦੇਸ ਭਗਤ ਯਾਦਗਾਰ ਹਾਲ ਅੰਦਰ ਨਵਜੋਤ ਢਿੱਲੋਂ ਨਾਲ ਅਨੇਕਾਂ ਭਖਦੇ ਮੁੱਦਿਆਂ 'ਤੇ ਗੰਭੀਰ ਵਿਚਾਰਾਂ ਹੋਈਆਂ। ਇਤਿਹਾਸ, ਵਿਰਾਸਤ, ਜੁਆਨੀ, ਨੈਤਿਕ ਕਦਰਾਂ ਕੀਮਤਾਂ, ਮੁਲਕ ਦੀ ਅਜੋਕੀ ਹਾਲਤ ਅਤੇ ਭਵਿੱਖ ਦੀ ਬੁੱਕਲ 'ਚ ਸਮੋਏ ਕਾਰਪੋਰੇਟ ਘਰਾਣਿਆਂ ਦੇ ਮਨਸੂਬੇ ਅਤੇ ਫਿਰਕੂ ਫਾਸ਼ੀ ਹੱਲਿਆਂ ਦੇ ਖਤਰਿਆਂ ਬਾਰੇ ਮੰਥਨ ਕੀਤਾ ਗਿਆ। ਜਾਣੇ ਪਹਿਚਾਣੇ ਪੱਤਰਕਾਰ, ਲੇਖਕ, ਫਿਲਮਸਾਜ਼ ਬਖਸ਼ਿੰਦਰ ਦੀ ਧੀ ਨਵਜੋਤ ਦੇਸ ਭਗਤ ਯਾਦਗਾਰ ਹਾਲ ਅੰਦਰ ਗਦਰੀ ਬਾਬਿਆਂ ਅਤੇ ਉਹਨਾਂ ਦੇ ਵਾਰਸਾਂ ਦੀ ਬੁੱਕਲ ਵਿਚ ਜੁਆਨ ਹੋਈ। ਉਹ ਅੱਜ ਕੱਲ੍ਹ ਕਨੇਡਾ ਵਿੱਚ ਮੀਡੀਆ ਦੇ ਕੇਂਦਰ ਵਿੱਚ ਬਹੁਤ ਹੀ ਸੂਖਮ ਮੁੱਦਿਆਂ ਉਪਰ ਸੰਵਾਦ ਰਚਾਉਣ ਦਾ ਨਿਰੰਤਰ ਕਾਰਜ ਕਰਦੇ ਆ ਰਹੇ ਹਨ।

# ਸਰਕਾਰੀ ਸਮਾਰਟ ਸੀਨੀ. ਸੈਕੰ. ਸਕੂਲ ਮੂਸਾਪੁਰ 'ਚ ਇਨਾਮ ਵੰਡ ਸਮਾਗਮ ਕਰਵਾਇਆ



**ਨਵਾਂਸ਼ਹਿਰ, ਬਹਿਰਾਮ ( ਕੁਲਵਿੰਦਰ ਸਿੰਘ ਦੁਰਗਾਪੁਰੀਆ, ਅਵਤਾਰ ਕਲੇਰ)**-ਤਰਕਸ਼ੀਲ ਸੁਸਾਇਟੀ ਪੰਜਾਬ ਰਜਿ ਇਕਾਈ ਬੰਗਾ ਵਲੋਂ ਸਸਸਸ ਮੂਸਾਪੁਰ ਵਿਖੇ ਇਨਾਮ ਵੰਡ ਸਮਾਗਮ ਕੀਤਾ ਗਿਆ। ਮਾਸਟਰ ਜਗਦੀਸ਼ ਰਾਏ ਪੁਰ ਡੱਬਾ ਨੇ ਦੱਸਿਆ ਕਿ ਚੇਤਨਾ ਪਰਖ ਪ੍ਰੀਖਿਆ ਕਰਾਉਣ ਦਾ ਮੁੱਖ ਮੰਤਵ ਵਿਦਿਆਰਥੀਆਂ ਦੀ ਸੋਚ ਨੂੰ ਵਿਗਿਆਨਕ ਬਣਾਉਣਾ ਅਤੇ ਉਨ੍ਹਾਂ ਨੂੰ ਅੰਧਵਿਸ਼ਵਾਸਾਂ, ਵਹਿਮਾਂ ਭਰਮਾਂ ਵਿੱਚੋਂ ਬਾਹਰ ਕੱਢਣਾ ਹੈ ਤਾਂ ਕਿ ਉਹ ਆਪਣੀ ਪੜ੍ਹਾਈ ਭੂਤਾਂ, ਪ੍ਰੇਤਾਂ, ਆਤਮਾਵਾਂ,ਜਾਦੂ ਟੂਣਿਆਂ ਦੇ ਡਰ ਤੋਂ ਮੁਕਤ ਹੋ ਕੇ ਕਰ ਸਕਣ । ਉਹਨਾਂ ਵਿਦਿਆਰਥੀਆਂ ਨੂੰ ਦੱਸਿਆ ਕਿ ਸਾਡੇ ਅਸਲ ਨਾਇਕ ਉਹ ਵਿਗਿਆਨੀ ਹਨ ਜਿਨ੍ਹਾਂ ਨੇ ਸਾਡੀਆਂ ਸੁੱਖ ਸਹੂਲਤਾਂ ਪੂਰੀਆਂ ਕਰਨ ਲਈ ਅਣਗਿਣਤ ਖੋਜਾਂ ਕੀਤੀਆਂ ਸਾਡੇ ਹੀਰੋ ਉਹ ਹਨ ਜਿਨ੍ਹਾਂ ਦੇਸ ਖਾਤਰ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ। ਮੁਕੰਦ ਲਾਲ ਨੇ ਜਾਦੂ ਟਰਿੱਕਾਂ ਰਾਹੀਂ ਜਾਦੂ ਪ੍ਰਤੀ ਸ਼ੰਕਿਆਂ ਨੂੰ ਦੂਰ ਕੀਤਾ। ਉਹਨਾਂ ਦੱਸਿਆ ਕਿ ਇਹ ਗਰੀਬੀ,ਬੇਰੋਜਗਾਰੀ, ਮਹਿੰਗਾਈ ਅਤੇ ਹੋਰ ਤੰਗੀਆਂ ਤੁਰਸ਼ੀਆਂ ਸਾਡੀ ਕਿਸਮਤ ਵਿੱਚ ਧੁਰੋਂ ਲਿਖੀਆਂ ਨਹੀਂ ਆਈਆਂ ਸਗੋਂ ਇਹ ਸਾਡੇ ਦੇਸ਼ ਦੀ ਭ੍ਰਿਸ਼ਟ ਸਿਆਸਤ ਦੇ ਸਿੱਟੇ ਵਜੋਂ ਹਨ। ਲੋਕਾਂ ਦੀ ਕਿਸਮਤ ਸਿਆਸਤਦਾਨਾਂ ਵੱਲੋਂ ਦੇਸ਼ ਦੀ ਲੋਕ ਸਭਾ ਅਤੇ ਵਿਧਾਨ ਸਭਾਵਾਂ ਵਿੱਚ ਲਿਖੀ ਜਾਂਦੀ ਹੈ, ਜਿਸ ਉਪਰੰਤ ਤਰਕਸ਼ੀਲ ਸੁਸਾਇਟੀ ਵੱਲੋਂ ਉੱਘੇ ਜੀਵ ਵਿਗਿਆਨੀ ਚਾਰਲਸ ਡਾਰਵਿਨ ਨੂੰ ਸਮਰਪਿਤ ਕਰਵਾਈ ਪੰਜਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿੱਚੋਂ ਜੇਤੂ ਵਿਦਿਆਰਥੀਆਂ ਨੂੰ ਇਨਾਮ ਅਤੇ ਸਨਮਾਨ ਪੱਤਰ ਦਿੱਤੇ ਗਏ। ਸਕੂਲ ਦੇ ਪ੍ਰਿੰਸੀਪਲ ਅਤੇ ਹੋਰ ਸਟਾਫ ਮੈਂਬਰਾਂ ਨੂੰ ਵੀ ਪ੍ਰੀਖਿਆ ਨੂੰ ਸਫਲ ਬਣਾਉਣ ਲਈ ਦਿੱਤੇ ਸਹਿਯੋਗ ਲਈ ਸਨਮਾਨ ਪੱਤਰਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਕੂਲ ਇੰਚਾਰਜ ਰਵੀ ਕੁਮਾਰ ਬਸਰਾ, ਮਾ. ਟੋਡਰ ਮੱਲ ਅਤੇ ਮੈਡਮ ਹਰਜੀਤ ਕੌਰ ਵੱਲੋਂ ਤਰਕਸ਼ੀਲ ਸੁਸਾਇਟੀ ਦੇ ਸਮੁੱਚੇ ਕੰਮਕਾਰ ਦੀ ਸ਼ਲਾਘਾ ਕੀਤੀ। ਅੱਗੇ ਤੋਂ ਹੋਰ ਵੀ ਵੱਧ ਵਿਦਿਆਰਥੀਆਂ ਨੂੰ ਪਰਖ ਪ੍ਰੀਖਿਆ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਗਿਆ। ਉਹਨਾਂ ਕਿਹਾ ਕਿ ਅਜੋਕੇ ਸਮੇਂ ਵਿਦਿਆਰਥੀਆਂ ਲਈ ਇਹੋ ਜਿਹੀਆਂ ਪ੍ਰੀਖਿਆਵਾਂ ਬਹੁਤ ਹੀ ਮਹੱਤਵਪੂਰਨ ਹਨ। ਅੰਤ ਵਿੱਚ ਉਹਨਾਂ ਆਏ ਤਰਕਸ਼ੀਲ ਆਗੂਆਂ ਦਾ ਧੰਨਵਾਦ ਕੀਤਾ। ਇਸ ਮੌਕੇ ਮਾ. ਸੋਮਨਾਥ, ਮਾ. ਸੁਖਵਿੰਦਰ ਕੁਮਾਰ, ਅਮਰਜੀਤ ਸਿੰਘ ਪੀ ਟੀ, ਮੈਡਮ ਪ੍ਰਦੀਪ ਕੌਰ, ਮੈਡਮ ਰਣਜੀਤ ਕੌਰ, ਮਾ. ਅਮਨਦੀਪ ਸਿੰਘ, ਮਾ. ਰਾਜਵਿੰਦਰ ਸਿੰਘ, ਮੈਡਮ ਅਮਨਦੀਪ ਕੌਰ, ਮੈਡਮ ਪ੍ਰਿਆ ਅਤੇ ਸੁਨੀਤਾ ਰਾਣੀ ਆਦਿ ਸਨ ।

# ਆਲ ਇੰਡੀਆ ਯੂਥ ਐਂਡ ਸਟੂਡੈਂਟਸ ਫੋਰਮ ਦੀ ਦੇਸ਼ ਭਗਤ ਯਾਦਗਾਰ ਹਾਲ 'ਚ ਆਮਦ



**ਜਲੰਧਰ (ਕੇਸਰ)**-ਨੈਸ਼ਨਲ ਅਲਾਈਂਸ ਆਫ਼ ਪੀਪਲਜ਼ ਮੂਵਮੈਂਟ ਤਾਮਿਲਨਾਡੂ, ਚੇਨਈ, ਆਸਾਮ, ਝਾਰਖੰਡ, ਜੇ.ਕੇ. ਆਦਿ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚੋਂ 70 ਦੇ ਕਰੀਬ ਵਿਦਿਆਰਥੀ ਅਤੇ ਸਮਾਜਸੇਵੀਆਂ ਸਮੇਤ ਆਲ ਇੰਡੀਆ ਯੂਥ ਐਂਡ ਸਟੂਡੈਂਟਸ ਫੋਰਮ ਦੇ ਪ੍ਰਤੀਨਿਧ ਦੇਸ਼ ਭਗਤ ਯਾਦਗਾਰ ਹਾਲ ਵਿਖੇ ਆਏ। ਲਾਇਬ੍ਰੇਰੀ, ਮਿਊਜ਼ੀਅਮ ਅਤੇ ਸਟੂਡੀਓ ਵਿੱਚ ਡਾਕੂਮੈਂਟਰੀ ਦੇਖਣ ਤੋਂ ਬਾਅਦ ਉਨ੍ਹਾਂ ਨੂੰ ਭੈਣ ਸੁਰਿੰਦਰ ਕੁਮਾਰੀ ਕੋਛੜ, ਪ੍ਰੋ. ਜਗਮੋਹਨ ਸਿੰਘ, ਚਰੰਜੀ ਲਾਲ ਕੰਗਣੀਵਾਲ ਅਤੇ ਡਾ. ਸੈਲੇਸ਼ ਨੇ ਦੇਸ਼ ਭਗਤ ਯਾਦਗਾਰ ਹਾਲ ਦੇ ਇਤਿਹਾਸ ਅਤੇ ਦੇਸ਼ ਦੀ ਆਜ਼ਾਦੀ ਵਿੱਚ ਇਨਕਲਾਬੀ ਧਿਰਾਂ ਦੀ ਭੂਮਿਕਾ ਬਾਰੇ ਜਾਣਕਾਰੀ ਦਿੱਤੀ। ਵਿਦਿਆਰਥੀਆਂ ਅੰਦਰ ਮਿਊਜ਼ੀਅਮ ਵਿਚਲੀਆਂ ਤਸਵੀਰਾਂ, ਪੇਂਟਿੰਗ ਅਤੇ ਦੇਸ਼ ਭਗਤ ਯਾਦਗਾਰ ਦੇ ਇਤਿਹਾਸ ਦੀ ਦਸਤਾਵੇਜ਼ੀ ਫ਼ਿਲਮ ਦੇਖ ਕੇ ਹੁੱਲਾਸ ਅਤੇ ਭਾਵਨਾਤਮਿਕਤਾ ਸੀ। ਇਨ੍ਹਾਂ ਦੀ ਅਗਵਾਈ ਕੋਆਰਡੀਨੇਟਰ ਬੀਬੀ ਮੀਰਾਂ ਅਤੇ ਅਦਿਤੀਆ ਕਰ ਰਹੇ ਸਨ।

# ਮਲਕਪੁਰ, ਧਰਮਗੜ੍ਹ, ਚੰਡਿਆਲਾ, ਰਾਜੋਮਾਜਰਾ ਤੇ ਵਾਰਡ ਨੰ: 1, 7, 4 ਵਿਖੇ ਲਗਾਏ ਕੈਂਪ

ਡੇਰਾਬੱਸੀ, 1 ਮਾਰਚ (ਗੁਰਜੀਤ ਬਿੱਲਾ)—ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ 'ਆਪ ਦੀ ਸਰਕਾਰ ਆਪ ਦੇ ਦੁਆਰ' ਮੁਹਿੰਮ ਤਹਿਤ ਲੋਕਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਅਤੇ ਹੋਰ ਸਹੂਲਤਾਂ ਪ੍ਰਦਾਨ ਕਰਨ ਲਈ ਵੱਖ-ਵੱਖ ਵਾਰਡਾਂ/ਪਿੰਡਾਂ ਵਿੱਚ ਸੁਵਿਧਾ ਕੈਂਪ ਲਗਾਏ ਜਾ ਰਹੇ ਹਨ, ਇਸੇ ਲੜੀ ਤਹਿਤ ਡੇਰਾਬੱਸੀ ਸਬ-ਡਵੀਜ਼ਨ ਦੇ ਪਿੰਡ ਮਲਕਪੁਰ, ਧਰਮਗੜ੍ਹ, ਚੰਡਿਆਲਾ, ਰਾਜੋਮਾਜਰਾ ਅਤੇ ਵਾਰਡ ਨੰ:1, 7 ,4 ਵਿਖੇ ਕੈਂਪ ਲਗਾਏ ਗਏ। ਐਸ.ਡੀ.ਐਮ. ਡੇਰਾਬਸੀ ਹਿਮਾਂਸ਼ੂ ਗੁਪਤਾ ਨੇ ਦੱਸਿਆ ਕਿ ਕੈਂਪ ਦੌਰਾਨ ਸੂਬੇ ਦੇ ਆਮ ਲੋਕਾਂ ਨੂੰ ਸਰਕਾਰੀ ਕੰਮ ਕਰਵਾਉਣ ਸਮੇਂ ਲੋਕਾਂ ਦੇ ਜੀਵਨ ਵਿਚ ਆ ਰਹੀਆਂ ਮੁਸ਼ਕਿਲਾਂ ਨੂੰ ਦੂਰ ਕਰਨ ਲਈ ਸਰਕਾਰ ਵਲੋਂ ਸ਼ੁਰੂ ਕੀਤੇ ਗਏ ਸੁਵਿਧਾ ਕੈਂਪਾਂ ਲੋਕਾਂ ਲਈ ਵਰਦਾਨ ਸਾਬਤ ਹੋ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਹਰ ਜ਼ਿਲ੍ਹੇ ਦੀ ਤਰ੍ਹਾਂ ਮੋਹਾਲੀ ਜ਼ਿਲ੍ਹੇ ਦੇ ਡੇਰਾਬਸੀ ਸਬ ਡਵੀਜਨ ਵਿਚ ਆਪ ਦੀ ਸਰਕਾਰ, ਆਪ ਦੇ ਦੁਆਰ ਮੁਹਿੰਮ ਤਹਿਤ ਵੱਖ-ਵੱਖ ਪਿੰਡਾਂ ਤੇ ਸ਼ਹਿਰਾਂ ਦੇ ਵਾਰਡਾਂ 'ਚ ਲੋਕ ਸੁਵਿਧਾ ਕੈਂਪ ਚੱਲ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਦਫਤਰਾਂ 'ਚ ਖੱਜਲ-ਖੁਆਰ ਹੋਣ ਦੀ ਲੋੜ ਨਹੀਂ, ਲੋਕ ਆਪਣੇ ਕੰਮ ਆਪਣੇ ਘਰਾਂ 'ਚ ਬੈਠੇ ਹੀ ਕਰਵਾ ਸਕਦੇ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਹੁਣ ਇਹ ਕੈਂਪ ਲਗਭਗ ਖਤਮ ਹੋਣ ਵਾਲੇ ਹਨ ਅਤੇ ਇਨ੍ਹਾਂ ਕੈਂਪਾਂ ਦਾ ਵੱਧ ਤੋਂ ਵੱਧ ਲਾਹਾ ਲੈ ਕੇ ਆਪਣੇ ਕੰਮ ਕਰਵਾ ਲਏ ਜਾਣ ਤਾਂ ਜੋ ਘਰ ਬੈਠੇ ਹੀ ਕੰਮ ਕਰਵਾਉਣ ਨਾਲ ਉਨ੍ਹਾਂ ਦਾ ਕੀਮਤੀ ਸਮਾਂ ਵੀ ਬਚ ਸਕੇ। ਉਨ੍ਹਾਂ ਇਹ ਵੀ ਦੱਸਿਆ ਕਿ ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਸੇਵਾਵਾਂ ਹਾਸਲ ਕਰਨ ਲਈ ਹੈਲਪ ਲਾਈਨ ਨੰਬਰ 1076 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ। ਇਨ੍ਹਾਂ ਕੈਂਪਾਂ ਵਿੱਚ ਜਨਮ ਸਰਟੀਫਿਕੇਟ, ਆਮਦਨ ਸਰਟੀਫਿਕੇਟ, ਰਿਹਾਇਸ਼ ਸਰਟੀਫਿਕੇਟ, ਅਨੁਸੂਚਿਤ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਸਰਟੀਫਿਕੇਟ, ਬੁਢਾਪਾ, ਦਿਵਯਾਂਗ ਅਤੇ ਆਸ਼ਰਿਤ ਪੈਨਸ਼ਨ, ਜਨਮ ਸਰਟੀਫਿਕੇਟ 'ਚ ਨਾਂਅ ਦੀ ਤਬਦੀਲੀ, ਬਿਜਲੀ ਦੇ ਬਿੱਲਾਂ ਦੇ ਭੁਗਤਾਨ, ਮਾਲ ਵਿਭਾਗ ਸਬੰਧੀ ਰਿਕਾਰਡ ਦੀ ਪੜਤਾਲ, ਵਿਆਹ ਦੀ ਰਜਿਸਟ੍ਰੇਸ਼ਨ, ਮੌਤ ਦੇ ਸਰਟੀਫਿਕੇਟ ਦੀ ਇਕ ਤੋਂ ਵੱਧ ਕਾਪੀਆਂ, ਪੇਂਡੂ ਖੇਤਰ ਸਰਟੀਫਿਕੇਟ, ਫਰਦ ਬਣਾਉਣੀ, ਸ਼ਗਨ ਸਕੀਮ, ਜ਼ਮੀਨ ਦੀ ਨਿਸ਼ਾਨਦੇਹੀ,ਐੱਨ.ਆਰ. ਆਈ. ਦੇ ਸਰਟੀਫਿਕੇਟਾਂ ਦੇ ਕਾਊਂਟਰ ਦਸਤਖ਼ਤ, ਪੁਲਿਸ ਕਲੀਅਰੈਂਸ ਸਰਟੀਫਿਕੇਟ ਦੇ ਕਾਊਂਟਰ ਦਸਤਖ਼ਤ, ਮੌਤ ਸਰਟੀਫਿਕੇਟ 'ਚ ਤਬਦੀਲੀ ਆਦਿ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।

# ਵੈਟਰਨਰੀ ਵਿਭਾਗ ਦੇ ਦਰਜਾ ਚਾਰ ਮੁਲਾਜ਼ਮ ਪਰਵਾਰਾਂ ਸਮੇਤ ਭਲਕੇ ਕਰਨਗੇ ਮੰਤਰੀ ਦੇ ਹਲਕੇ 'ਚ ਮਹਾਰੈਲੀ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਪੇਂਡੂ ਵੈਟਰਨਰੀ ਵਿਭਾਗ ਦਰਜਾ ਚਾਰ ਯੂਨੀਅਨ ਹੁਸ਼ਿਆਰਪੁਰ ਦੇ ਮੁਲਾਜ਼ਮਾਂ ਦੇ ਪ੍ਰਧਾਨ ਨਰਿੰਦਰ ਕੁਮਾਰ ਨੇ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਅਸੀਂ 2006 ਤੋਂ ਵੈਟਨਰੀ ਵਿਭਾਗ ਦੇ ਪੇਂਡੂ ਹਸਪਤਾਲਾਂ ਵਿੱਚ ਬਹੁਤ ਹੀ ਘੱਟ ਤਨਖਾਹਾਂ 'ਤੇ ਆਪਣੀਆਂ ਡਿਊਟੀਆਂ ਨਿਭਾ ਰਹੇ ਹਾਂ। ਉਨ੍ਹਾਂ ਦੋਸ਼ ਲਾਇਆ ਕਿ ਹੁਣ ਤੱਕ ਕਿਸੇ ਵੀ ਸਰਕਾਰ ਨੇ ਸਾਡੀ ਸਾਰ ਨਹੀਂ ਲਈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਸਾਡੀ ਜਥੇਬੰਦੀ ਨਾਲ ਵਾਅਦਾ ਕੀਤਾ ਸੀ ਕਿ ਜਾਇਜ਼ ਮੰਗਾਂ ਮੰਨ ਕੇ ਤੁਹਾਨੂੰ ਰੈਗੂਲਰ ਕਰ ਦਿੱਤਾ ਜਾਵੇਗਾ ਤੇ ਮਹਿਕਮੇ ਵਿੱਚ ਖਾਲੀ ਪਈਆਂ 1183 ਪੋਸਟਾਂ ਤੇ ਤੁਹਾਡੇ ਤਜਰਬੇ ਨੂੰ ਮੁੱਖ ਰੱਖ ਕੇ ਪਹਿਲ ਦੇ ਅਧਾਰ 'ਤੇ ਤੁਹਾਨੂੰ ਭਰਤੀ ਕੀਤਾ ਜਾਵੇਗਾ। ਪ੍ਰੰਤੂ ਹੁਣ ਤੱਕ ਸਰਕਾਰ ਨੇ ਸਾਡੇ ਜਥੇਬੰਦੀ ਨਾਲ ਗੱਲਬਾਤ ਕਰਕੇ ਜਥੇਬੰਦੀ ਦੀਆਂ ਮੰਗਾਂ ਨੂੰ ਪੂਰਾ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਸੂਬਾ ਜਥੇਬੰਦੀ ਦੇ ਸੱਦੇ ਅਨੁਸਾਰ ਮਜਬੂਰੀ ਵੱਸ ਸਾਨੂੰ ਸੰਘਰਸ਼ ਦਾ ਰਸਤਾ ਅਖਤਿਆਰ ਕਰਨਾ ਪੈ ਰਿਹਾ ਹੈ। ਸੂਬਾ ਜਥੇਬੰਦੀ ਦੀ ਕਾਲ 'ਤੇ ਅਸੀਂ ਆਪਣੇ ਪਰਵਾਰਾਂ ਸਮੇਤ 3



ਮਾਰਚ ਨੂੰ ਪਸ਼ੂ ਪਾਲਣ ਮੰਤਰੀ ਗੁਰਮੀਤ ਸਿੰਘ ਖੁੱਡੀਆ ਦੇ ਹਲਕੇ ਵਿੱਚ ਰੋਸ ਰੈਲੀ ਕਰਾਂਗੇ ਤੇ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਦਰਜਾ ਚਾਰ ਮੁਲਾਜ਼ਮ ਸਾਮਲ ਹੋਣਗੇ। ਇਸ ਮੌਕੇ ਵਾਈਸ ਪ੍ਰਧਾਨ ਸੰਤੋਸ਼ ਕੁਮਾਰ, ਪਵਨ ਕੁਮਾਰ, ਜਰਨੈਲ ਸਿੰਘ, ਵਿਜੇ ਕੁਮਾਰ, ਪਰਸ਼ੋਤਮ ਲਾਲ ਅਤੇ ਹੋਰ ਸਾਥੀ ਹਾਜ਼ਰ ਸਨ।

# ਸ਼ੁਭਕਰਨ ਦੇ ਕਤਲ ਦਾ ਮਾਮਲਾ ਅਮਿਤ ਸ਼ਾਹ, ਖੱਟਰ ਤੇ ਵਿੱਜ ਵਿਰੁੱਧ ਦਰਜ ਕਰਨ ਦੀ ਮੰਗ

**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ )**-ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੇ ਪੰਜਾਬ ਸਰਕਾਰ ਵੱਲੋਂ ਸ਼ੁਭਕਰਨ ਸਿੰਘ ਦੇ ਕਤਲ ਦਾ ਮਾਮਲਾ ਅਣਪਛਾਤਿਆਂ ਉੱਤੇ ਦਰਜ ਕਰਨ ਦੇ ਅਮਲ ਨੂੰ ਸਿਰੇ ਤੋਂ ਨਕਾਰਦਿਆਂ ਇਹ ਕਤਲ ਦਾ ਮਾਮਲਾ ਅਸਲ ਦੋਸ਼ੀਆਂ ਦੇ ਨਾਂਅ ਉੱਤੇ ਦਰਜ ਕਰਨ ਦੀ ਮੰਗ ਕੀਤੀ ਹੈ। ਮੋਦੀ ਸਰਕਾਰ ਦੇ ਜਬਰ ਵਿਰੁੱਧ ਤੇ ਸ਼ੁਭਕਰਨ ਸਿੰਘ ਦੇ ਕਤਲ ਤੇ ਹੋਰ ਕਿਸਾਨਾਂ ਤੇ ਅੰਨਾਂ ਤਸ਼ੱਦਦ ਢਾਹੁਣ ਲਈ ਜਿੰਮੇਵਾਰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ,ਹਰਿਆਣਾ ਦੇ ਗ੍ਰਹਿ ਮੰਤਰੀ ਅਨਿਲ ਵਿੱਜ ਵਿਰੁੱਧ ਪੰਜਾਬ ਸਰਕਾਰ ਵੱਲੋਂ ਧਾਰਾ 302 ਅਤੇ 307 ਤਹਿਤ ਮੁਕੱਦਮਾ ਦਰਜ ਕਰਨ, ਭੰਨੇ ਵਾਹਨਾਂ ਦਾ ਮੁਆਵਜਾ ਦੇਣ ਦੀ ਮੰਗ ਨੂੰ ਲੈ ਕੇ ਨਵਾਂਸ਼ਹਿਰ ਵਿਚ ਰੋਸ ਮਾਰਚ ਕੱਢਿਆ ਗਿਆ। ਇਸ ਤੋਂ ਪਹਿਲਾਂ ਸਥਾਨਕ ਬਾਰਾਂਦਰੀ ਬਾਗ ਵਿਖੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪ੍ਰਧਾਨ ਸੁਰਿੰਦਰ ਸਿੰਘ ਬੈਂਸ, ਸੂਬਾ ਕਮੇਟੀ ਮੈਂਬਰ ਭੁਪਿੰਦਰ ਸਿੰਘ ਵੜੈਚ, ਜ਼ਿਲ੍ਹਾ ਸਕੱਤਰ ਤਰਸੇਮ ਸਿੰਘ ਬੈਂਸ, ਜਿਲਾ ਮੀਤ ਪ੍ਰਧਾਨ ਸੋਹਨ ਸਿੰਘ ਅਟਵਾਲ ,ਇਸਤਰੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਸੁਰਜੀਤ ਕੌਰ ਉਟਾਲ,ਇਸਤਰੀ ਜਾਗ੍ਰਿਤੀ ਮੰਚ ਦੇ ਸੂਬਾ ਪ੍ਰਧਾਨ ਗੁਰਬਖਸ਼ ਕੌਰ ਸੰਘਾ, ਇਫਟੂ ਦੇ ਸੂਬਾ ਆਗੂ ਅਵਤਾਰ ਸਿੰਘ ਤਾਰੀ,ਪ੍ਰਵਾਸੀ ਮਜਦੂਰ ਯੂਨੀਅਨ ਦੇ ਆਗੂ ਪਰਵੀਨ ਕੁਮਾਰ ਨਿਰਾਲਾ ਨੇ ਕਿਹਾ ਕਿ ਮੋਦੀ ਸਰਕਾਰ ਅਤੇ ਹਰਿਆਣਾ ਸਰਕਾਰ ਫਾਸ਼ੀਵਾਦੀ ਹੱਥਕੰਡੇ ਵਰਤਦਿਆਂ ਆਪਣੇ ਹੀ ਨਾਗਰਿਕਾਂ ਦੇ ਕਤਲ ਕਰਨ ਤੇ ਉਤਰ ਆਈ ਹੈ। ਕਿਸਾਨ ਜਮਹੂਰੀ ਢੰਗ ਤਰੀਕਿਆਂ ਨਾਲ ਆਪਣਾ ਸੰਘਰਸ਼ ਲੜ ਰਹੇ ਹਨ ,ਉਹ ਦਿੱਲੀ ਜਾਣਾ ਚਾਹੁੰਦੇ ਹਨ ਪਰ ਹਰਿਆਣਾ ਦੀ ਖੱਟਰ ਸਰਕਾਰ ਨੇ ਉਹਨਾਂ ਦੇ ਰਾਹਾਂ ਵਿਚ ਅਜਿਹੀਆਂ ਰੋਕਾਂ ਖੜੀਆਂ ਕਰ ਦਿੱਤੀਆਂ ਹਨ ਜੋ ਦੁਸ਼ਮਣ ਦੇਸ਼ਾਂ ਦੀਆਂ ਆਪਸੀ ਸਰਹੱਦਾਂ ਉੱਤੇ ਵੀ ਨਹੀਂ ਹੁੰਦੀਆਂ। ਅੰਦੋਲਨਕਾਰੀ ਕਿਸਾਨਾਂ ਉੱਤੇ ਕਹਿਰ ਢਾਹੁਣ ਲਈ ਜੇਕਰ ਕੇਂਦਰ ਦੀ ਮੋਦੀ ਸਰਕਾਰ ਅਤੇ ਹਰਿਆਣਾ ਦੀ ਖੱਟਰ ਸਰਕਾਰ ਜਿੰਮੇਵਾਰ ਹਨ ਤਾਂ



ਇਸਦੇ ਲਈ ਪੰਜਾਬ ਦੀ ਮਾਨ ਸਰਕਾਰ ਨੂੰ ਵੀ ਦੋਸ਼-ਮੁਕਤ ਨਹੀਂ ਕੀਤਾ ਜਾ ਸਕਦਾ । ਪੰਜਾਬ ਦੀ ਹੱਦ ਵਿਚ ਹਰਿਆਣਾ ਦੀ ਪੁਲਸ ਨੇ ਕਿਸਾਨਾਂ ਉੱਤੇ ਜਬਰ ਢਾਹਿਆ ਉਹਨਾਂ ਦੇ ਟਰੈਕਟਰ-ਟਰਾਲੀਆਂ ਅਤੇ ਹੋਰ ਵਾਹਨਾਂ ਦੀ ਭੰਨ ਤੋੜ ਕੀਤੀ ਪਰ ਪੰਜਾਬ ਸਰਕਾਰ ਨੇ ਸ਼ੁਭਕਰਨ ਦੇ ਕਤਲ ਦਾ ਮੁਕੱਦਮਾ ਦਰਜ ਕਰਕੇ ਅਸਲ ਦੋਸ਼ੀਆਂ ਨੂੰ ਬਚਾਉਣ ਅਤੇ ਪੰਜਾਬ ਦੇ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਪੰਜਾਬ ਸਰਕਾਰ ਦਾ ਇਹ ਕਦਮ ਸਾਨੂੰ ਮਨਜ਼ੂਰ ਨਹੀਂ ਹੈ। ਇਸ ਮੌਕੇ ਸੁਰਿੰਦਰ ਸਿੰਘ ਮਹਿਰਮਪੁਰ, ਪਰਮਜੀਤ ਸਿੰਘ ਸ਼ਹਾਬਪੁਰ,ਕਮਲਜੀਤ ਸਨਾਵਾ,ਬਲਦੇਵ ਸਿੰਘ ਉੜਾਪੜ, ਬਚਿੱਤਰ ਸਿੰਘ ਮਹਿਮੂਦਪੁਰ,ਜਰਨੈਲ ਸਿੰਘ ਕਾਹਮਾ,ਰਾਮਜੀ ਦਾਸ ਸਨਾਵਾ, ਗੁਰਦਿਆਲ ਰੱਕੜ,ਮਨਜੀਤ ਕੌਰ ਅਲਾਚੌਰ,ਹਰੀ ਲਾਲ,ਹਰੇ ਰਾਮ ਆਗੂ ਵੀ ਮੌਜੂਦ ਸਨ।

## ਜਨਮ ਦਿਨ ਮੁਬਾਰਕ



ਗੁਰਸਹਿਜ ਸਿੰਘ, ਟਾਂਡਾ

## ਵਰ੍ਹੇਗੰਢ ਮੁਬਾਰਕ



ਜਲਾਲਾਬਾਦ, ਪਿੰਡ ਫਲੀਆਂਵਾਲਾ ਵਾਸੀ ਸਤਨਾਮ ਸਿੰਘ ਕਰਨਾਵਲ ਤੇ ਵੀਰਪਾਲ ਕੌਰ ਨੇ ਵਿਆਹ ਦੀ ਵਰ੍ਹੇਗੰਢ ਮਨਾਈ

# ਭਾਜਪਾ ਦਾ ਹਰ ਵਰਕਰ ਪੂਰੀ ਦ੍ਰਿੜ੍ਹਤਾ ਨਾਲ ਕੰਮ ਕਰੇ : ਖੰਨਾ

**ਮਾਹਿਲਪੁਰ (ਸਫਰੀ)** -ਲੋਕ ਸਭਾ ਚੋਣਾਂ ਦੀ ਤਿਆਰੀਆਂ ਸਬੰਧੀ ਕਰਮ ਪੈਲੇਸ ਫਗਵਾੜਾ ਰੋਡ ਮਾਹਿਲਪੁਰ ਵਿਚ ਅਹੁਦੇਦਾਰਾਂ ਅਤੇ ਵਰਕਰਾਂ ਦਰਮਿਆਨ ਇੱਕ ਮੀਟਿੰਗ ਹੋਈ, ਜਿਸ ਦੀ ਪ੍ਰਧਾਨਗੀ ਭਾਜਪਾ ਬਿਸਤਾਰਕ ਚੇਤ ਰਾਮ ਵਰਮਾ ਗੜ੍ਹਸ਼ੰਕਰ ਨੇ ਕੀਤੀ ਅਤੇ ਮੁੱਖ ਮਹਿਮਾਨ ਵਜੋਂ ਸਾਬਕਾ ਸੰਸਦ ਮੈਂਬਰ ਅਵਿਨਾਸ਼ ਰਾਏ ਖੰਨਾ ਨੇ ਸ਼ਿਰਕਤ ਕੀਤੀ। ਖੰਨਾ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬੀ ਜੇ ਪੀ ਦੀ ਸੈਂਟਰ ਸਰਕਾਰ ਵਲੋਂ ਕੀਤੇ ਗਏ ਕੰਮਾਂ ਅਤੇ ਲਾਭਪਾਤਰਾਂ ਦੀਆਂ ਲਿਸਟਾਂ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸੰਦੇਸ਼ ਪੰਜਾਬ ਵਾਸੀਆਂ ਦੇ ਘਰ ਘਰ ਪਹੁੰਚਾਇਆ ਜਾਵੇ, ਜਿਸ ਵਿਚ ਕਿਹਾ ਗਿਆ ਹੈ ਕਿ ਕੇਂਦਰ ਸਰਕਾਰ ਪਹਿਲਾਂ ਵਾਂਗ ਤੁਹਾਡੇ ਨਾਲ ਹੈ ਅਤੇ ਹਰ ਨਾਗਰਿਕ ਨਾਲ ਦੁੱਖ ਸੁੱਖ ਵਿਚ ਸਹਾਈ ਹੋਵੇਗੀ। ਭਾਜਪਾ ਦਾ ਹਰ ਵਰਕਰ ਪੂਰੀ ਦ੍ਰਿੜ੍ਹਤਾ ਨਾਲ ਕੰਮ ਕਰੇ । ਇਸ ਮੌਕੇ ਤਿਲਕ ਰਾਜ ਚੌਹਾਨ ਜ਼ਿਲ੍ਹਾ ਪ੍ਰਧਾਨ ਭਾਜਪਾ, ਗੁਪਾਲਕ੍ਰਿਸ਼ਨ ਪਾਠਕ ਬਲਾਕ ਪ੍ਰਧਾਨ ਭਾਜਪਾ ਮਾਹਿਲਪੁਰ, ਅਮਰਜੀਤ ਸਿੰਘ ਭਿੰਦਾ ਉਪ ਜ਼ਿਲ੍ਹਾ ਪ੍ਰਧਾਨ, ਨਰੇਸ਼ ਕੁਮਾਰ ਲਵਲੀ ਭਾਜਪਾ ਆਗੂ, ਦਲੀਪ ਕੁਮਾਰ ਅਗਨੀਹੋਤਰੀ ਜਨਰਲ ਸਕੱਤਰ ਮਾਹਿਲਪੁਰ, ਬਲਵੀਰ ਮੰਡੇਰ ਉਪ ਪ੍ਰਧਾਨ ਮਾਹਿਲਪੁਰ, ਗਿਰਧਾਰੀ ਲਾਲ ਮੇਘੋਵਾਲ ਦੁਆਬਾ ਬਲਾਕ ਵਾਇਸ ਪ੍ਰਧਾਨ ਮਾਹਿਲਪੁਰ, ਲਾਲ ਚੰਦ ਕੈਸ਼ੀਅਰ ਬਲਾਕ ਮਾਹਿਲਪੁਰ , ਅਸ਼ੋਕ ਕੁਮਾਰ ਬਿੱਲਾ ਬਲਾਕ ਪ੍ਰਧਾਨ ਯੁਵਾ ਮੋਰਚਾ ਬਲਾਕ ਮਾਹਿਲਪੁਰ, ਗੁਰਦੀਪ



ਸਿੰਘ ਮਨੋਲੀਆਂ ਬਲਾਕ ਪ੍ਰਧਾਨ ਕਿਸਾਨ ਮੋਰਚਾ ਮਾਹਿਲਪੁਰ, ਅਸ਼ੋਕ ਬਾਲੀ ਸਬਕਾ ਮੰਡਲ ਪ੍ਰਧਾਨ ਮਾਹਿਲਪੁਰ, ਅਸ਼ੋਕ ਗਰੋਵਰ ਸਾਬਕਾ ਮੰਡਲ ਪ੍ਰਧਾਨ ਮਾਹਿਲਪੁਰ, ਰਣਜੀਤ ਸਿੰਘ ਸਹੋਤਾ ਵਾਇਸ ਪ੍ਰਧਾਨ ਮਾਹਿਲਪੁਰ, ਬਲਵਿੰਦਰ ਮਰਵਾਹਾ ਵਾਇਸ ਪ੍ਰਧਾਨ ਬਲਾਕ ਮਾਹਿਲਪੁਰ, ਰੇਸ਼ਮ ਸਿੰਘ ਸੈਕਟਰੀ ਬਲਾਕ ਮਾਹਿਲਪੁਰ, ਪੰਡਿਤ ਸੁਰੇਸ਼ ਕੁਮਾਰ ਭਾਜਪਾ ਆਗੂ, ਸਰਬਜੀਤ ਕੌਰ ਮਹਿਲਾ ਮੋਰਚਾ ਮਾਹਿਲਪੁਰ, ਸਤਪਾਲ ਕੌਰ ਵਾਇਸ ਪ੍ਰਧਾਨ ਮਾਹਿਲਪੁਰ, ਸਰੋਜ ਬਾਲਾ ਬਲਾਕ ਪ੍ਰਧਾਨ ਯੁਵਾ ਮੋਰਚਾ ਮਾਹਿਲਪੁਰ ਆਦਿ ਹਾਜਰ ਸਨ।

# ਵਿਦਿਆਰਥੀਆਂ ਨੂੰ ਘਰ ਘਰ ਜਾ ਕੇ ਪ੍ਰੇਰਿਤ ਕੀਤਾ

**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**-ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਪ੍ਰਿੰਸੀਪਲ ਨੀਲਮ ਦੀ ਅਗਵਾਈ ਹੇਠ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੁੰਡਾਲਾ ਲੜਕੇ ਜਲੰਧਰ ਵਿੱਚ ਦਾਖਲੇ ਲਈ ਮਨੋਜ ਕੁਮਾਰ ਸਰੋਏ, ਅੰਮ੍ਰਿਤਪਾਲ ਕੌਰ, ਰਾਜੇਸ਼ ਕੁਮਾਰ, ਅਜੇ ਕੁਮਾਰ, ਕੁਮਾਰੀ ਸੁਨੀਤਾ ਦੀ ਟੀਮ ਨੇ ਵਿਦਿਆਰਥੀਆਂ ਦੇ ਘਰ ਘਰ ਜਾ ਕੇ ਮਾਪਿਆਂ ਨੂੰ ਮਿਲ ਕੇ ਪ੍ਰੇਰਿਤ ਕੀਤਾ। ਇਸ ਸਮੇਂ ਮਨੋਜ ਕੁਮਾਰ ਸਰੋਏ ਨੇ ਸਰਕਾਰੀ ਸਕੀਮਾਂ ਬਾਰੇ ਵੀ ਜਾਣਕਾਰੀ ਦਿੱਤੀ। ਮਾਪਿਆਂ ਨੇ ਆਪਣੇ ਘਰਾਂ ਵਿੱਚ ਆਉਣ ਤੇ ਅਧਿਆਪਕਾਂ ਦਾ ਸਵਾਗਤ ਕੀਤਾ ਗਿਆ।





# ਐੱਲ ਪੀ ਯੂ ਨੇ ਯੂਨੀਵਰਸਿਟੀ ਗੇਮਸ 'ਚ ਟਰਾਫੀ ਜਿੱਤੀ




**ਜਲੰਧਰ ( ਸ਼ੈਲੀ ਐਲਬਰਟ)**:- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ ਪੀ ਯੂ ) ਨੇ ਹਾਲ ਹੀ ਵਿੱਚ ਆਸਾਮ ਵਿੱਚ ਹੋਈਆਂ ਖੇਲੋ ਇੰਡੀਆ ਯੂਨੀਵਰਸਿਟੀ ਖੇਡਾਂ -2023 ਵਿੱਚ ਓਵਰਆਲ ਫਸਟ ਰਨਰਅੱਪ ਟਰਾਫੀ ਜਿੱਤ ਲਈ ਹੈ। ਓਵਰਆਲ ਤੀਰਅੰਦਾਜ਼ੀ ਚੈਂਪੀਅਨਸ਼ਿਪ ਟਰਾਫੀ ਦੇ ਨਾਲ ਐਲ ਪੀ ਯੂ ਦੇ ਦਲ ਨੇ ਨੌਂ ਖੇਡ ਮੁਕਾਬਲਿਆਂ ਵਿੱਚੋਂ 20 ਗੋਲਡ, 14 ਸਿਲਵਰ ਅਤੇ 8 ਕਾਂਸੀ ਸਮੇਤ 42 ਮੈਡਲ ਜਿੱਤੇ ਹਨ। ।ਦੇਸ਼ ਦੀ ਇਹ 11-ਦਿਨਾ ਮਲਟੀਸਪੋਰਟ ਮੀਟਿੰਗ ਭਾਰਤ ਦੇ ਸੱਤ ਉੱਤਰ-ਪੂਰਬੀ ਰਾਜਾਂ ਵਿੱਚ 19 ਫਰਵਰੀ ਤੋਂ 29 ਫਰਵਰੀ ਤੱਕ ਇਸ ਦੇ 4ਵੇਂ ਸੰਸਕਰਣ ਵਿੱਚ ਆਯੋਜਿਤ ਕੀਤੀ ਗਈ ਸੀ। ਇਹ ਭਾਰਤ ਸਰਕਾਰ ਦੀ ਖੇਲੋ ਇੰਡੀਆ ਪਹਿਲਕਦਮੀ ਦੁਆਰਾ ਆਯੋਜਿਤ ਕੀਤੀ ਗਈ ਸੀ, ਜੋ ਖੇਡਾਂ ਨੂੰ ਉਤਸ਼ਾਹਿਤ ਕਰਦੀ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਖੇਡਾਂ ਨੂੰ ਸੰਬੋਧਿਤ ਕੀਤਾ ਸੀ, ਜਿਸ ਦਾ ਉਦਘਾਟਨ ਕੇਂਦਰੀ ਯੁਵਾ ਮਾਮਲੇ ਅਤੇ ਖੇਡ ਮੰਤਰੀ ਅਨੁਰਾਗ ਸਿੰਘ ਠਾਕੁਰ ਨੇ ਗੁਹਾਟੀ ਵਿੱਚ ਕੀਤਾ ਸੀ।ਸੰਸਦ ਮੈਂਬਰ (ਰਾਜ ਸਭਾ) ਅਤੇ ਐਲ ਪੀ ਯੂ ਦੇ ਸੰਸਥਾਪਕ ਚਾਂਸਲਰ ਡਾ. ਅਸ਼ੋਕ ਕੁਮਾਰ ਮਿੱਤਲ ਨੇ ਖੇਡਾਂ ਦੇ ਸਾਰੇ ਭਾਗੀਦਾਰਾਂ ਅਤੇ ਉਨ੍ਹਾਂ ਦੇ ਸਲਾਹਕਾਰਾਂ ਨੂੰ ਯੂਨੀਵਰਸਿਟੀ ਦਾ ਨਾਂ ਰੌਸ਼ਨ ਕਰਨ ਲਈ ਵਧਾਈ ਦਿੱਤੀ। ਐਲ ਪੀ ਯੂ ਦੇ ਖਿਡਾਰੀਆਂ ਨੇ ਤੀਰਅੰਦਾਜ਼ੀ ਵਿੱਚ 4 ਸੋਨੇ, 4 ਚਾਂਦੀ ਅਤੇ 1 ਕਾਂਸੀ ਸਮੇਤ ਨੌਂ ਤਗਮੇ ; ਜੂਡੋ ਵਿੱਚ ਅੱਠ 5 ਗੋਲਡ, 1 ਸਿਲਵਰ ਅਤੇ 2 ਕਾਂਸੀ; ਮੁੱਕੇਬਾਜ਼ੀ ਵਿੱਚ 2 ਗੋਲਡ, 1 ਸਿਲਵਰ ਅਤੇ 3 ਕਾਂਸੀ ਸਮੇਤ ਛੇ; ਕੁਸ਼ਤੀ ਵਿੱਚ 2 ਸੋਨੇ, 3 ਚਾਂਦੀ ਅਤੇ 1 ਕਾਂਸੀ ਸਮੇਤ ਛੇ ; ਅਥਲੈਟਿਕਸ ਵਿੱਚ 4 ਗੋਲਡ ਅਤੇ 1 ਸਿਲਵਰ ਸਮੇਤ ਪੰਜ; ਤਿੰਨ ਵੇਟਲਿਫਟਿੰਗ ਵਿੱਚ 1 ਗੋਲਡ, 1 ਸਿਲਵਰ ਅਤੇ 1 ਕਾਂਸੀ; ਸ਼ੂਟਿੰਗ ਵਿੱਚ ਦੋ ਗੋਲਡ; ਫੈਂਸਿੰਗ ਵਿੱਚ 2 ਚਾਂਦੀ; ਅਤੇ ਯੋਗਾਸਨ ਵਿੱਚ ਇੱਕ ਚਾਂਦੀ ਦੇ ਮੈਡਲ ਜਿੱਤੇ। ਐਲ ਪੀ ਯੂ ਦੇ ਤੀਰਅੰਦਾਜ਼ਾਂ ਨੇ ਰੀ-ਕਰਵ ਅਤੇ ਕੰਪਾਊਂਡ ਈਵੈਂਟਸ ਲਈ ਪੁਰਸ਼ ਅਤੇ ਮਹਿਲਾ ਦੋਵਾਂ ਵਰਗਾਂ ਵਿੱਚ ਮੁਕਾਬਲਿਆਂ ਲਈ 'ਓਵਰਆਲ ਤੀਰਅੰਦਾਜ਼ੀ ਚੈਂਪੀਅਨਸ਼ਿਪ ਟਰਾਫੀ ਜਿੱਤੀ। ਇਸ ਤੋਂ ਇਲਾਵਾ, ਐਲ ਪੀ ਯੂ ਦੇ ਖਿਡਾਰੀਆਂ ਨੇ ਵੇਟਲਿਫਟਿੰਗ ਵਿੱਚ ਦੂਜੀ ਰਨਰਅੱਪ ਟਰਾਫੀ ਜਿੱਤੀ ਅਤੇ ਕੁਸ਼ਤੀ ਅਤੇ ਅਥਲੈਟਿਕਸ ਦੋਵਾਂ ਵਿੱਚ ਉਪ ਜੇਤੂ ਰਹੇ ।

# ਰਿਆਤ ਬਾਹਰਾ ਇੰਟਰਨੈਸ਼ਨਲ ਸਕੂਲ 'ਚ ਡੈਂਟਲ ਹੈਲਥ ਚੈੱਕਅੱਪ ਕੈਂਪ




**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਰਿਆਤ ਬਾਹਰਾ ਇੰਟਰਨੈਸ਼ਨਲ ਸਕੂਲ ਵਿਖੇ ਦੰਦਾਂ ਦਾ ਸਿਹਤ ਜਾਂਚ ਕੈਂਪ ਲਗਾਇਆ ਗਿਆ। ਜਿਸ ਵਿਚ ਮਾਹਰ ਦੰਦਾਂ ਦੇ ਡਾਕਟਰ ਸੁਖਮੀਤ ਬੇਦੀ ਨੇ ਬੱਚਿਆਂ ਦੇ ਦੰਦਾਂ ਦੀ ਜਾਂਚ ਕੀਤੀ ਅਤੇ ਬੱਚਿਆਂ ਨੂੰ ਦੰਦਾਂ ਨਾਲ ਹੋਣ ਵਾਲੀਆਂ ਬਿਮਾਰੀਆਂ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਬੱਚਿਆਂ ਦੇ ਦੰਦਾਂ ਦੀ ਸਿਹਤ ਜ਼ਰੂਰੀ ਹੈ। ਜਿਵੇਂ ਕਿ ਦੰਦਾਂ ਦਾ ਸੜਨਾ (ਕੈਵਿਟੀ) ਬੱਚਿਆਂ ਵਿੱਚ ਦੰਦਾਂ ਦੇ ਸੜਨ ਕਾਰਨ ਦੰਦਾਂ ਵਿੱਚ ਛੇਕ ਹੋ ਸਕਦਾ ਹੈ, ਜਿਸ ਨੂੰ ਕੈਵਿਟੀ ਕਿਹਾ ਜਾਂਦਾ ਹੈ। ਬੱਚਿਆਂ ਨੂੰ ਆਪਣੇ ਦੰਦਾਂ ਨੂੰ ਚੰਗੀ ਤਰ੍ਹਾਂ ਸਾਫ ਕਰਨਾ ਚਾਹੀਦਾ ਹੈ। ਜੇਕਰ ਦੰਦਾਂ 'ਤੇ ਪਲੇਕ ਜਮ੍ਹਾ ਹੋ ਜਾਂਦੀ ਹੈ, ਤਾਂ ਇਹ ਕੈਵਿਟੀਜ਼ ਦਾ ਵੱਡਾ ਕਾਰਨ ਬਣ ਸਕਦੀ ਹੈ। ਬੱਚਿਆਂ ਨੂੰ ਮਿੱਠੀਆਂ ਚੀਜ਼ਾਂ ਖਾਣ ਤੋਂ ਬਚਣਾ ਚਾਹੀਦਾ। ਡਾ. ਸੁਖਮੀਤ ਨੇ ਕਿਹਾ ਕਿ ਭੋਜਨ ਵਿਚ ਚੀਨੀ ਦੀ ਮਾਤਰਾ ਘਟਾ ਕੇ ਅਤੇ ਦੰਦਾਂ ਦੀ ਚੰਗੀ ਤਰ੍ਹਾਂ ਸਫਾਈ ਕਰਕੇ ਦੰਦਾਂ ਦੇ ਸੜਨ ਤੋਂ ਬਚਿਆ ਜਾ ਸਕਦਾ ਹੈ। ਬੱਚਿਆਂ ਨੂੰ ਆਪਣੇ ਦੰਦਾਂ ਦੀ ਸਿਹਤ ਦੀ ਨਿਗਰਾਨੀ ਕਰਨ ਲਈ ਨਿਯਮਿਤ ਤੌਰ 'ਤੇ ਡਾਕਟਰ ਕੋਲ ਜਾਣਾ ਚਾਹੀਦਾ ਹੈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ. ਹਰਦੀਪ ਸਿੰਘ ਨੇ ਡਾ. ਸੁਖਮੀਤ ਬੇਦੀ ਦਾ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ।

# ਸੀ ਟੀ ਗਰੁੱਪ ਦੇ ਉਮੰਗ 2.0 ਤੇ ਉਡਾਨ ਸਪੈਸ਼ਲ ਸਕੂਲ ਦਾ ਸ਼ਾਨਦਾਰ ਪ੍ਰਦਰਸ਼ਨ

**ਜਲੰਧਰ ( ਸ਼ੈਲੀ ਐਲਬਰਟ)**- ਸੀ ਟੀ ਗਰੁੱਪ ਉਮੰਗ 2.0 ਦੀ ਮੇਜ਼ਬਾਨੀ ਕਰਕੇ ਸਮਾਜ ਦੇ ਵੱਖ-ਵੱਖ ਵਰਗਾਂ ਦਾ ਸਮਰਥਨ ਕਰਨ ਦੀ ਆਪਣੀ ਪੁਰਾਣੀ ਪਰੰਪਰਾ ਨੂੰ ਵਿਸ਼ੇਸ਼ ਤੌਰ ਤੇ ਅਪਾਹਜਾਂ ਲਈ ਉਡਾਨ ਸਪੈਸ਼ਲ ਸਕੂਲ ਦੀ ਸਾਲਾਨਾ ਖੇਡ ਮੀਟਿੰਗ ਰੱਖਦੇ ਹੋਏ ਜਾਰੀ ਰੱਖਦਾ ਹੈ। ਇਸ ਪਹਿਲਕਦਮੀ ਦਾ ਉਦੇਸ਼ ਵਿਸ਼ੇਸ਼ ਲੋੜਾਂ ਵਾਲੇ ਸਿਖਿਆਰਥੀਆਂ ਦੇ ਆਤਮਵਿਸ਼ਵਾਸ ਅਤੇ ਪ੍ਰੇਰਨਾ ਨੂੰ ਹੁਲਾਰਾ ਦੇਣਾ ਹੈ, ਉਨ੍ਹਾਂ ਨੂੰ ਉਨ੍ਹਾਂ ਦੀ ਪ੍ਰਤਿਭਾ ਨੂੰ ਪ੍ਰਦਰਸ਼ਿਤ ਕਰਨ ਅਤੇ ਦੋਸਤੀ ਦੀ ਭਾਵਨਾ ਨੂੰ ਵਧਾਉਣ ਲਈ ਇੱਕ ਪਲੇਟਫਾਰਮ ਪ੍ਰਦਾਨ ਕਰਨਾ ਹੈ।ਉਡਾਨ ਸਪੈਸ਼ਲ ਸਕੂਲ ਦੀ ਸੰਸਥਾਪਕ, ਤਜਰਬੇਕਾਰ ਮਨੋਵਿਗਿਆਨੀ ਅਤੇ ਸਲਾਹਕਾਰ ਮੀਨੂ ਸ਼ਾਹੀ ਦੇ ਮਾਰਗਦਰਸ਼ਨ ਵਿੱਚ ਸਿਖਿਆਰਥੀਆਂ ਨੂੰ ਉਨ੍ਹਾਂ ਦੀਆਂ ਵਿਲੱਖਣ ਲੋੜਾਂ ਨੂੰ ਪੂਰਾ ਕਰਨ ਲਈ ਤਿਆਰ ਕੀਤੇ ਗਏ ਸਾਵਧਾਨੀ ਨਾਲ ਤਿਆਰ ਕੀਤੇ ਪਾਠਕ੍ਰਮ ਦੁਆਰਾ ਪਾਲਣ ਪੋਸ਼ਣ ਕੀਤਾ ਜਾਂਦਾ ਹੈ । ਉਮੰਗ 2.0 ਵਿੱਚ ਕਈ ਤਰ੍ਹਾਂ ਦੀਆਂ ਖੇਡਾਂ ਦੀਆਂ ਗਤੀਵਿਧੀਆਂ ਨੂੰ ਪ੍ਰਦਰਸ਼ਿਤ ਕੀਤਾ ਗਿਆ , ਜਿਸ ਵਿੱਚ ਰਿਲੇਅ ਦੌੜ, ਲੌਂਗ ਜੰਪ, ਬੈਕ ਥਰੋਅ ਅਤੇ ਸਾਫਟਬਾਲ ਥਰੋਅ ਸ਼ਾਮਲ ਹਨ, ਜਿਸ ਦਾ ਉਦੇਸ਼ ਵਿਦਿਆਰਥੀਆਂ ਵਿੱਚ ਤਾਲਮੇਲ ਅਤੇ ਟੀਮ ਵਰਕ ਨੂੰ ਵਧਾਉਣਾ ਹੈ। ਇਸ ਈਵੈਂਟ ਵਿੱਚ ਪ੍ਰਤੀਯੋਗੀਆਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ, ਜਿਸ ਵਿੱਚ 50 ਮੀਟਰ, 100 ਮੀਟਰ ਅਤੇ ਰਿਲੇਅ ਰੇਸ



ਵਿੱਚ ਹਰਸ਼ ਲੂਨਾ, 50 ਮੀਟਰ ਅਤੇ ਰਿਲੇਅ ਰੇਸ ਵਿੱਚ ਹਰਮਨਦੀਪ ਕੌਰ, 50 ਮੀਟਰ, 100 ਮੀਟਰ ਰੇਸ ਅਤੇ ਰਿਲੇ ਵਿੱਚ ਹਰਮੀਤ ਸਿੰਘ ਅਤੇ ਸਾਫਟਬਾਲ ਵਿੱਚ ਸ਼ਾਹੀਨ ਸਮੇਤ 25 ਮੀਟਰ ਦੌੜ ਵਿੱਚ ਜਸਮੀਤ, ਲੌਂਗ ਜੰਪ ਵਿੱਚ ਸਾਹਿਬਜੋਤ ਅਤੇ ਹੋਰ ਨਾਮਵਰ ਜੇਤੂ ਸਨ। ਇਸ ਮੌਕੇ ਨੈਸ਼ਨਲ ਐਸੋਸੀਏਸ਼ਨ ਆਫ਼ ਰੀਪ੍ਰੋਡਕਟਿਵ ਚਾਈਲਡ ਹੈਲਥ ਆਫ਼ ਇੰਡੀਆ (ਨਾਰਚੀ) ਦੀ ਪ੍ਰਧਾਨ ਡਾ. ਸੁਸ਼ਮਾ ਚਾਵਲਾ, ਮਾਡਲ ਟਾਊਨ ਜਲੰਧਰ ਦੇ ਕੌਂਸਲਰ ਅਰੁਨ ਅਰੋੜਾ, ਇਨਰ ਵ੍ਹੀਲ ਜਲੰਧਰ ਦੇ ਮੈਂਬਰ ਨੀਲਮ ਗੁਪਤਾ, ਸ਼ਸ਼ੀ ਗੁਪਤਾ ਸਮੇਤ ਆਏ ਹੋਏ ਉਡਾਨ ਸਪੈਸ਼ਲ ਸਕੂਲ ਦੇ ਵੱਖ-ਵੱਖ ਵਲੰਟੀਅਰ, ਅਧਿਆਪਕ ਅਤੇ ਸਲਾਹਕਾਰ ਸਮੇਤ ਆਏ ਹੋਏ ਮਹਿਮਾਨਾਂ ਨੇ ਸ਼ਿਰਕਤ ਕੀਤੀ। ਸੀਟੀ ਗਰੁੱਪ ਦੇ ਵਾਈਸ ਚੇਅਰਮੈਨ ਹਰਪ੍ਰੀਤ ਸਿੰਘ ਨੇ ਵੀ ਇਸ ਸਮਾਗਮ ਵਿੱਚ ਹਾਜ਼ਰੀ ਲਗਵਾ ਕੇ ਸਨਮਾਨਤ ਕੀਤਾ । ਮੀਨੂ ਸ਼ਾਹੀ, ਉਡਾਨ ਸਪੈਸ਼ਲ ਸਕੂਲ ਦੇ ਸੰਸਥਾਪਕ ਨੇ ਧੰਨਵਾਦ ਪ੍ਰਗਟ ਕਰਦੇ ਹੋਏ ਕਿਹਾ, ਉਮੰਗ 2.0 ਸਿਰਫ ਇੱਕ ਸਪੋਰਟਸ ਮੀਟ ਨਹੀਂ ਹੈ; ਇਹ ਯੋਗਤਾ ਅਤੇ ਦ੍ਰਿੜ੍ਹਤਾ ਦਾ ਜਸ਼ਨ ਹੈ। ਇਸ ਈਵੈਂਟ ਦੇ ਜ਼ਰੀਏ ਸਾਡਾ ਉਦੇਸ਼ ਸਾਡੇ ਵਿਦਿਆਰਥੀਆਂ ਨੂੰ ਸ਼ਕਤੀ ਪ੍ਰਦਾਨ ਕਰਨਾ ਅਤੇ ਪ੍ਰਦਰਸ਼ਨ ਕਰਨਾ ਹੈ । ਉਮੰਗ 2.0 ਵਿਸ਼ੇਸ਼ ਤੌਰ 'ਤੇ ਯੋਗ ਸਿਖਿਆਰਥੀਆਂ ਵਿੱਚ ਏਕਤਾ, ਟੀਮ ਵਰਕ ਅਤੇ ਲਚਕੀਲੇਪਨ ਨੂੰ ਉਤਸ਼ਾਹਿਤ ਕਰਨ ਵਿੱਚ ਖੇਡਾਂ ਦੀ ਸ਼ਕਤੀ ਦੇ ਪ੍ਰਮਾਣ ਵਜੋਂ ਖੜ੍ਹਾ ਹੈ।

# ਪੰਜਾਬ ਪ੍ਰੈੱਸ ਕਲੱਬ 'ਚ ਦੋ ਰੋਜ਼ਾ ਫੋਟੋ ਤੇ ਕਲਾ ਪ੍ਰਦਰਸ਼ਨੀ



**ਜਲੰਧਰ, (ਰਾਜੇਸ਼ ਥਾਪਾ, ਸ਼ੈਲੀ ਐਲਬਰਟ)** - ਪੰਜਾਬ ਪ੍ਰੈੱਸ ਕਲੱਬ ਜਲੰਧਰ ਦੇ ਸਹਿਯੋਗ ਨਾਲ ਕਲਾ ਤੇ ਕਲਾਕਾਰ ਮੰਚ ਵਲੋਂ ਲਗਾਈ ਗਈ ਦੋ ਰੋਜ਼ਾ ਫੋਟੋ ਤੇ ਕਲਾ ਪ੍ਰਦਰਸ਼ਨੀ ਦੇ ਦੂਜੇ ਦਿਨ ਵੀ ਲੋਕਾਂ ਵਿਚ ਬਹੁਤ ਉਤਸ਼ਾਹ ਦੇਖਣ ਨੂੰ ਮਿਲਿਆ। ਇਸ ਪ੍ਰਦਰਸ਼ਨੀ ਵਿਚ ਜ਼ਿੰਦਗੀ ਦੇ ਅਨੇਕ ਰੰਗਾਂ ਦਾ ਖ਼ੂਬਸੂਰਤ ਗੁਲਦਸਤਾ ਆਪਣੀਆਂ ਕਲਾ-ਕ੍ਰਿਤਾਂ ਰਾਹੀਂ ਪੇਸ਼ ਕੀਤਾ ਗਿਆ। ਇਸ ਪ੍ਰਦਰਸ਼ਨੀ ਵਿਚ ਰਣਜੋਧ ਸਿੰਘ ਲੁਧਿਆਣਾ ਤੇ ਰਵੀ ਰਵਿੰਦਰ ਲੁਧਿਆਣਾ ਦੀਆਂ ਤਸਵੀਰਾਂ ਅਤੇ ਅੱਖਰਕਾਰ ਕੰਵਰਦੀਪ ਸਿੰਘ ਕਪੂਰਥਲਾ ਦੀ ਹੱਥ ਲਿਖਤ ਬਹੁਤ ਪਸੰਦ ਕੀਤੀ ਗਈ। ਇੰਦਰਜੀਤ ਸਿੰਘ ਜਲੰਧਰ ਵਲੋਂ ਵੱਖ-ਵੱਖ ਸ਼ਾਇਰਾਂ ਦੀਆਂ ਕਵਿਤਾਵਾਂ ਦੇ ਆਧਾਰ 'ਤੇ ਕੀਤੀ ਗਈ ਚਿੱਤਰਕਾਰੀ ਅਤੇ ਆਰਟਿਸਟ ਵਰੁਣ ਟੰਡਨ ਦੀ ਘਾਹ ਨਾਲ ਪਾਸ਼ ਦੀ ਬਣਾਈ ਤਸਵੀਰ ਬੜੀ ਚਰਚਾ ਦਾ ਕੇਂਦਰ ਬਣੀ। ਕਲਾ ਤੇ ਕਲਾਕਾਰ ਮੰਚ ਦਾ ਇਹ ਪਹਿਲਾ ਉਪਰਾਲਾ ਸੀ, ਜਿਸ ਨੂੰ ਲੋਕਾਂ ਵਲੋਂ ਬਹੁਤ ਸਰਾਹਿਆ ਗਿਆ। ਇਸ ਪ੍ਰਦਰਸ਼ਨੀ ਦੀ ਪੰਜਾਬ ਪ੍ਰੈੱਸ ਕਲੱਬ ਜਲੰਧਰ ਦੇ ਪ੍ਰਧਾਨ ਸਤਨਾਮ ਸਿੰਘ ਮਾਣਕ ਨੇ ਬੇਹੱਦ ਪ੍ਰਸ਼ੰਸਾ ਕੀਤੀ ਅਤੇ ਦਰਸ਼ਕਾਂ ਨੇ ਵੀ ਬੜੇ ਉਤਸ਼ਾਹ ਨਾਲ ਕਲਾਕਾਰਾਂ ਦੇ ਕੰਮ ਨੂੰ ਸਲਾਹਿਆ। ਇਸ ਪ੍ਰਦਰਸ਼ਨੀ ਵਿਚ ਦੂਜੇ ਦਿਨ ਸੋਮਿਲ ਰਤਨ, ਰਜਿੰਦਰ ਸਿੰਘ ਸ਼ੰਟੂ, ਅਮਰਜੀਤ ਸਿੰਘ, ਬੂਟਾ ਸਿੰਘ, ਜੰਗ ਬਹਾਦਰ ਸਿੰਘ, ਰਮਨਪ੍ਰੀਤ, ਨਵਜੋਤ ਢਿੱਲੋਂ (ਬ੍ਰਿਟਿਸ਼ ਕੋਲੰਬੀਆ), ਚਿੱਤਰਕਾਰ ਗੁਰਦੀਸ਼ ਪੰਨੂੰ, ਹਰਜਿੰਦਰ ਸਿੰਘ, ਨਰਿੰਦਰ ਚੀਮਾ, ਬੀਰ ਚੰਦ, ਸੁਰਜੀਤ ਸਿੰਘ, ਬੇਅੰਤ ਸਿੰਘ ਸਰਹੱਦੀ, ਚੰਨੀ ਤੁਕੁਲੀਆ ਆਦਿ ਨੇ ਸ਼ਿਰਕਤ ਕੀਤੀ। ਪੰਜਾਬ ਪ੍ਰੈੱਸ ਕਲੱਬ ਜਲੰਧਰ ਦੇ ਪ੍ਰਧਾਨ ਸਤਨਾਮ ਸਿੰਘ ਮਾਣਕ ਅਤੇ ਸੀਨੀਅਰ ਮੀਤ ਪ੍ਰਧਾਨ ਰਾਜੇਸ਼ ਥਾਪਾ ਨੇ ਸਾਰੇ ਕਲਾਕਾਰਾਂ ਦਾ ਸਨਮਾਨ ਕੀਤਾ।

# ਮੇਹਰਚੰਦ ਪੌਲੀਟੈਕਨਿਕ ਕਾਲਜ ਵਿਖੇ ਕੈਰੀਅਰ ਗਾਈਡੈਂਸ ਤੇ ਸੈਮੀਨਾਰ



**ਜਲੰਧਰ ( ਸ਼ੈਲੀ ਐਲਬਰਟ)**:- ਪ੍ਰਿੰਸੀਪਲ ਡਾ. ਜਗਰੂਪ ਸਿੰਘ ਦੀ ਰਹਿਨੁਮਾਈ ਹੇਠ ਮੁਖੀ ਵਿਭਾਗ ਕਸ਼ਮੀਰ ਕੁਮਾਰ ਦੀ ਯੋਗ ਅਗਵਾਈ ਵਿੱਚ ਮੇਹਰਚੰਦ ਬਹੁਤਕਨੀਕੀ ਕਾਲਜ ਦੇ ਇਲੈਕਟ੍ਰੀਕਲ ਵਿਭਾਗ ਵਲੋਂ ਅਲੂਮਨੀ ਪਰਦੀਪ ਰਾਏ (ਚੀਫ਼ ਇੰਜ.) ਦੀ ਮਦਦ ਨਾਲ ਅੱਜ ਕੈਰੀਅਰ ਗਾਈਡੈਂਸ ਤੇ ਸੈਮੀਨਾਰ ਕਰਵਾਇਆ ਗਿਆ। ਪਰਦੀਪ ਰਾਏ ਜੋ ਕਾਲਜ ਦੇ 2010-2013 ਦੇ ਵਿਦਿਆਰਥੀ ਰਹੇ ਹਨ ਉਨ੍ਹਾਂ ਵਿਦਿਆਰਥੀਆਂ ਨੂੰ ਉਦਯੋਗਪਤੀ ਬਣਨ ਲਈ ਪ੍ਰੇਰਿਆ ਅਤੇ ਉਨ੍ਹਾਂ ਨੂੰ ਉਚ ਸਿੱਖਿਆ ਵਿਚ ਜਾਣ ਦੀ ਵੀ ਨੇਕ ਸਲਾਹ ਦਿੱਤੀ । ਇਸ ਮੌਕੇ ਇਲੈਕਟ੍ਰੀਕਲ ਵਿਭਾਗ ਦਾ ਸਾਰਾ ਸਟਾਫ ਮੌਜੂਦ ਸੀ।ਅਜਿਹੇ ਸੈਮੀਨਾਰਾਂ ਰਾਹਾਂ ਵਿਦਿਆਰਥੀਆਂ ਨੂੰ ਨਵੀਂ ਸੇਧ ਮਿਲਦੀ ਹੈ।

# ਐੱਮ ਐੱਸ ਪੀ ਨਹੀਂ ਦੇਣੀ ਤਾਂ ਕਿਸਾਨਾਂ ਨੂੰ ਖੁਦ ਵਪਾਰ ਕਰਨ ਦਾ ਅਧਿਕਾਰ ਦੇਵੇ ਕੇਂਦਰ ਸਰਕਾਰ : ਕੁਸ਼ਲਪਾਲ ਮਾਨ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਆਪਣੇ ਸਹਿਯੋਗੀ ਪਾਰਟੀਆਂ ਨਾਲ ਮਿਲ ਕੇ ਪੰਜਾਬ ਦੀਆਂ 13 ਲੋਕ ਸਭਾ ਸੀਟਾਂ 'ਤੇ ਆਪਣੇ ਉਮੀਦਵਾਰ ਖੜ੍ਹੇ ਕਰੇਗਾ ਅਤੇ ਜਿੱਤ ਪ੍ਰਾਪਤ ਕਰੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਬੰਗਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੁਸ਼ਲਪਾਲ ਸਿੰਘ ਮਾਨ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ(ਅ) ਨੇ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਕਿਸਾਨਾਂ ਦੇ ਸੰਘਰਸ਼ ਦਾ ਡਟ ਕੇ ਸਮਰਥਨ ਕਰਦੀ ਹੈ। ਉਨ੍ਹਾਂ ਕਿਹਾ ਕਿ ਕਿਸਾਨੀ ਸੰਘਰਸ਼ ਵਿੱਚ ਉਨ੍ਹਾਂ ਦੀ ਪਾਰਟੀ ਦੇ ਵਰਕਰ ਸ਼ੰਭੂ ਅਤੇ ਖਨੌਰੀ ਬਾਰਡਰ 'ਤੇ ਡਟ ਕੇ ਸਮਰਥਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕਿਸਾਨ ਖੇਤੀ ਲਈ ਬੀਜ, ਖਾਦਾਂ ਅਤੇ ਦਵਾਈਆਂ ਆਦਿ ਪ੍ਰਚੂਨ ਵਿੱਚ ਖਰੀਦ ਕਰਦਾ ਹੈ। ਪਰ ਆਪਣੀ ਫਸਲ ਥੋਕ ਵਿੱਚ ਵੇਚਣ ਲਈ ਮਜਬੂਰ ਹੁੰਦਾ ਹੈ। ਕਿਸਾਨ ਦੇ ਫਸਲ ਦਾ ਭਾਅ ਅਤੇ ਖਰੀਦ ਇੰਜੰਸੀ ਨੂੰ ਤੀਸਰਾ ਵਿਅਕਤੀ ਤੈਅ ਕਰਦਾ ਹੈ। ਉਨ੍ਹਾਂ ਕਿਹਾ ਕਿ ਅਗਰ ਕੇਂਦਰ ਸਰਕਾਰ ਫਸਲ ਤੇ ਐਮ ਐਸ ਪੀ ਨਹੀਂ ਦੇਣਾ ਚਾਹੁੰਦੀ ਤਾਂ ਸਰਕਾਰ ਨਾਲ ਲੱਗਦੇ ਸਾਰੇ ਬਾਰਡਰਾਂ ਨੂੰ ਖੋਲ੍ਹ ਦੇਵੇ ਅਤੇ ਕਿਸਾਨ ਨੂੰ ਖੁਦ ਆਪਣੀ ਫਸਲ ਵੇਚਣ ਦਾ ਅਧਿਕਾਰ ਦੇਵੇ। ਕੇਂਦਰ ਵਿਚ ਸਮੇਂ ਸਮੇਂ 'ਤੇ ਰਾਜ ਕਰਦੀਆਂ ਸਰਕਾਰਾਂ ਨੇ ਪੰਜਾਬ ਦੇ ਹੱਕਾਂ 'ਤੇ ਡਾਕਾ ਮਾਰਿਆ। ਉਨ੍ਹਾਂ ਕਿਹਾ ਕਿ ਸਾਡੇ ਪਾਣੀ, ਚੰਡੀਗੜ੍ਹ ਰਾਜਧਾਨੀ , ਪੰਜਾਬੀ ਬੋਲਦੇ ਇਲਾਕੇ ਖੋਹ ਲਏ ਗਏ। ਇਸੇ ਤਰ੍ਹਾਂ ਪੰਜਾਬ ਦੀ ਜਵਾਨੀ ਅਤੇ ਕਿਰਸਾਨੀ ਨੂੰ ਤਬਾਹ ਕਰ ਕੇ ਰੱਖ ਦਿੱਤਾ। ਉਨ੍ਹਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਸਾਨੂੰ ਅਮਰ ਸ਼ਹੀਦ ਬਾਬਾ ਦੀਪ ਸਿੰਘ ਵਾਂਗ ਵੱਖਰੀ ਲਕੀਰ ਖਿੱਚਣੀ ਪਵੇਗੀ। ਜੇਕਰ ਅਸੀਂ ਦਿਲੀ ਤੋਂ ਚਲਦੇ ਆਦੇਸ਼ਾਂ ਵਾਲੀਆਂ ਪਾਰਟੀਆਂ ਨਾਲ ਜੁੜੇ ਰਹੇ ਤਾਂ ਸਾਡੀ ਪੰਜਾਬ, ਪੰਜਾਬੀ ਅਤੇ ਪੰਜਾਬੀਅਤ 'ਤੇ ਇਸੇ ਤਰ੍ਹਾਂ ਡਾਕਾ ਪੈਂਦਾ ਰਹੇਗਾ। ਉਨ੍ਹਾਂ ਪੰਜਾਬ ਸਰਕਾਰ ਨੂੰ ਲੰਮੇ ਹੱਥੀਂ ਲੈਂਦਿਆਂ ਕਿਹਾ ਕਿ ਬਦਲਾਵ ਵਾਲੀ ਇਹ ਸਰਕਾਰ ਹਰ ਫਰੰਟ 'ਤੇ ਫੇਲ੍ਹ ਸਾਬਿਤ ਹੋਈ ਹੈ ਉਲਟਾ ਬਦਲੇ ਵਾਲੀ ਨੀਤੀ 'ਤੇ ਕੰਮ ਕਰ ਰਹੀ ਹੈ। ਪੰਜਾਬ ਵਿਚ ਲਾਅ ਐਂਡ ਆਡਰ ਦੀ ਸਥਿਤੀ ਨਾਜ਼ੁਕ ਹੈ। ਨਸ਼ਾ, ਬੇਰੁਜ਼ਗਾਰੀ ਅਤੇ ਭਰਿਸ਼ਟਾਚਾਰ ਚਰਮ ਸੀਮਾ 'ਤੇ ਹੈ। ਪੰਜਾਬ ਅੰਦਰ ਕੋਈ ਵੀ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰ ਰਿਹਾ। ਇਸ ਮੌਕੇ ਉਨ੍ਹਾਂ ਨਾਲ ਪਵਨਪ੍ਰੀਤ ਸਿੰਘ ਪੰਮਾ ਦਫਤਰ ਸਕੱਤਰ ਲੋਕ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ, ਇਸਤਰੀ ਵਿੰਗ ਬੀਬੀ ਹਰਜਿੰਦਰ ਕੌਰ ਸਰਕਲ ਪ੍ਰਧਾਨ ਬੀਬੀ ਕੁਲਵਿੰਦਰ ਕੌਰ ਬੀਬੀ ਕਮਲਪ੍ਰੀਤ ਕੌਰ, ਬੀਬੀ ਪਰਮਿੰਦਰ ਕੌਰ ਗੁਣਾਚੌਰ, ਬਾਬਾ ਜਸਬੀਰ ਸਿੰਘ ਸਰਪ੍ਰਸਤ ਜਿਲ੍ਹਾ ਨਵਾਂਸ਼ਹਿਰ, ਪਰਮਜੀਤ ਸਿੰਘ ਬਜੀਦਪੁਰ, ਮਨਜੀਤ ਸਿੰਘ ਬਜੀਦਪੁਰ, ਬੀ ਐਸ ਕਰੀਹਾ, ਗੁਰਜਿੰਦਰ ਸਿੰਘ, ਗੁਰਿੰਦਰ ਸਿੰਘ ਮੁਗਲਮਾਜਰੀ, ਗੁਰਪ੍ਰੀਤ ਸਿੰਘ ਆਦਿ ਵੀ ਹਾਜਰ ਸਨ।



# ਖੇਡਾਂ ਨਾਲ ਹੁੰਦਾ ਹੈ ਬੱਚਿਆਂ ਦਾ ਮਾਨਸਿਕ ਤੇ ਸਰੀਰਕ ਵਿਕਾਸ : ਬਰਸਟ

**ਐਸ. ਏ. ਐਸ. ਨਗਰ ( ਗੁਰਜੀਤ ਬਿੱਲਾ )** - ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਆਯੋਜਿਤ 57ਵੀਂ ਸਾਲਾਨਾ ਐਥਲੈਟਿਕ ਮੀਟ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਬਰਸਟ ਨੇ ਸਾਰਿਆਂ ਨੂੰ ਐਥਲੈਟਿਕ ਮੀਟ ਨੂੰ ਆਯੋਜਿਤ ਕਰਨ ਤੇ ਵਧਾਈ ਦਿੰਦਿਆਂ ਕਿਹਾ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦਾ ਪੂਰੇ ਦੇਸ਼ ਵਿੱਚ ਇੱਕ ਵਿਸ਼ੇਸ਼ ਸਥਾਨ ਹੈ। ਕਿਸੇ ਵੀ ਸੂਬੇ ਦੀ ਖੁਸ਼ਹਾਲੀ ਅਤੇ ਉਸ ਦੀ ਆਰਥਿਕਤਾ ਨੂੰ ਅੱਗੇ ਵਧਾਉਣ ਵਿੱਚ ਖੇਤੀਬਾੜੀ ਦਾ ਅਹਿਮ ਯੋਗਦਾਨ ਹੁੰਦਾ ਹੈ। ਪੰਜਾਬ ਦੀ ਧਰਤੀ ਤੇ ਵੱਖ-ਵੱਖ ਮੌਸਮਾਂ ਦਾ ਪ੍ਰਭਾਵ ਪੈਂਦਾ ਹੈ, ਜਿਸ ਕਰਕੇ ਖੇਤੀਬਾੜੀ ਵਿਸ਼ੇ ਤੇ ਕਈ ਤਰ੍ਹਾਂ ਦੀ ਰਿਸਰਚ ਕਰਨ ਦੀ ਲੋੜ ਹੈ ਅਤੇ ਇਸ ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਆਪਣਾ ਪੂਰਾ ਯੋਗਦਾਨ ਦੇ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਨੌਜਵਾਨ ਪੰਜਾਬ ਅਤੇ ਦੇਸ ਦਾ ਭਵਿੱਖ ਹਨ ਅਤੇ ਉਨ੍ਹਾਂ ਦੀ ਊਰਜਾ ਨੂੰ ਸਹੀ ਦਿਸ਼ਾ ਵਿੱਚ ਲਗਾਉਣਾ ਬਹੁਤ ਜਰੂਰੀ ਹੈ। ਇਸ ਲਈ ਖੇਡਾਂ ਤੋਂ ਵਧੀਆ ਹੋਰ ਕੋਈ ਰਾਹ ਨਹੀਂ ਹੈ। ਖੇਡਾਂ ਬੱਚਿਆਂ ਵਿੱਚ ਅਨੁਸ਼ਾਸਨ ਪੈਦਾ ਕਰਦੀਆਂ ਹਨ, ਜਿਸ ਨਾਲ ਉਹ ਆਪਣੇ ਮਿੱਥੇ ਟੀਚਿਆਂ ਨੂੰ ਪੂਰਾ ਕਰ ਸਕਦੇ ਹਨ। ਇਸ ਲਈ ਸਾਰਿਆਂ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਭਾਗ ਲੈਂਦੇ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇੱਕ ਚੰਗੇ ਸਮਾਜ ਦਾ ਨਿਰਮਾਣ ਤੰਦਰੁਸਤ ਮਨੁੱਖ ਵੱਲੋਂ ਹੀ ਕੀਤਾ ਜਾ ਸਕਦਾ ਹੈ ਅਤੇ ਸਰੀਰ ਅਤੇ ਮਨ ਨੂੰ ਤੰਦਰੁਸਤ ਰੱਖਣ ਦੇ ਲਈ ਸਾਰੀਆਂ ਨੂੰ ਖੇਡਾਂ ਵਿੱਚ ਭਾਗ ਲੈਣਾ ਚਾਹੀਦਾ ਹੈ। ਚੇਅਰਮੈਨ ਨੇ ਪੰਜਾਬ ਅਤੇ ਨੌਜਵਾਨਾਂ ਦੇ ਵਿਕਾਸ ਦੀ ਗੱਲ ਕਰਦਿਆਂ ਕਿਹਾ ਕਿ ਸੂਬੇ ਅਤੇ ਮਨੁੱਖਤਾਂ ਦਾ ਵਿਕਾਸ ਆਪਣੀ ਮਾਂ ਬੋਲੀ ਨੂੰ ਅਪਣਾਉਣ 'ਤੇ ਹੀ ਹੋ ਸਕਦਾ ਹੈ। ਕਿਉਂਕਿ ਹਰ ਮਨੁੱਖ ਆਪਣੇ ਵਿਚਾਰਾਂ ਨੂੰ ਆਪਣੀ ਮਾਂ ਬੋਲੀ ਭਾਸ਼ਾ ਵਿੱਚ ਬੜੀ ਸਹਿਜਤਾ ਨਾਲ ਰੱਖ ਸਕਦਾ ਹੈ ਅਤੇ ਪੰਜਾਬੀ ਭਾਸ਼ਾ ਤਾਂ ਪੂਰੀ ਦੁਨੀਆ ਵਿੱਚ ਆਪਣੀ ਇੱਕ ਵਿਲਖਣ ਜਗ੍ਹਾ ਰੱਖਦੀ ਹੈ। ਪੰਜਾਬੀ ਭਾਸ਼ਾ ਨੇ ਮਨੁੱਖਤਾਂ ਨੂੰ ਸਰਬ ਸਾਂਝੀ ਵਾਲਤਾ ਦਾ ਸੁਨੇਹਾ ਦਿੱਤਾ ਹੈ।

ਇਸ ਲਈ ਸਾਰਿਆਂ ਨੂੰ ਪੰਜਾਬੀ ਭਾਸ਼ਾ ਵਿੱਚ ਗੱਲ ਕਰਦਿਆਂ ਹੋਇਆ ਇਸਦਾ ਪ੍ਰਚਾਰ ਕਰਨਾ ਚਾਹੀਦਾ ਹੈ। ਹਰਚੰਦ ਸਿੰਘ ਬਰਸਟ ਵੱਲੋਂ ਜੇਤੂ ਖਿਡਾਰੀਆਂ ਨੂੰ ਮੈਡਲ ਪਹਿਨਾ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਜੀਵ ਅਰੋੜਾ ਐਮ.ਪੀ., ਡਾ. ਸਤਬੀਰ ਸਿੰਘ ਗੋਸਲ, ਉਪ ਕੁਲਪਤੀ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਡਾ. ਰਿਸ਼ੀ ਪਾਲ ਸਿੰਘ, ਰਜਿਸਟਰਾਰ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਹਰਪ੍ਰੀਤ ਸੰਧੂ, ਲੇਖਕ ਅਤੇ ਸਾਬਕਾ ਐਡੀਸ਼ਨਲ ਐਡਵੋਕੇਟ ਜਨਰਲ ਪੰਜਾਬ, ਨਿਰਮਲ ਸਿੰਘ ਜੌੜਾ, ਨਿਰਦੇਸ਼ਕ ਵਿਦਿਆਰਥੀ ਭਲਾਈ ਸਮੇਤ ਯੂਨੀਵਰਸਿਟੀ ਦੇ ਸਟਾਫ ਮੈਂਬਰ ਅਤੇ ਵਿਦਿਆਰਥੀ ਮੌਜੂਦ ਰਹੇ।